
NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


Data everywhere.
No surprise charges
anywhere.
NEW
NATION-WIDE. NO ZONES.
TALK, TEXT & DATA PLANS
$35/MO.
chatr
AUTHORIZED DEALER
379 Main St. North, Brampton, ON
905-451-0379
2456 Lake shore Blvd W., Etobicoke, ON
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

AMAN TRAVEL
SPECIAL FARES TO DELHI & AMRITSAR | LAST MINUTE DEALS AVAILABLE
ਅਮਨ ਟਰੈਵਲ
Gaurav Gupta
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at:
218 Kingknoll Dr.,
Brampton,
ON L6Y 4X4

## ਅੱਜ ਨਾਮਾ

ਦਿਵਸ ਲੋਹੜੀ ਦਾ, ਬੱਦਲ ਸਨ ਆਣ ਗੱਜੇ,
ਪਾਇਆ ਲੋਹੜੀ ਦੇ ਰੰਗਾਂ ਵਿੱਚ ਭੰਗ ਬੇਲੀ।
ਮਟਰ ਵਰਗੀ ਇਹ ਫਸਲ ਨੂੰ ਠੀਕ ਤਾਂ ਨਹੀਂ,
ਕਹਿੰਦੇ ਕਣਕ ਲਈ ਸੋਹਣਾ ਇਹ ਰੰਗ ਬੇਲੀ।
ਚਿਕੜੀ ਜਿਹੀ ਆ ਫੈਲ ਗਈ ਸੜਕ ਉੱਤੇ,
ਇਸ ਤੋਂ ਆਏ ਡਰਾਈਵਰ ਆ ਤੰਗ ਬੇਲੀ।
ਦਿੱਲੀਓਂ ਆਇਆ ਜਹਾਜ਼ ਗਿਆ ਮੁੜ ਪਿੱਛੇ,
ਉੱਤਰਨ ਵਾਲਾ ਕੋਈ ਲੱਭਾ ਨਹੀਂ ਢੰਗ ਬੇਲੀ।
ਮੌਸਮ ਬਦਲਿਆ, ਕਿਸੇ ਲਈ ਠੀਕ ਲੱਗਦਾ,
ਕਿਸੇ ਹੋਰ ਲਈ ਮੁਸ਼ਕਲ ਜਿਹੀ ਖੜੀ ਬੇਲੀ।
ਜਿਸ ਥਾਂ ਪੈਂਦੀ ਪਈ ਬਰਫ ਕੀ ਹਾਲ ਓਧਰ,
ਅਸਾਂ ਨੂੰ ਝੱਲਣ ਵੀ ਮੁਸ਼ਕਲ ਹੈ ਝੜੀ ਬੇਲੀ।

**ਤੀਸ ਮਾਰ ਖਾਂ**

# 21 ਜਨਵਰੀ ਨੂੰ ਪ੍ਰੋਵਿੰਸ ਭਰ ਵਿੱਚ ਹੜਤਾਲ ਕਰੇਗੀ ਓਨਟਾਰੀਓ ਇੰਗਲਿਸ਼ ਕੈਥੋਲਿਕ ਟੀਚਰਜ਼ ਐਸੋਸਿਏਸ਼ਨ

ਓਨਟਾਰੀਓ, 13 ਜਨਵਰੀ (ਪੋਸਟ ਬਿਊਰੋ) : ਓਨਟਾਰੀਓ ਦੇ ਇੰਗਲਿਸ਼ ਕੈਥੋਲਿਕ ਸਿਸਟਮ ਦੇ ਅਧਿਆਪਕਾਂ ਵੱਲੋਂ 21 ਜਨਵਰੀ ਨੂੰ ਇੱਕ ਰੋਜ਼ਾ ਹੜਤਾਲ ਕਰਨ ਦਾ ਐਲਾਨ ਕੀਤਾ ਗਿਆ ਹੈ।



ਓਨਟਾਰੀਓ ਇੰਗਲਿਸ਼ ਕੈਥੋਲਿਕ ਟੀਚਰਜ਼ ਐਸੋਸਿਏਸ਼ਨ (ਓਈਸੀਟੀਏ) ਦੇ ਪ੍ਰਧਾਨ ਦਾ ਕਹਿਣਾ ਹੈ ਕਿ ਸਰਕਾਰ ਉਸ ਸਮੇਂ ਹੀ ਸਹੀ ਕੰਮ ਕਰਦੀ ਹੈ ਜਦੋਂ ਦਬਾਅ ਵਿੱਚ ਹੋਵੇ, ਇਸ ਲਈ ਅਧਿਆਪਕਾਂ ਕੋਲ ਆਪਣੀ ਗੱਲ ਰੱਖਣ ਲਈ ਕੋਈ ਹੋਰ ਰਾਹ ਨਹੀਂ ਬਚਦਾ। ਇਸ ਹੜਤਾਲ ਦਾ ਅਸਰ ਐਲੀਮੈਂਟਰੀ ਤੇ ਹਾਈ ਸਕੂਲ ਉੱਤੇ ਪਵੇਗਾ। ਪਿਛਲੇ 20 ਸਾਲਾਂ ਵਿੱਚ ਅਜਿਹਾ ਪਹਿਲੀ ਵਾਰੀ ਹੋਵੇਗਾ ਕਿ ਓਈਸੀਟੀਏ ਮੁਕੰਮਲ ਤੌਰ ਉੱਤੇ ਆਪਣੀਆਂ ਸੇਵਾਵਾਂ ਵਾਪਿਸ ਲੈ ਲਵੇ।

ਕੈਥੋਲਿਕ ਅਧਿਆਪਕਾਂ ਵੱਲੋਂ ਸੋਮਵਾਰ ਤੋਂ ਵਰਕ ਟੂ ਰੂਲ ਕੈਂਪੇਨ ਦੀ ਸ਼ੁਰੂਆਤ ਕੀਤੀ ਗਈ। ਇਸ ਤਹਿਤ ਸਟੈਂਡਰਡਾਈਜ਼ਡ ਟੈਸਟਿੰਗ ਵਿੱਚ ਹਿੱਸਾ ਨਾ ਲੈਣਾ, ਰਿਪੋਰਟ ਕਾਰਡ ਉੱਤੇ ਟਿਪਣੀਆਂ ਨਾ ਲਿਖਣਾ ਤੇ ਸਿੱਖਿਆ ਮੰਤਰਾਲੇ ਦੀਆਂ ਪਹਿਲਕਦਮੀਆਂ ਵਿੱਚ ਸ਼ਾਮਲ ਨਾ ਹੋਣਾ ਆਦਿ ਸ਼ਾਮਲ ਹਨ। ਓਈਸੀਟੀਏ ਦੀ ਪ੍ਰੈਜ਼ੀਡੈਂਟ ਲਿਜ਼ ਸਟੂਅਰਟ ਨੇ ਆਖਿਆ ਕਿ ਸਰਕਾਰ ਦੀ ਗੱਲਬਾਤ ਕਰ ਰਹੀ ਟੀਮ ਨੇ ਇਹ ਸਪਸ਼ਟ ਕੀਤਾ ਹੈ ਕਿ ਉਹ ਉਸ ਸਮਝੌਤੇ ਉਤੇ ਨਹੀਂ ਪਹੁੰਚ ਸਕਦੀ ਜਿਸ ਵਿੱਚ ਅਹਿਮ ਤੇ ਸਥਾਈ ਕਟੌਤੀਆਂ ਨਾ ਹੋਣ।

ਸਿੱਖਿਆ ਮੰਤਰੀ ਸਟੀਫਨ ਲਿਚੇ ਵੱਲੋਂ ਸੋਮਵਾਰ ਦੁਪਹਿਰ ਨੂੰ ਜਾਰੀ ਕੀਤੇ ਗਏ ਬਿਆਨ ਵਿੱਚ ਆਖਿਆ ਗਿਆ ਕਿ ਅਧਿਆਪਕ ਯੂਨੀਅਨ ਵੱਲੋਂ ਲਗਾਤਾਰ ਵਾਧੇ ਉੱਤੇ ਧਿਆਨ ਕੇਂਦਰਿਤ ਕੀਤੇ ਜਾਣ ਤੋਂ ਉਹ ਕਾਫੀ ਨਿਰਾਸ਼ ਹਨ। ਉਨ੍ਹਾਂ ਬਿਆਨ ਵਿੱਚ ਆਖਿਆ ਕਿ ਪੰਜ ਘੰਟਿਆਂ ਦੀ ਵਰਕ ਟੂ ਰੂਲ ਕੈਂਪੇਨ ਤੋਂ ਬਾਅਦ ਓਈਸੀਟੀਏ ਨੇ ਪ੍ਰੋਵਿੰਸ ਭਰ ਵਿੱਚ ਇੱਕ ਰੋਜ਼ਾ ਹੜਤਾਲ ਕਰਨ ਦਾ ਫੈਸਲਾ ਕੀਤਾ ਹੈ ਜਿਸ ਨਾਲ ਸਾਡੇ ਵਿਦਿਆਰਥੀਆਂ ਉੱਤੇ ਨਕਾਰਾਤਮਕ ਅਸਰ ਪਵੇਗਾ।

ਇਸ ਦੌਰਾਨ, ਪਬਲਿਕ ਐਲੀਮੈਂਟਰੀ ਅਧਿਆਪਕਾਂ ਵੱਲੋਂ ਆਪਣੀ ਵਰਕ ਟੂ ਰੂਲ ਕੈਂਪੇਨ ਤੇਜ਼ ਕਰ ਦਿੱਤੀ ਗਈ ਹੈ ਤੇ ਉਹ ਅਗਲੇ ਹਫਤੇ ਤੋਂ ਸਿਲਸਿ-ਲੇਵਾਰ ਹੜਤਾਲਾਂ ਕਰਨ ਦੀ ਯੋਜਨਾ ਬਣਾ ਰਹੇ ਹਨ ਜਦਕਿ ਪਬਲਿਕ ਹਾਈ ਸਕੂਲ ਅਧਿਆਪਕ ਬੁੱਧਵਾਰ ਤੋਂ ਸਿਲਸਿਲੇਵਾਰ ਇੱਕ ਰੋਜ਼ਾ ਹੜਤਾਲ ਕਰਨ ਦਾ ਮਨ ਬਣਾ ਰਹੇ ਹਨ। ਲਿਚੇ ਵੱਲੋਂ ਹੋਰਨਾਂ ਅਧਿਆਪਕ ਯੂਨੀਅਨਾਂ ਨੂੰ ਅਜਿਹਾ ਨਾ ਕਰਨ ਦੀ ਬੇਨਤੀ ਕੀਤੀ ਜਾ ਰਹੀ ਹੈ।

# ਬਚਪਨ ਵਿੱਚ ਲਾਵਾਰਸ ਛੱਡਣ ਵਾਲੀ ਮਾਂ ਤੋਂ 15 ਕਰੋੜ ਰੁਪਏ ਦਾ ਮੁਆਵਜ਼ਾ ਮੰਗਿਆ

ਮੁੰਬਈ, 13 ਜਨਵਰੀ (ਪੋਸਟ ਬਿਊਰੋ)- ਇੱਕ ਅਜਿਹਾ ਕੇਸ ਪਤਾ ਲੱਗਾ ਹੈ ਜੋ ਸ਼ਾਇਦ ਆਪਣੀ ਤਰ੍ਹਾਂ ਦਾ ਦੇਸ਼ ਦਾ ਪਹਿਲਾ ਹੋਵੇਗਾ। ਇੱਕ ਪੁੱਤਰ ਨੇ ਆਪਣੀ ਮਾਂ ਤੋਂ 1.5 ਕਰੋੜ ਰੁਪਏ ਦਾ ਮੁਆਵਜ਼ਾ ਮੰਗਿਆ ਹੈ।

40 ਸਾਲਾ ਪੁੱਤਰ ਨੇ ਬੰਬੇ ਹਾਈ ਕੋਰਟ 'ਚ ਪਟੀਸ਼ਨ ਦਾਇਰ ਕੀਤੀ ਹੈ। ਪੇਸ਼ੇ ਤੋਂ ਮੇਕਅਪ ਆਰਟਿਸਟ ਪਟੀਸ਼ਨ ਕਰਤਾ ਸ਼੍ਰੀਕਾਂਤ ਸਬਨੀਸ ਨੇ ਕਿਹਾ ਹੈ ਕਿ 38 ਸਾਲ ਪਹਿਲੇ ਉਸ ਦੀ ਮਾਂ ਨੇ ਅਣਜਾਣ ਸ਼ਹਿਰ ਵਿੱਚ ਦੋ ਸਾਲ ਦੀ ਉਮਰ ਵਿੱਚ ਉਸ ਨੂੰ ਜਾਣ ਬੁੱਝ ਕੇ ਛੱਡ ਦਿੱਤਾ ਸੀ। ਮਾਂ ਵੱਲੋਂ ਛੱਡੇ ਜਾਣ ਪਿੱਛੋਂ ਉਸ ਦੀ ਜ਼ਿੰਦਗੀ ਨਰਕ ਬਣ ਗਈ ਸੀ। ਉਸ ਨੂੰ ਕਾਫ਼ੀ ਮਾਨਸਿਕ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਸਬਨੀਸ ਨੇ ਕਿਹਾ ਹੈ ਕਿ ਜਿਸ ਖ਼ਰਾਬ ਹਾਲਾਤ ਤੋਂ ਲੰਘਿਆ ਹੈ ਉਸ ਲਈ ਉਸ ਦੀ ਮਾਂ ਆਰਤੀ ਮਹਾ-ਸਕਰ ਅਤੇ ਉਸ ਦੇ ਮਤਰੇਏ ਪਿਤਾ ਉਦੈ ਮਹਾਸਕਰ ਉਸ ਨੂੰ ਮੁਆਵਜ਼ਾ ਦੇਣ।

ਪਟੀਸ਼ਨ ਮੁਤਾਬਕ ਆਰਤੀ ਮਹਾਸਕਰ ਦਾ ਵਿਆਹ ਪਹਿਲੇ ਦੀਪਕ ਸਬਨੀਸ ਨਾਲ ਹੋਇਆ ਸੀ। ਉਹ ਦੋਵੇਂ ਪੁਣੇ ਵਿੱਚ ਰਹਿੰਦੇ ਸਨ ਜਿੱਥੇ ਫਰਵਰੀ, 1979 ਵਿੱਚ ਸ਼੍ਰੀਕਾਂਤ ਸਬਾਨੀਸ ਦਾ ਜਨਮ ਹੋਇਆ ਸੀ। ਆਰਤੀ ਬਹੁਤ ਖ਼ਾਹਿਸ਼ੀ ਸੀ ਤੇ ਮੁੰਬਈ ਫਿਲਮ ਸਨਅਤ ਵਿੱਚ ਕੰਮ ਕਰਨਾ ਚਾਹੁੰਦੀ ਸੀ। ਸਤੰਬਰ 1981 ਵਿੱਚ ਉਹ ਆਪਣੇ ਬੱਚੇ ਨਾਲ ਮੁੰਬਈ ਚਲੀ ਗਈ ਪ੍ਰੰਤੂ ਮੁੰਬਈ ਪੁੱਜਣ 'ਤੇ ਉਹ ਦੋ ਸਾਲ ਦੇ ਸ਼੍ਰੀਕਾਂਤ ਨੂੰ ਟ੍ਰੇਨ ਵਿੱਚ ਇਕੱਲਾ ਛੱਡ ਕੇ ਚਲੀ ਗਈ। ਟ੍ਰੇਨ ਵਿੱਚ ਰੇਲਵੇ ਦੇ ਅਧਿਕਾਰੀ ਦੀ ਨਜ਼ਰ ਉਸ 'ਤੇ ਪਈ ਅਤੇ ਉਸ ਨੇ ਉਸ ਨੂੰ ਬਾਲ ਘਰ ਭੇਜ ਦਿੱਤਾ ਸੀ। ਬਾਅਦ ਵਿੱਚ ਉਸ ਦੀ ਕਸਟਡੀ ਨੂੰ ਲੈ ਕੇ ਲੜਾਈ ਚੱਲੀ ਅਤੇ 1986 ਵਿੱਚ ਫ਼ੈਸਲਾ ਉਸ ਦੀ ਨਾਨੀ ਦੇ ਹੱਕ ਵਿੱਚ ਆਇਆ ਅਤੇ ਉਸ ਪਿੱਛੋਂ ਉਹ ਆਪਣੀ ਨਾਨੀ ਨਾਲ ਰਹਿਣ ਲੱਗ ਪਿਆ ਸੀ, ਜਿਸ ਨੇ ਪਾਲਿਆ ਸੀ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

# ਭਲਕੇ ਨੂੰ ਹੜਤਾਲ ਕਾਰਨ ਬੰਦ ਰਹਿਣਗੇ ਦਰਹਾਮ ਡਿਸਟ੍ਰਿਕਟ ਸਕੂਲ ਬੋਰਡ ਦੇ ਸਕੂਲ

ਓਨਟਾਰੀਓ, 13 ਜਨਵਰੀ (ਪੋਸਟ ਬਿਊਰੋ) : ਪ੍ਰੋਵਿੰਸ ਭਰ ਦੇ ਕਈ ਬੋਰਡਜ਼ ਦੇ ਸਕੂਲ, ਜਿਨ੍ਹਾਂ ਵਿੱਚ ਦਰਹਾਮ ਡਿਸਟ੍ਰਿਕਟ ਸਕੂਲ ਬੋਰਡ ਵੀ ਸ਼ਾਮਲ ਹੈ, ਬੁੱਧਵਾਰ ਨੂੰ ਬੰਦ ਰਹਿਣ-ਗੇ। ਸਕੂਲ ਦੇ ਅਧਿਆਪਕਾਂ ਦੀ ਯੂਨੀਅਨ ਦੀ ਅਗਵਾਈ ਕਰਨ ਵਾਲੀ ਯੂਨੀਅਨ ਵੱਲੋ ਇੱਕ ਰੋਜ਼ਾ ਹੜਤਾਲ ਹੋਰ ਕਰਨ ਦਾ ਫੈਸਲਾ ਕੀਤਾ ਗਿਆ ਹੈ।




ਓਨਟਾਰੀਓ ਸੈਕੰਡਰੀ ਸਕੂਲ ਟੀਚਰਜ਼ ਫੈਡਰੇਸ਼ਨ (ਓਐਸਐਸਅਈਐਫ) ਵੱਲੋਂ ਹੜਤਾਲਾਂ ਦੀ ਸਿਲਸਿਲੇਵਾਰ ਸੱਦੀ ਗਈ ਲੜੀ ਵਿੱਚ ਇਹ ਅਗਲੀ ਹੜਤਾਲ ਹੈ। ਇਹ ਵੀ ਮੰਨਿਆ ਜਾ ਰਿਹਾ ਹੈ ਕਿ ਪ੍ਰੋਵਿੰਸ ਨਾਲ ਅਜੇ ਵੀ ਗੱਲਬਾਤ ਸਿਰੇ ਨਹੀਂ ਚੜ੍ਹ ਸਕੀ ਹੈ। ਇੱਥੇ ਦੱਸਣਾ ਬਣਦਾ ਹੈ ਕਿ ਦਰਹਾਮ ਡਿਸਟ੍ਰਿਕਟ ਸਕੂਲ ਬੋਰਡ, ਹੈਮਿਲਟਨ ਵੈਂਟਵਰਥ ਡਿਸਟ੍ਰਿਕਟ ਸਕੂਲ ਬੋਰਡ, ਵੈਲਿੰਗਟਨ ਕੈਥੋਲਿਕ ਡਿਸਟ੍ਰਿਕਟ ਸਕੂਲ ਬੋਰਡ ਦੇ ਹਾਈ ਸਕੂਲ ਬੰਦ ਰਹਿਣਗੇ।

ਯੂਨੀਅਨ ਦੇ ਪ੍ਰੈਜ਼ੀਡੈਂਟ ਹਾਰਵੀ ਬਿਸ਼ੌਫ ਦਾ ਕਹਿਣਾ ਹੈ ਕਿ ਜੇ ਸਰਕਾਰ ਕਲਾਸਾਂ ਦੇ ਆਕਾਰ ਵਿੱਚ ਵਾਧਾ ਕਰਨ ਦੇ ਮਾਮਲੇ ਨੂੰ ਗੱਲਬਾਤ ਦੇ ਮੁੱਦਿਆਂ ਦੀ ਸੂਚੀ ਵਿੱਚੋਂ ਹਟਾਉਣਾ ਚਾਹੇਗੀ ਤਾਂ ਉਹ ਵੀ ਹੜਤਾਲ ਵਾਪਿਸ ਲੈ ਲੈਣਗੇ। ਬਿਸ਼ੌਫ ਨੇ ਇੱਕ ਬਿਆਨ ਵਿੱਚ ਆਖਿਆ ਕਿ ਹੁਣ ਸਮਾਂ ਆ ਗਿਆ ਹੈ ਕਿ ਫੋਰਡ ਸਰਕਾਰ ਅਰਥਭਰਪੂਰ ਗੱਲਬਾਤ ਲਈ ਸਾਡੇ ਨਾਲ ਮਿਲ ਬੈਠੇ ਤੇ ਸਾਡੇ ਮੁੱਦਿਆਂ ਉੱਤੇ ਗੌਰ ਕਰੇ ਤਾਂ ਕਿ ਅਸੀਂ ਕੋਈ ਡੀਲ ਸਿਰੇ ਚੜ੍ਹਾ ਸਕੀਏ, ਜਿਸ ਨਾਲ ਓਨਟਾਰੀਓ ਵਿੱਚ ਸਿੱਖਿਆ ਦਾ ਮਿਆਰ ਉੱਚਾ ਚੁੱਕਿਆ ਜਾ ਸਕੇ।

# ਨੇਪਾਲ ਭਾਰਤ-ਚੀਨ ਨੂੰ ਨੁਕਸਾਨ ਪੁਚਾਉਂਦੇ ਐਨ ਜੀ ਓ ਰੋਕੇਗਾ

ਕਾਠਮੰਡੂ, 13 ਜਨਵਰੀ (ਪੋਸਟ ਬਿਊਰੋ)- ਨੇਪਾਲ ਕੌਮਾਂਤਰੀ ਗ਼ੈਰ ਸਰਕਾਰੀ ਸੰਗਠਨਾਂ (ਐਨ ਜੀ ਓ) ਨਾਲ ਸਬੰਧਤ ਇੱਕ ਨੀਤੀਗਤ ਖਰੜਾ ਤਿਆਰ ਕਰ ਰਿਹਾ ਹੈ। ਇਸ ਵਿੱਚ ਵਿਦੇਸ਼ੀ ਐਨ ਜੀ ਓ ਨੂੰ ਨੇਪਾਲ 'ਚ ਕੰਮ ਕਰਨ ਤੋਂ ਰੋਕਣ ਦੀ ਮੱਦ ਹੋਵੇਗੀ। ਇਹ ਉਹ ਐਨ ਜੀ ਓ ਹਨ, ਜਿਨ੍ਹਾਂ ਦੇ ਕੰਮਕਾਜ 'ਤੇ ਭਾਰਤ ਅਤੇ ਚੀਨ ਨੂੰ ਇਤਰਾਜ਼ ਹੈ। ਨੇਪਾਲ ਦੋਵਾਂ ਵੱਡੇ ਗੁਆਂਢੀ ਦੇਸ਼ਾਂ ਨਾਲ ਸਬੰਧ ਠੀਕ ਰੱਖਣ ਲਈ ਇਹ ਕਦਮ ਚੁੱਕ ਰਿਹਾ ਹੈ। ਭਾਰਤ ਤੇ ਚੀਨ ਲਈ ਸਰਹੱਦ ਪਾਰ ਤੋਂ ਆਉਮ ਵਾਲੇ ਅੱਤਵਾਦੀ ਤੇ ਅਪਰਾਧੀ ਵੱਡੀ ਸਮੱਸਿਆ ਰਹੇ ਹਨ। ਭਾਰਤ ਨੂੰ ਪਾਕਿਸਤਾਨ ਵੱਲੋਂ ਸ਼ਹਿ ਹਾਸਲ ਇਸਲਾਮਿਕ ਅੱਤਵਾਦ ਤੋਂ ਖ਼ਤਰਾਬ ਬਣਿਆ ਰਹਿੰਦਾ ਹੈ ਤਾਂ ਚੀਨ ਨੂੰ ਨੇਪਾਲ ਜ਼ਰੀਏ ਤਿੱਬਤੀਆਂ ਦੇ ਗ਼ੈਰ ਕਾਨੂੰਨੀ ਤਰੀਕੇ ਨਾਲ ਆਉਣ-ਜਾਣ 'ਤੇ ਸਮੱਸਿਆ ਹੈ। ਨੇਪਾਲ ਦੇ ਅੰਦਰ ਸਰਹੱਦ ਨੇੜੇ ਤੇਜ਼ੀ ਨਾਲ ਬਣੇ ਮਦਰੱਸੇ ਵੀ ਭਾਰਤ ਲਈ ਚਿੰਤਾ ਦਾ ਵਿਸ਼ਾ ਹਨ। ਇਹ ਮਦਰੱਸੇ ਕਤਰ, ਸਾਉਦੀ ਅਰਬ ਤੇ ਤੁਰਕੀ ਦੀ ਆਰਥਿਕ ਸਹਾਇਤਾ ਨਾਲ ਬਣੇ ਹਨ ਅਤੇ ਭਾਰਤ ਤੇ ਧਾਰਮਿਕ ਕੱਟੜਤਾ ਫੈਲਾ ਰਹੇ ਹਨ। ਨੇਪਾਲ ਦੀ ਵਿਦੇਸ਼ ਨੀਤੀ 'ਚ ਦੋ ਵੱਡੇ ਗੁਆਂਢੀਆਂ ਨਾਲ ਸਬੰਧਾਂ ਦਾ ਸੰਤੁਲਨ ਕਾਇਮ ਰੱਖਣ ਦੀ ਚੁਣੌਤੀ ਹੈ।

ਕਾਠਮੰਡੂ ਪੋਸਟ ਅਖ਼ਬਾਰ ਮੁਤਾਬਕ ਨੇਪਾਲ ਤੇ ਉਤਰ ਤੇ ਦੱਖਣ 'ਚ ਵੱਡੀ ਆਬਾਦੀ ਵਾਲੇ ਦੋ ਦੇਸ਼ ਹਨ। ਦੋਵਾਂ ਦਾ ਨੇਪਾਲ ਦਾ ਜਨਤਾ 'ਤੇ ਕਈ ਤਰ੍ਹਾਂ ਦਾ ਅਸਰ ਵੀ ਹੈ। ਇਸ ਲਈ ਨੇਪਾਲ ਕਿਸੇ ਵੀ ਵਿਦੇਸ਼ੀ ਸੰਗਠਨ ਨੂੰ ਅਜਿਹਾ ਕਰਨ ਦੀ ਖੁੱਲ੍ਹ ਨਹੀਂ ਦੇਵੇਗਾ ਜਿਸ ਨਾਲ ਭਾਰਤ ਤੇ ਚੀਨ ਨਾਲ ਉਸ ਦੇ ਸਬੰਧਾਂ 'ਤੇ ਅਸਰ ਪਵੇ। ਨੇਪਾਲ ਦੀ ਸਮਾਜ ਭਲਾਈ ਪ੍ਰੀਸ਼ਦ ਵੱਲੋਂ ਤਿਆਰ ਕੀਤੇ ਜਾ ਰਹੇ ਇਸ ਖਰੜੇ ਨੂੰ ਸਰਕਾਰ ਆਖ਼ਰੀ ਰੂਪ ਦੇਵੇਗੀ ਤੇ ਇਸ ਤੋਂ ਬਾਅਦ ਉਸ ਨੂੰ ਸੰਸਦ 'ਚ ਰੱਖਿਆ ਜਾਵੇਗਾ। ਉਥੋਂ ਪਾਸ ਹੋਣ 'ਤੇ ਇਹ ਕਾਨੂੰਨ ਦਾ ਰੂਪ ਲੈ ਲਵੇਗਾ। ਪ੍ਰੀਸ਼ਦ ਦੇ ਸੂਚਨਾ ਅਧਿਕਾਰੀ ਦੁਰਗਾ ਪ੍ਰਸਾਦ ਭੱਟਰਾਈ ਮੁਤਾਬਕ ਪ੍ਰਸਤਾਵਤ ਖਰੜੇ 'ਚ ਗੁਆਂਢੀ ਦੇਸ਼ਾਂ ਦੀਆਂ ਚਿੰਤਾਵਾਂ ਦਾ ਧਿਆਨ ਰੱਖਿਆ ਗਿਆ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

UK TRUCK TRAINING CENTRE
PCC #179958
Registered as a Private Careers College
We help in Written Test & in Finding Jobs
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
NEW LOCATION !!!
225 Sheldon Dr
Unit 18, Cambridge
Call Jitpal Singh Deol
647-204-1936
Kuldip Singh Grewal
647.894.8590
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Gurjot Singh Grewal
437.224.8500

# ਮੌਸਮ ਦੀ ਖਰਾਬੀ ਕਾਰਨ ਪੰਜਾਬ ਤੇ ਦਿੱਲੀ ਵਿੱਚ ਫਲਾਈਟਾਂ ਉੱਤੇ ਅਸਰ ਪਿਆ

ਚੰਡੀਗੜ੍ਹ, 13 ਜਨਵਰੀ, (ਪੋਸਟ ਬਿਊਰੋ)- ਪੱਛਮੀ ਹਵਾਵਾਂ ਚੱਲਣ ਕਾਰਨ ਅੱਜ ਸੋਮਵਾਰ ਇਸ ਸ਼ਹਿਰ ਵਿੱਚ ਪਏ ਮੀਂਹ ਅਤੇ ਘੱਟ ਵਿਜ਼ੀਬਿਲਟੀ ਕਾਰਨ ਚੰਡੀਗੜ੍ਹ ਇੰਟਰਨੈਸ਼ਨਲ ਏਅਰਪੋਰਟ ਉੱਤੇ ਆਈ ਇੱਕ ਫਲਾਈਟ ਰੱਦ ਕਰਨੀ ਪਈ ਅਤੇ ਦੋ ਫਲਾਈਟਾਂ ਨੂੰ ਡਾਈਵਰਟ ਕਰ ਕੇ ਦਿੱਲੀ ਅਤੇ ਲਖਨਊ ਭੇਜਿਆ ਗਿਆ।



ਇਸ ਸਬੰਧ ਵਿੱਚ ਏਅਰਪੋਰਟ ਦੇ ਪਬਲਿਕ ਰਿਲੇਸ਼ਨ ਅਫਸਰ ਪ੍ਰਿੰਸ ਨੇ ਦੱਸਿਆ ਕਿ ਅੱਗੇ ਸ਼੍ਰੀਨਗਰ ਦਾ ਖ਼ਰਾਬ ਮੌਸਮ ਹੋਣ ਤੇ ਚੰਡੀਗੜ੍ਹ ਵਿੱਚ ਤੇਜ਼ ਮੀਂਹ ਕਾਰਨ ਗੋ ਏਅਰ ਦੀ ਸ਼੍ਰੀਨਗਰ-ਚੰਡੀਗੜ੍ਹ ਉਡਾਣ ਰੱਦ ਹੋਈ ਹੈ। ਇੰਡੀਗੋ ਦੀ ਮੁੰਬਈ-ਚੰਡੀਗੜ੍ਹ ਉਡਾਣ ਦੀ ਖ਼ਰਾਬ ਮੌਸਮ ਕਾਰਨ ਚੰਡੀਗੜ੍ਹ ਵਿੱਚ ਲੈਂਡਿੰਗ ਨਹੀਂ ਹੋ ਸਕੀ ਤੇ ਇਹ ਡਾਈਵਰਟ ਕਰ ਕੇ ਦਿੱਲੀ ਭੇਜੀ ਗਈ ਹੈ। ਇੰਡੀਗੋ ਦੀ ਹੈਦਰਾਬਾਦ-ਚੰਡੀਗੜ੍ਹ ਫਲਾਈਟ ਨੂੰ ਡਾਈਵਰਟ ਕਰ ਕੇ ਲਖਨਊ ਭੇਜਣਾ ਪਿਆ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਦਿੱਲੀ ਦੇ ਸਲਾਟ ਖਾਲੀ ਨਾ ਹੋਣ ਕਾਰਨ ਫਲਾਈਟਾਂ ਲਖਨਊ ਭੇਜੀਆਂ ਗਈਆਂ ਹਨ। ਮੁਸਾਫਰਾਂ ਦੀ ਪ੍ਰੇਸ਼ਾਨੀ ਬਾਰੇ ਪੁੱਛਣ ਉੱਤੇ ਉਨ੍ਹਾਂ ਦੱਸਿਆ ਕਿ ਏਅਰਲਾਈਨਜ਼ ਨੂੰ ਮੌਸਮ ਸਾਫ਼ ਹੋਣ ਦੀ ਉਡੀਕ ਹੈ। ਜੇ ਮੌਸਮ ਸਾਫ਼ ਹੋਵੇਗਾ ਤਾਂ ਫਲਾਈਟਾਂ ਜਾਣਗੀਆਂ, ਵਰਨਾ ਕੰਪਨੀ ਮੁਸਾਫਰਾਂ ਲਈ ਕੋਈ ਹੋਰ ਪ੍ਰਬੰਧ ਕਰੇਗੀ।

ਏਸੇ ਤਰ੍ਹਾਂ ਭਾਰੀ ਮੀਂਹ ਦੇ ਕਾਰਨ ਅੰਮ੍ਰਿਤਸਰ ਏਅਰਪੋਰਟ ਉੱਤੇ ਕਈ ਉਡਾਨਾਂ ਅੱਜ ਸੋਮਵਾਰ ਨੂੰ ਲੇਟ ਹੋਈਆਂ। ਸਵੇਰੇ 6 ਵਜੇ ਮੀਂਹ ਸ਼ੁਰੂ ਹੋ ਜਾਣ ਤੋਂ ਬਾਅਦ ਪੂਰਾ ਦਿਨ ਬੱਦਲ ਰਹੇ। ਅੰਤਰਰਾਸ਼ਟਰੀ ਸ੍ਰੀ ਗੁਰੂ ਰਾਮਦਾਸ ਏਅਰਪੋਰਟ ਉੱਤੇ ਸੋਮਵਾਰ ਸਵੇਰੇ ਦੁਬਈ ਤੋਂ ਆਈ ਉਡਾਣ ਮਿਥੇ ਸਮੇਂ ਤੋਂ 5 ਘੰਟੇ ਲੇਟ ਸੀ। ਏਅਰ ਇੰਡੀਆ ਅਤੇ ਸਪਾਈਸਜੈੱਟ ਦੀਆਂ ਮੁੰਬਈ ਅਤੇ ਦੁਬਈ ਦੀਆਂ ਫਲਾਈਟਾਂ ਵੀ ਲੇਟ ਪਹੁੰਚੀਆਂ। ਦਿੱਲੀ ਹਵਾਈ ਅੱਡੇ ਤੋਂ ਸੋਮਵਾਰ ਨੂੰ 18 ਉਡਾਣਾਂ ਨੂੰ ਰੱਦ ਕਰਨਾ ਪਿਆ, ਕਿਉਂਕਿ ਜਿਥੇ ਜਹਾਜ਼ਾਂ ਨੇ ਜਾਣਾ ਸੀ, ਉਥੇ ਮੌਸਮ ਖਰਾਬ ਸੀ।

We Provide services:
• Corporation Registration
• Corporation Tax Returns
• Personal Tax Returns
• Accounting • Book - Keeping
• H.S.T • WSIB • T4 • E-File
• Assistance in Audit with CRA
CPA CHARTERED PROFESSIONAL ACCOUNTANTS
Kamaljeet Singh Saini CPA, CGA
Chartered Professional Accountants
Off: 905-799-6292
Email: kamalgirn@gmail.com
7956 Torbram Rd, Unit #209, Brampton, ON L6T 5A2 Fax: 905-291-0741

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

# ਮਾਇਨਾਰਟੀ ਫਰੰਟ ਵੱਲੋਂ ਐੱਨ ਪੀ ਆਰ ਅਤੇ ਸੀ ਏ ਏ ਦੋਵਾਂ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ

ਨਵੀਂ ਦਿੱਲੀ, 13 ਜਨਵਰੀ, (ਪੋਸਟ ਬਿਊਰੋ)- ਇੱਕ ਗ਼ੈਰ ਸਰਕਾਰੀ ਸੰਸਥਾ, ਮਾਇਨਾਰਿਟੀ ਫਰੰਟ, ਨੇ ਭਾਰਤ ਸਰਕਾਰ ਦੇ ਨਾਗਰਿਕਤਾ ਸੋਧ ਕਾਨੂੰਨ (ਸੀ ਏ ਏ) ਲਾਗੂ ਕਰਨ ਅਤੇ ਨੈਸ਼ਨਲ ਪਾਪੂਲੇਸ਼ਨ ਰਜਿਸਟਰ (ਐੱਨ ਪੀ ਆਰ) ਬਣਾਉਣ ਨੂੰ ਅੱਜ ਸੁਪਰੀਮ ਕੋਰਟ ਵਿੱਚ ਪਟੀਸ਼ਨ ਦਾਇਰ ਕਰ ਕੇ ਚੁਣੌਤੀ ਦਿੱਤੀ ਹੈ। ਸੀ ਏ ਏ ਕਾਨੂੰਨ ਨੋਟੀਫਿਕੇਸ਼ਨ ਲਾਗੂ ਹੋਣ ਤੋਂ ਬਾਅਦ ਇਸ ਦੇ ਖਿਲਾਫ ਇਹ ਪਹਿਲੀ ਪਟੀਸ਼ਨ ਦਾਖ਼ਲ ਕੀਤੀ ਗਈ ਹੈ। ਬੀਤੀ ਦਸ ਜਨਵਰੀ ਨੂੰ ਨਾਗਰਿਕਤਾ ਸੋਧ ਕਾਨੂੰਨ (ਸੀ ਏ ਏ) ਨੂੰ ਲਾਗੂ ਕਰਨ ਦਾ ਨੋਟੀਫਿਕੇਸ਼ਨ ਜਾਰੀ ਹੋਇਆ ਸੀ। ਇਸ ਪਟੀਸ਼ਨ ਤੋਂ ਇਲਾਵਾ ਸੁਪਰੀਮ ਕੋਰਟ ਵਿੱਚ ਸੱਠ ਤੋਂ ਵੱਧ ਪਟੀਸ਼ਨਾਂ ਰਾਹੀਂ ਵੀ ਨਾਗਰਿਕਤਾ ਸੋਧ ਕਾਨੂੰਨ ਨੂੰ ਚੁਣੌਤੀ



ਦਿੱਤੀ ਗਈ ਹੈ ਅਤੇ ਸੁਪਰੀਮ ਕੋਰਟ ਉਨ੍ਹਾਂ ਉੱਤੇ ਸਰਕਾਰ ਨੂੰ ਨੋਟਿਸ ਜਾਰੀ ਕਰ ਚੁੱਕੀ ਹੈ, ਜਿਨ੍ਹਾਂ ਉੱਤੇ 22 ਜਨਵਰੀ ਨੂੰ ਸੁਣਵਾਈ ਹੋਣੀ ਹੈ।

ਅੱਜ ਸੋਮਵਾਰ ਨੂੰ ਦਾਖ਼ਲ ਕੀਤੀ ਗਈ ਇਸ ਅਰਜ਼ੀ ਵਿੱਚ ਕਿਹਾ ਗਿਆ ਹੈ ਕਿ ਸੀ ਏ ਏ ਧਾਰਮਿਕ ਆਧਾਰ ਉੱਤੇ ਵਿਤਕਰੇ ਦਾ ਕਾਨੂੰਨ ਬਣ ਗਿਆ ਹੈ। ਇਸ ਤੋਂ ਇਲਾਵਾ ਪਟੀਸ਼ਨ ਵਿੱਚ ਐੱਨ ਪੀ ਆਰ ਸ਼ੁਰੂ ਕਰਨ ਵਾਸਤੇ 31 ਜੁਲਾਈ 2019 ਦੇ ਨੋਟੀਫਿਕੇਸ਼ਨ ਨੂੰ ਵੀ ਚੁਣੌਤੀ ਦੇ ਕੇ ਰੱਦ ਕਰਨ ਦੀ ਮੰਗ ਕੀਤੀ ਗਈ ਹੈ। ਅਸਲ ਵਿੱਚ ਆਬਾਦੀ ਗਿਣਨ ਬਾਰੇ ਪ੍ਰਕਿਰਿਆ (ਐੱਨ ਪੀ ਆਰ) ਇਕ ਅਪ੍ਰੈਲ 2020 ਤੋਂ 30 ਸਤੰਬਰ 2020 ਤਕ ਚੱਲਦੀ ਹੋਣੀ ਹੈ, ਜਿਸ ਵਿੱਚ ਨੈਸ਼ਨਲ ਪਾਪੂਲੇਸ਼ਨ ਰਜਿਸਟਰ ਵੀ ਬਣਾਇਆ ਜਾਣਾ ਹੈ। ਇਸ ਪਟੀਸ਼ਨ ਦੇ ਮੁਤਾਬਕ ਇਹ ਰਜਿਸਟਰ ਨਾਗਰਿਕਤਾ ਨਿਯਮ ਸਾਲ 2003 ਦੀਆਂ ਮੱਦਾਂ ਹੇਠ ਬਣਾਇਆ ਜਾਵੇਗਾ। ਇਹੀ ਨਿਯਮ ਐੱਨ ਆਰ ਸੀ ਬਣਾਉਣ ਅਤੇ ਜਿਹੜੇ ਲੋਕਾਂ ਦਾ ਨਾਂਅ ਐੱਨ ਆਰ ਸੀ ਵਿੱਚ ਹੋਵੇ, ਉਨ੍ਹਾਂ ਨੂੰ ਰਾਸ਼ਟਰੀ ਪਛਾਣ ਪੱਤਰ ਜਾਰੀ ਕਰਨ ਦੀ ਪ੍ਰਕਿਰਿਆ ਦੀ ਗੱਲ ਵੀ ਕਰਦਾ ਹੈ। ਪਟੀਸ਼ਨ ਦੇ ਮੁਤਾਬਕ ਨਵੇਂ ਨਿਯਮਾਂ ਮੁਤਾਬਕ ਐੱਨ ਪੀ ਆਰ ਨਾਲ ਇਕੱਠੇ ਕੀਤੇ ਅੰਕੜਿਆਂ ਦੀ ਲੋਕਲ ਰਜਿਸਟਰਾਰ ਜਾਂਚ ਕਰੇਗਾ ਤੇ ਉਸ ਵਿੱਚ ਕਿਸੇ ਵਿਅਕਤੀ ਦੀ ਜਾਣਕਾਰੀ ਸ਼ੱਕੀ ਲੱਗਦੀ ਹੋਈ ਤਾਂ ਪਾਪੂਲੇਸ਼ਨ ਰਜਿਸਟਰ ਵਿੱਚ ਮਾਰਕ ਕੀਤੀ ਜਾਵੇਗੀ। ਫਿਰ ਸਬੰਧਤ ਵਿਅਕਤੀ ਨੂੰ ਸੁਣਵਾਈ ਦਾ ਮੌਕਾ ਦੇਣ ਤੋਂ ਬਾਅਦ ਤੈਅ ਹੋਵੇਗਾ ਕਿ ਉਸ ਨੂੰ ਐੱਨ ਆਰ ਸੀ ਵਿੱਚ ਸ਼ਾਮਲ ਕਰਨਾ ਜਾਂ ਨਹੀਂ। ਨਵੀਂ ਅਰਜ਼ੀ ਵਿੱਚ ਕਿਹਾ ਗਿਆ ਹੈ ਕਿ ਇਸ ਤੋਂ ਸਾਫ ਹੈ ਕਿ ਐੱਨ ਪੀ ਆਰ ਅਸਲ ਵਿੱਚ ਨਾ ਸਿਰਫ਼ ਐੱਨ ਆਰ ਸੀ ਬਣਾਉਣ ਦਾ ਪਹਿਲਾ ਕਦਮ ਹੈ, ਸਗੋਂ ਐੱਨ ਆਰ ਸੀ ਦੀ ਪਹਿਲੀ ਸ਼ਰਤ ਹੈ ਅਤੇ ਐੱਨ ਪੀ ਆਰ ਸ਼ੱਕੀ ਲੋਕਾਂ ਦੀ ਪਛਾਣ ਕਰਨ ਦੀ ਪ੍ਰਕਿਰਿਆ ਬਣ ਜਾਣਾ ਹੈ।

# ਸੁਖਬੀਰ ਸਿੰਘ ਬਾਦਲ ਤੇ ਬਿਕਰਮ ਸਿੰਘ ਮਜੀਠੀਆ ਨੂੰ ਸੁਪਰੀਮ ਕੋਰਟ ਤੋਂ ਝਟਕਾ

*** ਜਸਟਿਸ ਰਣਜੀਤ ਸਿੰਘ ਕਮਿਸ਼ਨ ਕੇਸ ਵਿੱਚ ਨੋਟਿਸ ਜਾਰੀ**

ਚੰਡੀਗੜ੍ਹ, 13 ਜਨਵਰੀ, (ਪੋਸਟ ਬਿਊਰੋ): ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਸੀਨੀਅਰ ਅਕਾਲੀ ਲੀਡਰ ਬਿਕਰਮ ਸਿੰਘ ਮਜੀਠੀਆ ਨੂੰ ਸੁਪਰੀਮ ਕੋਰਟ ਨੇ ਨੋਟਿਸ ਜਾਰੀ ਕਰ ਦਿੱਤਾ ਹੈ। ਕੋਰਟ ਨੇ ਇਹ ਨੋਟਿਸ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਮਾਣ-ਹਾਨੀ ਦੇ ਦੋਸ਼ ਵਿੱਚ ਜਾਰੀ ਕੀਤਾ ਹੈ।



ਮਿਲੀ ਜਾਣਕਾਰੀ ਅਨੁਸਾਰ ਸੁਪਰੀਮ ਕੋਰਟ ਨੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਅਕਾਲੀ ਦਲ ਦੇ ਜਨਰਲ ਸਕੱਤਰ ਬਿਕਰਮ ਸਿੰਘ ਮਜੀਠੀਆ ਨੂੰ ਨੋਟਿਸ ਜਾਰੀ ਕੀਤਾ ਹੈ। ਵਰਨਣ ਯੋਗ ਹੈ ਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਇਨਸਾਫ ਨਾ ਮਿਲਣ ਮਗਰੋਂ ਜਸਟਿਸ ਰਣਜੀਤ ਸਿੰਘ ਨੇ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਸੀ। ਇਸ ਕੇਸ ਦੀ ਸੁਣਵਾਈ ਕਰਦਿਆਂ ਸੁਪਰੀਮ ਕੋਰਟ ਨੇ ਅੱਜ ਅਕਾਲੀ ਦਲ ਦੇ ਦੋਵੇਂ ਆਗੂਆਂ ਨੂੰ ਨੋਟਿਸ ਜਾਰੀ ਕੀਤਾ ਹੈ। ਇਨ੍ਹਾਂ ਦੋਵਾਂ ਲੀਡਰਾਂ ਨੇ ਬਰਗਾੜੀ ਅਤੇ ਹੋਰ ਥਾਂਈਂ ਹੋਈ ਬੇਅਦਬੀ ਵਾਲੇ ਕੇਸ ਦੀ ਜਾਂਚ ਕਰਦੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਦਾ ਵਿਰੋਧ ਕਰਦਿਆਂ ਇਸ ਕਮਿਸ਼ਨ ਦੇ ਮੁਖੀ ਬਾਰੇ ਵੀ ਬੇਹੱਦ ਨਿੱਜੀ ਟਿੱਪਣੀਆਂ ਕੀਤੀਆਂ ਸਨ ਅਤੇ ਜਸਟਿਸ ਰਣਜੀਤ ਸਿੰਘ ਉਤੇ ਕਾਂਗਰਸ-ਪੱਖੀ ਹੋਣ ਦੇ ਦੋਸ਼ ਵੀ ਲਾਏ ਗਏ ਸਨ। ਜਸਟਿਸ ਰਣਜੀਤ ਸਿੰਘ ਨੇ ਇਸ ਨੂੰ ਕਾਨੂੰਨ ਦਾ ਮਜ਼ਾਕ ਕਰਾਰ ਦਿੰਦਿਆਂ ਦਾਅਵਾ ਕੀਤਾ ਸੀ ਕਿ ਉਨ੍ਹਾਂ ਦੀ ਮਾਣ-ਹਾਨੀ ਕੀਤੀ ਗਈ ਹੈ।

# ਅੱਤਵਾਦੀ ਮੋਹਿਊਦੀਨ ਆਈ ਐੱਸ ਨਾਲ ਜੁੜਨ ਉੱਤੇ ਇਤਰਾਜ਼ ਕਰਦੀ ਹਿੰਦੂ ਪਤਨੀ ਛੱਡ ਦਿੱਤੀ

ਨਵੀਂ ਦਿੱਲੀ, 13 ਜਨਵਰੀ (ਪੋਸਟ ਬਿਊਰੋ)- ਪਿਛਲੇ ਦਿਨੀਂ ਦਿੱਲੀ ਪੁਲਸ ਵੱਲੋਂ ਵਜੀਰਾਬਾਦ ਤੋਂ ਗ੍ਰਿਫਤਾਰ ਕੀਤੇ ਗਏ ਆਈ ਐੱਸ ਆਈ ਐੱਸ ਦੇ ਚਾਰ ਅੱਤਵਾਦੀਆਂ ਵਿੱਚੋਂ ਇੱਕ ਖਵਾਜ਼ਾ ਮੋਹਿਊਦੀਨ ਨੇ ਇਸ ਜਾਲ ਵਿੱਚ ਫਸਣ ਤੋਂ ਬਾਅਦ ਆਪਣੇ ਹੱਸਦੇ-ਖੇਡਦੇ ਪਰਵਾਰ ਨੂੰ ਉਜਾੜਨ ਵਿੱਚ ਕਸਰ ਨਹੀਂ ਛੱਡੀ। ਉਸ ਨੇ ਆਪਣੀ ਹਿੰਦੂ ਪਤਨੀ, ਜਿਸ ਦਾ ਨਾਂਅ ਇੰਦਰਾ ਗਾਂਧੀ ਸੀ, ਨੂੰ ਤਲਾਕ ਦੇ ਦਿੱਤਾ।

ਅੱਤਵਾਦੀ ਮੋਹਿਊਦੀਨ ਦਾ ਕਹਿਣਾ ਹੈ ਕਿ ਜਦੋਂ ਉਹ ਅੱਤਵਾਦੀ ਸਰਗਰਮੀਆਂ ਵਿੱਚ ਸ਼ਾਮਲ ਹੋਇਆ ਤਾਂ ਦੂਸਰੇ ਧਰਮ ਦੀ ਪਾਲਣਾ ਕਰਨ ਵਾਲੀ ਉਸ ਦੀ ਪਤਨੀ ਨੂੰ ਇਹ ਪਸੰਦ ਨਹੀਂ ਸੀ ਅਤੇ ਦੋਵਾਂ ਦਾ ਝਗੜਾ ਸ਼ੁਰੂ ਹੋ ਗਿਆ ਅਤੇ ਆਖਰ ਉਸ ਨੇ ਪਤਨੀ ਨੂੰ ਤਲਾਕ ਦੇ ਦਿੱਤਾ।

# ਜਨਰਲ ਮੁਸ਼ੱਰਫ ਦੀ ਮੌਤ ਦੀ ਸਜ਼ਾ ਲਾਹੌਰ ਹਾਈ ਕੋਰਟ ਵੱਲੋਂ ਰੱਦ



ਲਾਹੌਰ, 13 ਜਨਵਰੀ, (ਪੋਸਟ ਬਿਊਰੋ)- ਪਾਕਿਸਤਾਨ ਦੇ ਸਾਬਕਾ ਫੌਜੀ ਰਾਸ਼ਟਰਪਤੀ ਪਰਵੇਜ਼ ਮੁਸ਼ੱਰਫ਼ ਨੂੰ ਅਦਾਲਤ ਨੇ ਵੱਡੀ ਰਾਹਤ ਦੇਂਦੇ ਹੋਏ ਉਨ੍ਹਾਂ ਦੇ ਖ਼ਿਲਾਫ਼ ਮੌਤ ਦੀ ਸ਼ਜਾ ਰੱਦ ਕਰ ਦਿੱਤੀ ਅਤੇ ਦੇਸ਼ ਧਰੋਹ ਦੇ ਕੇਸ ਦੀ ਸੁਣਵਾਈ ਕਰਨ ਲਈ ਬਣਾਈ ਗਈ ਵਿਸ਼ੇਸ਼ ਅਦਾਲਤ ਨੂੰ ਵੀ ਗ਼ੈਰ-ਸੰਵਿਧਾਨਿਕ ਕਰਾਰ ਦੇ ਦਿੱਤਾ ਹੈ।

ਵਰਨਣ ਯੋਗ ਹੈ ਕਿ ਇਸਲਾਮਾਬਾਦ ਦੀ ਇਕ ਅਦਾਲਤ ਨੇ ਬੀਤੀ 17 ਦਸੰਬਰ ਨੂੰ ਜਰਨਲ ਮੁਸ਼ੱਰਫ਼ ਦੇ ਖ਼ਿਲਾਫ਼ ਚੱਲਦੇ ਦੇਸ਼ ਧਰੋਹ ਦੇ ਕੇਸ ਵਿੱਚ ਉਸ ਨੂੰ ਮੌਤ ਦੀ ਸਜ਼ਾ ਸੁਣਾਈ ਸੀ। ਇਹ ਮਾਮਲਾ ਪਾਕਿ-ਸਤਾਨ ਮੁਸਲਿਮ ਲੀਗ ਨਵਾਜ਼ ਦੀ ਸਰਕਾਰ ਨੇ ਸਾਲ 2013 ਵਿੱਚ ਦਰਜ ਕਰਾਇਆ ਸੀ, ਜਿਸ ਦੀ ਛੇ ਸਾਲ ਚੱਲੀ ਸੁਣਵਾਈ ਪਿੱਛੋਂ ਫ਼ੈਸਲਾ ਆਇਆ ਸੀ। ਅੱਜ ਇਸ ਦਾ ਇੱਕ ਨਵਾਂ ਮੋੜ ਆ ਗਿਆ, ਜਦੋਂ ਲਾਹੌਰ ਹਾਈ ਕੋਰਟ ਦੇ ਜਸਟਿਸ ਸਈਦ ਮਜ਼ਹਰ ਅਲੀ ਅਕਬਰ ਨਕਵੀ, ਜਸਟਿਸ ਚੌਧਰੀ ਮਸੂਦ ਜਹਾਂਗੀ ਤੇ ਜਸਟਿਸ ਮੁਹੰਮਦ ਅਮੀਰ ਭੱਟੀ ਦੀ ਬੈਂਚ ਨੇ ਸਰਬ ਸੰਮਤੀ ਨਾਲ ਜਨਰਲ ਮੁਸ਼ੱਰਫ਼ ਦੇ ਖਿਲਾਫ਼ ਕੇਸ ਦੀ ਸੁਣਵਾਈ ਲਈ ਬਣੀ ਸਪੈਸ਼ਲ ਕੋਰਟ ਨੂੰ ਗ਼ੈਰ-ਸੰਵਿਧਾਨਿਕ ਕਰਾਰ ਦੇ ਦਿੱਤਾ। ਅਦਾਲਤ ਨੇ ਟਿੱਪਣੀ ਕੀਤੀ ਕਿ ਮੁਸ਼ੱਰਫ਼ ਉੱਤੇ ਦੇਸ਼ ਧਰੋਹ ਦਾ ਕੇਸ ਕਾਨੂੰਨੀ ਪੱਖੋਂ ਠੀਕ ਤਰ੍ਹਾਂ ਨਹੀਂ ਬਣਾਇਆ ਗਿਆ। ਇਸ ਦੇ ਨਾਲ ਹੀ ਕਿਹਾ ਗਿਆ ਹੈ ਕਿ ਲਾਹੌਰ ਹਾਈ ਕੋਰਟ ਦੇ ਫ਼ੈਸਲੇ ਤੋਂ ਬਾਅਦ ਸਪੈਸ਼ਲ ਕੋਰਟ ਦਾ ਫ਼ੈਸਲਾ ਵੀ ਨਕਾਰਾ ਹੋ ਗਿਆ ਹੈ।

# ਵਿਧਾਇਕ ਹਰਮਿੰਦਰ ਸਿੰਘ ਗਿੱਲ ਨੂੰ ਸ੍ਰੀ ਹਰਿਮੰਦਰ ਸਾਹਿਬ ਬਾਰੇ ਟਿਪਣੀ ਦੀ ਮੁਆਫੀ ਮੰਗਣੀ ਪਈ

ਤਰਨ ਤਾਰਨ, 13 ਜਨਵਰੀ, (ਪੋਸਟ ਬਿਊਰੋ)- ਹਲਕਾ ਪੱਟੀ ਤੋਂ ਕਾਂਗਰਸ ਦੇ ਵਿਧਾਇਕ ਹਰਮਿੰਦਰ ਸਿੰਘ ਗਿੱਲ ਵੱਲੋਂ ਕੀਤੀ ਇੱਕ ਵਿਵਾਦਿਤ ਟਿਪਣੀ ਸਾਹ-ਮਣੇ ਆਈ ਹੈ, ਜਿਸ ਵਿੱਚ ਉਹ ਹਰੀਕੇ ਪੱਤਣ ਵਿੱਚ ਲੋਕਾਂ ਨੂੰ ਸੰਬੋਧਨ ਕਰ ਰਹੇ ਸਨ। ਓਥੇ ਉਹ ਭਾਸ਼ਣ ਕਰਦੇ ਹੋਏ ਇਸ ਹੱਦ ਤੱਕ ਚਲੇ ਗਏ ਕਿ ਦਰਬਾਰ ਸਾਹਿਬ ਬਾਰੇ ਕੁਝ ਟਿਪਣੀ ਵੀ ਕਰਦੇ ਗਏ ਅਤੇ ਇਸ ਦੀ ਵੀਡੀਓ ਵਾਇਰਲ ਹੋਣ ਤੋਂ ਬਾਅਦ ਉਨ੍ਹਾਂ ਨੂੰ ਮੁਆਫੀ ਮੰਗਣੀ ਪਈ ਹੈ।

ਪਤਾ ਲੱਗਾ ਹੈ ਕਿ ਹਰੀਕੇ ਪੱਤਣ ਇਲਾਕੇ ਵਿੱਚ ਭਾਸ਼ਣ ਕਰਦੇ ਹੋਏ ਕਾਂਗਰਸ ਵਿਧਾਇਕ ਹਰਮਿੰਦਰ ਸਿੰਘ ਗਿੱਲ ਨੇ ਕਿਹਾ ਕਿ ਜਿਹੜੇ ਇਕ ਲੱਖ



ਸ਼ਰਧਾਲੂ ਹਰਿਮੰਦਰ ਸਾਹਿਬ ਆਉਂਦੇ ਹਨ, ਅਸੀਂ ਉਨ੍ਹਾਂ ਦਾ ਮੂੰਹ ਮੋੜ ਕੇ ਹਰੀਕੇ ਪੱਤਣ ਲੈ ਕੇ ਆਵਾਂਗੇ। ਉਹ ਇਥੇ ਆਉਣ ਅਤੇ ਤੁਹਾਡੀ ਮੱਛੀ ਵੀ ਖਾਣਗੇ ਅਤੇ ਹੋਰ ਕਾਰੋਬਾਰ ਵੀ ਕਰਨਗੇ।

ਇਹ ਵੀਡੀਓ ਵਾਇਰਲ ਹੋਣ ਤੋਂ ਬਾਅਦ ਲੋਕਾਂ ਦਾ ਕਹਿਣਾ ਸੀ ਕਿ ਸ੍ਰੀ ਦਰਬਾਰ ਸਾਹਿਬ ਵਿਖੇ ਲੋਕ ਰੂਹਾਨੀਅਤ ਮਾਣਨ ਜਾਂਦੇ ਹਨ, ਮੱਛੀਆਂ ਦੇਖਣ ਨਹੀਂ ਜਾਂਦੇ, ਇਸ ਲਈ ਵੀਡੀਓ ਉੱਤੇ ਵਿਵਾਦ ਹੋ ਗਿਆ। ਬਾਅਦ ਵਿੱਚ ਹਰਮਿੰਦਰ ਸਿੰਘ ਗਿੱਲ ਨੇ ਸਾਹਮਣੇ ਆ ਕੇ ਮੁਆਫੀ ਮੰਗੀ ਅਤੇ ਕਿਹਾ ਕਿ ਉਨ੍ਹਾਂ ਦੇ ਮਨ ਵਿਚ ਦਰਬਾਰ ਸਾਹਿਬ ਬਾਰੇ ਅਥਾਹ ਸ਼ਰਧਾ ਹੈ ਅਤੇ ਉਨ੍ਹਾਂ ਦੀ ਮਨਸ਼ਾ ਲੋਕਾਂ ਦੇ ਦਿਲਾਂ ਨੂੰ ਠੇਸ ਲਾਉਣ ਦੀ ਨਹੀਂ ਸੀ। ਹਰਮਿੰਦਰ ਸਿੰਘ ਗਿੱਲ ਨੇ ਕਿਹਾ ਕਿ ਦਰਬਾਰ ਸਾਹਿਬ ਬਾਰੇ ਅਜਿਹਾ ਕੁਝ ਬੋਲਣਾ ਤਾਂ ਦੂਰ, ਅਜਿਹਾ ਕੁਝ ਸੋਚ ਵੀ ਨਹੀਂ ਸਕਦੇ। ਉਨ੍ਹਾਂ ਦਾ ਮਕਸਦ ਇਹੀ ਦੱਸਣਾ ਸੀ ਕਿ ਉਹ ਹਰੀਕੇ ਪੱਤਣ ਨੂੰ ਵਰਲਡ ਟੂਰਿਸਟ ਸਪਾਟ ਬਣਾਉਣਾ ਚਾਹੁੰਦੇ ਹਨ।

# ਕੈਪਟਨ ਅਮਰਿੰਦਰ ਵੱਲੋਂ ਮੋਦੀ ਨੂੰ ਚਿੱਠੀ: ਨੌਵੇਂ ਗੁਰੂ ਸਾਹਿਬ ਦਾ ਪ੍ਰਕਾਸ਼ ਪੁਰਬ ਦੇਸ਼ ਪੱਧਰ ਉੱਤੇ ਮਨਾਇਆ ਜਾਵੇ

ਚੰਡੀਗੜ੍ਹ, 13 ਜਨਵਰੀ, (ਪੋਸਟ ਬਿਊਰੋ)- ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸਿੱਖਾਂ ਦੇ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400ਵੇਂ ਪ੍ਰਕਾਸ਼ ਪੁਰਬ ਲਈ ਸਾਰਾ ਸਾਲ ਚੱਲਣ ਵਾਲੇ ਸਮਾਗਮਾਂ ਦੀ ਨਿਗਰਾਨੀ ਲਈ ਕੌਮੀ ਪੱਧਰ ਦੀ ਕਮੇਟੀ ਬਣਾਉਣ ਦੀ ਅਪੀਲ ਕੀਤੀ ਹੈ। ਉਨ੍ਹਾਂ ਨੇ ਇਸ ਕਮੇਟੀ ਦਾ ਗਠਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਸਮਾਗਮਾਂ ਵਾਲੀ ਕਮੇਟੀ ਵਾਂਗ ਕਰਨ ਲਈ ਕਿਹਾ ਹੈ।



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਲਿਖੇ ਪੱਤਰ ਵਿਚ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਰਾਜ ਸਰਕਾਰ ਨੇ ਇਸ ਇਤਿਹਾਸਕ ਦਿਹਾੜੇ ਨੂੰ ਵੱਡੀ ਪੱਧਰ ਉੱਤੇ ਮਨਾਉਣ ਦੀ ਯੋਜਨਾ ਬਣਾਈ ਹੈ ਅਤੇ ਅਪ੍ਰੈਲ 2020 ਤੋਂ ਸ਼ੁਰੂ ਹੋ ਰਹੇ ਸਮਾਗਮ ਸਾਰਾ ਸਾਲ ਚੱਲਣਗੇ। ਉਨ੍ਹਾ ਨੇ ਨਰਿੰਦਰ ਮੋਦੀ ਨੂੰ ਦੱਸਿਆ ਕਿ ਰਾਜ ਸਰਕਾਰ ਨੇ ਇਸ ਪ੍ਰਕਾਸ਼ ਪੁਰਬ ਦੀ ਯਾਦ ਵਿਚ ਇਕ ਵਿਸਥਾਰਤ ਪ੍ਰੋਗਰਾਮ ਬਣਾਇਆ ਹੈ, ਜੋ ਛੇਤੀ ਹੀ ਕੇਂਦਰ ਸਰਕਾਰ ਨੂੰ ਭੇਜਿਆ ਜਾਵੇਗਾ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਧਾਰਮਿਕ ਆਜ਼ਾਦੀ ਤੇ ਸਦਭਾਵਨਾ ਦੀਆਂ ਕਦਰਾਂ-ਕੀਮਤਾਂ ਦੀ ਰਾਖੀ ਲਈ ਆਪਣੇ ਜੀਵਨ ਦਾ ਬਲੀਦਾਨ ਦਿੱਤਾ ਸੀ, ਜਿਸ ਕਰਕੇ ਉਨ੍ਹਾਂ ਨੂੰ 'ਹਿੰਦ ਦੀ ਚਾਦਰ' ਵਜੋਂ ਯਾਦ ਕੀਤਾ ਜਾਂਦਾ ਹੈ, ਇਸ ਲਈ ਉਨ੍ਹਾਂ ਦਾ 400ਵਾਂ ਪ੍ਰਕਾਸ਼ ਦਿਹਾੜਾ ਵੱਡੇ ਪੱਧਰ ਉੱਤੇ ਮਨਾਉਣ ਲਈ ਕੌਮੀ ਪੱਧਰ ਦੀ ਕਮੇਟੀ ਬਣਾਈ ਜਾਣੀ ਚਾਹੀਦੀ ਹੈ।

# ਜੇ ਐੱਨ ਯੂ ਮਾਮਲਾ: ਦਿੱਲੀ ਕਰਾਈਮ ਬ੍ਰਾਂਚ ਵੱਲੋਂ ਵਿਦਿਆਰਥੀ ਯੂਨੀਅਨ ਦੀ ਪ੍ਰਧਾਨ ਤੋਂ ਕਰੜੀ ਪੁੱਛਗਿੱਛ

ਨਵੀਂ ਦਿੱਲੀ, 13 ਜਨਵਰੀ, (ਪੋਸਟ ਬਿਊਰੋ)- ਜਵਾਹਰ ਲਾਲ ਨਹਿਰੂ ਯੂਨੀਵਰਸਿਟੀ (ਜੇ ਐੱਨ ਯੂ) ਹਿੰਸਾ ਮਾਮਲੇ ਵਿੱਚ ਦਿੱਲੀ ਪੁਲਸ ਦੀ ਕਰਾਈਮ ਬ੍ਰਾਂਚ ਦੀ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਨੇ ਅੱਜ ਸੋਮਵਾਰ ਨੂੰ ਜੇ ਐੱਨ ਯੂ ਵਿੱਚ ਜਾ ਕੇ ਵਿਦਿਆਰਥੀ ਯੂਨੀਅਨ ਦੀ ਚੁਣੀ ਹੋਈ ਪ੍ਰਧਾਨ ਆਇਸ਼ੀ ਘੋਸ਼ ਸਮੇਤ ਤਿੰਨ ਵਿਦਿਆਰਥੀਆਂ ਤੋਂ ਪੁੱਛਗਿੱਛ ਕੀਤੀ ਹੈ। ਆਇਸ਼ੀ ਘੋਸ਼ ਤੋਂ ਐੱਸ ਆਈ ਟੀ ਦੀਆਂ ਮਹਿਲਾ ਪੁਲਿਸ ਅਫਸਰਾਂ ਨੇ ਜੇ ਐੱਨ ਯੂ ਕਮਿਊਨਿਟੀ ਸੈਂਟਰ ਵਿੱਚ ਲਗਭਗ 40 ਮਿੰਟ ਤਕ ਪੁੱਛਗਿੱਛ ਕੀਤੀ। ਖੱਬੇ ਪੱਖੀ ਵਿਦਿਆਰਥੀ ਸੰਗਠਨਾਂ ਨਾਲ ਜੁੜੇ ਵਾਸਕਰ ਵਿਜੇ ਤੇ




ਪੰਕਜ ਮਿਸ਼ਰਾ ਤੋਂ ਵੀ ਐਡਮਨ ਬਲਾਕ ਵਿਚਲੇ ਦਫਤਰ ਵਿੱਚ ਕਰੀਬ ਇਕ ਘੰਟੇ ਤਕ ਪੁੱਛਗਿੱਛ ਕੀਤੀ ਗਈ।

ਇਸ ਸੰਬੰਧ ਵਿੱਚ ਇੱਕ ਪੁਲਿਸ ਅਧਿਕਾਰੀ ਦਾ ਕਹਿਣਾ ਹੈ ਕਿ ਤਿੰਨਾਂ ਜਣਿਆਂ ਤੋਂ ਉਸ ਦਿਨ ਦੀ ਘਟਨਾ ਦੇ ਨਾਲ ਜੁੜੇ ਸਵਾਲਾਂ ਬਾਰੇ ਵਿਸਥਾਰ ਵਿੱਚ ਪੁੱਛਗਿੱਛ ਕਰ ਕੇ ਜਾਣਨ ਦੀ ਕੋਸ਼ਿਸ਼ ਕੀਤੀ ਗਈ ਕਿ ਘਟਨਾ ਵੇਲੇ ਉਹ ਕਿੱਥੇ ਸਨ, ਮਾਰ-ਕੁੱਟ ਅਤੇ ਭੰਨ-ਤੋੜ ਵਿੱਚ ਸ਼ਾਮਲ ਸਨ ਜਾਂ ਨਹੀਂ ਅਤੇ ਉਨ੍ਹਾਂ ਨੇ ਕੀ ਦੇਖਿਆ ਸੀ। ਇਨ੍ਹਾਂ ਤਿੰਨਾਂ ਤੋਂ 100 ਤੋਂ ਵੱਧ ਸਵਾਲ ਪੁੱਛੇ ਗਏ ਹਨ। ਕਰਾਈਮ ਬ੍ਰਾਂਚ ਦੇ ਸੂਤਰਾਂ ਮੁਤਾਬਕ ਇਨ੍ਹਾਂ ਤੋਂ ਦੁਬਾਰਾ ਵੀ ਪੁੱਛਗਿੱਛ ਕੀਤੀ ਜਾ ਸਕਦੀ ਹੈ।

ਬੀਤੇ ਸ਼ਨਿਚਰਵਾਰ ਕਰਾਈਮ ਬ੍ਰਾਂਚ ਨੇ ਖੱਬੇ ਪੱਖੀ ਵਿਦਿਆਰਥੀ ਸੰਗਠਨਾਂ ਨਾਲ ਜੁੜੇ ਸੱਤ ਜਣਿਆਂ ਅਤੇ ਭਾਜਪਾ ਪੱਖੀ ਵਿਦਿਆਰਥੀ ਸੰਗਠਨਾਂ ਨਾਲ ਜੁੜੇ ਦੋ ਵਿਦਿਆਰਥੀਆਂ ਨੂੰ ਪੁੱਛਗਿੱਛ ਵਿੱਚ ਸ਼ਾਮਲ ਹੋਣ ਲਈ ਨੋਟਿਸ ਭੇਜਿਆ ਸੀ।

ਜੇ ਐੱਨ ਯੂ ਹਿੰਸਾ ਕੇਸ ਵਿੱਚ ਪਿਛਲੇ ਸ਼ੁੱਕਰਵਾਰ ਕਰਾਈਮ ਬ੍ਰਾਂਚ ਦੀ ਐੱਸ ਆਈ ਟੀ ਨੇ ਜਿਹੜੇ ਨੌਂ ਵਿਦਿਆਰਥੀਆਂ ਦੀਆਂ ਫੋਟੋ ਜਾਰੀ ਕੀਤੀਆਂ ਸਨ, ਉਨ੍ਹਾਂ ਵਿੱਚ ਜੇ ਐੱਨ ਯੂ ਵਿਦਿਆਰਥੀ ਯੂਨੀਅਨ ਦੀ ਪ੍ਰਧਾਨ ਆਇਸ਼ੀ ਘੋਸ਼ ਤੇ ਸਾਬਕਾ ਵਿਦਿਆਰਥੀ ਚੁਨਚੁਨ ਕੁਮਾਰ, ਸਕੂਲ ਆਫ ਸੋਸ਼ਲ ਸਾਇੰਸਿਜ਼ ਦੇ ਵਿਦਿਆਰਥੀ ਪੰਕਜ ਮਿਸ਼ਰਾ ਸ਼ਾਮਲ ਹਨ।

# ਰੋਸ਼ਨੀ ਦੇਖਦੇ ਸਾਰ ਸਿਰਦਰਦ ਹੁੰਦੈ ਤਾਂ ਅਲਰਟ ਹੋ ਜਾਓ

ਲਖਨਊ, 13 ਜਨਵਰੀ (ਪੋਸਟ ਬਿਊਰੋ)- ਤੇਜ਼ ਰੋਸ਼ਨੀ ਦੇਖਦੇ ਹੀ ਚਮਕ ਦੇ ਕਾਰਨ ਤੁਹਾਡੀਆਂ ਅੱਖਾਂ ਆਪਣੇ ਆਪ ਬੰਦ ਹੋ ਜਾਂਦੀਆਂ ਹਨ, ਪਰ ਕੁਝ ਦੇਰ ਬਾਅਦ ਜਦੋਂ ਤੁਸੀਂ ਵਾਪਸ ਦੇਖਦੇ ਹੋ ਤਾਂ ਚੀਜ਼ਾਂ ਸਾਫ-ਸਾਫ ਦਿਖਾਈ ਦੇਣ ਲੱਗਦੀਆਂ ਹਨ। ਅਜਿਹਾ ਉਸ ਸਮੇਂ ਹੁੰਦਾ ਹੈ, ਜਦੋਂ ਤੁਹਾਡੀਆਂ ਅੱਖਾਂ ਨਾਰਮਲ ਹੋਣ। ਜੇ ਤੁਹਾਡੀਆਂ ਅੱਖਾਂ ਰੋਸ਼ਨੀ ਪ੍ਰਤੀ ਸੰਵੇਦਨਸ਼ੀਲ ਹਨ ਤਾਂ ਰੋਸ਼ਨੀ ਦਰਦ ਦੇ ਸਕਦੀ ਹੈ। ਲਾਈਟ ਸੈਂਸੇਟਿਵ ਅੱਖਾਂ 'ਤੇ ਰੋਸ਼ਨੀ ਪੈਂਦਿਆਂ ਹੀ ਸਿਰ ਜਾਂ ਅੱਖਾਂ 'ਚ ਦਰਦ ਦੀ ਸਮੱਸਿਆ ਹੋਣ ਲੱਗਦੀ ਤੇ ਚੀਜ਼ਾਂ ਧੁੰਦਲੀਆਂ ਦਿੱਸਣ ਲੱਗਦੀਆਂ ਹਨ। ਲਾਈਟ ਸੈਂਸੇਟਿਵ ਨੂੰ ਵੀ ਮੈਡੀਕਲ ਸਾਇੰਸ 'ਚ ਫੋਟੋ ਸੈਂਸਟੀਵਿਟੀ ਜਾਂ ਫੋਟੋ ਫੋਬੀਆ ਵੀ ਕਿਹਾ ਜਾਂਦਾ ਹੈ। ਅੱਖਾਂ 'ਚ ਹੰਝੂ ਬਣਨ ਦੀ ਵਿਵਸਥਾ ਕੁਦਰਤ ਨੇ ਇਸ ਲਈ ਬਣਾਈ ਹੈ ਕਿ ਅੱਖਾਂ 'ਚ ਹਰ ਸਮੇਂ ਇੱਕ ਪਰਤ ਨਮੀ ਦੀ ਲੋੜ ਪੈਂਦੀ ਹੈ, ਪਰ ਕੁਝ ਕਾਰਨਾਂ ਨਾਲ ਜੇ ਇਹ ਨਮੀ ਖਤਮ ਹੋ ਜਾਵੇ ਭਾਵ ਤੁਹਾਡਾ ਰੋਸ਼ਨੀ ਦੇਖ ਕੇ ਸਿਰਦਰਦ ਹੁੰਦਾ ਹੈ ਤਾਂ ਅਲਰਟ ਹੋ ਜਾਓ।









# ਸ਼੍ਰੋਮਣੀ ਕਮੇਟੀ ਚਾਲੀ ਸਿੰਘਾਂ ਦੀ ਯਾਦ 'ਚ ਸਪੀਕਿੰਗ ਮਿਊਜ਼ੀਅਮ ਬਣਾਇਆ ਜਾਣਾ ਚਾਹੀਦਾ ਹੈ : ਬਾਬਾ ਬਲਬੀਰ ਸਿੰਘ



ਸ੍ਰੀ ਮੁਕਤਸਰ ਸਾਹਿਬ, 13 ਜਨਵਰੀ (ਗਿਆਨ ਸਿੰਘ): ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖਤ ਚਲਦਾ ਵਹੀਰ ਚੱਕਰਵਰਤੀ ਦੇ ਮੁਖੀ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਮਾਘੀ ਦੇ ਪੁਰਬ ਸੰਧਿਆਂ ਮੌਕੇ ਸਿੱਖ ਕੌਮ ਦੇ ਨਾਮ ਸ਼ੰਦੇਸ ਜਾਰੀ ਕਰਦਿਆ ਕਿਹਾ ਕਿ ਚਾਲੀ ਮੁਕਤਿਆ ਦੇ ਸ਼ਹੀਦੀ ਅਸਥਾਨ ਤੇ ਮੁਕਤਸਰ ਸ਼ਹਿਰ ਵੱਸਿਆ ਹੈ । ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਚਾਲੀ ਸ਼ਹੀਦ ਸਿੰਘਾਂ ਨੂੰ ਮੁਕਤੀ ਪਦ ਬਖਸ਼ ਕੇ ਇਸ ਢਾਬ ਦਾ ਨਾਮ ਮੁਕਤਸਰ ਰੱਖਿਆ ।

ਉਹਨਾਂ ਨੇ ਆਪਣੇ ਸੰਦੇਸ਼ ਵਿੱਚ ਕਿਹਾ ਕਿ ਸਿੱਖ ਧਰਮ ਦੇ ਬਾਨੀ ਸਾਹਿਬ ਸ੍ਰੀ ਗੁਰੂ ਨਾਨਕ ਸਾਹਿਬ ਨੇ ਜਦ ਸਿੱਖ ਧਰਮ ਪ੍ਰਗਟ ਕੀਤਾ ਤਾਂ ਸਿੱਖੀ ਮਹਿਲ ਦੀ ਪਹਿਲੀ ਇੱਟ ਕੁਰਬਾਨੀ ਦੀ ਹੀ ਰੱਖੀ। ਧਰਮ ਪ੍ਰਤੀ ਕੁਰਬਾਨੀ, ਬਲਦਾਨ ਤੇ ਸ਼ਹਾਦਤ ਦਾ ਸੰਕਲਪ ਉਹਨਾਂ ਨੇ ਹੀ ਰੋਸ਼ਨ ਕੀਤਾ ।ਸ਼ਹੀਦੀ ਪ੍ਰੰਪਰਾ ਦੇ ਇਤਹਾਸ ਵਿੱਚ ਸਿੱਖ ਕੌਮ ਦਾ ਸਥਾਨ ਬਹੁਤ ਉੱਚਾ ਤੇ ਮਹਾਨ ਹੈ। ਪੰਜਵੇਂ, ਨੌਵੇਂ, ਦਸਵੇਂ ਜਾਮੇ ਵਿੱਚ ਸਿੱਖ ਗੁਰੂ ਸਾਹਿਬਾਨ ਜੀ ਨੇ ਆਪ ਸ਼ਹੀਦੀ ਦੇ ਕੇ ਗੁਰੂ ਨਾਨਕ ਸਾਹਿਬ ਜੀ ਵੱਲੋ ਸਥਾਪਿਤ ਸ਼ਹੀਦੀ ਪ੍ਰੰਪਰਾ ਨੂੰ ਅਮੀਰ ਕਰ ਦਿੱਤਾ। ਬਾਬਾ ਬਲਬੀਰ ਨੇ ਕਿਹਾ 30 ਮਈ 1606 ਗੁਰੂ ਅਰਜਨ ਸਾਹਿਬ ਸ਼ਹੀਦ ਹੋਏ, 1621 ਵਿੱਚ ਸਿੱਖਾਂ ਨੇ ਸ੍ਰੀ ਹਰਿਗੋਬਿੰਦਪੁਰ ਵਾਲੀ ਧਰਤੀ ਤੇ ਪਹਿਲੀ ਜੰਗ ਲੜੀ, ਉਸ ਸਮੇਂ ਤੋਂ ਹੁਣ ਤੀਕ ਲੱਖਾਂ ਹੀ ਸਿੱਖਾਂ ਨੇ ਤਲੀ ਤੇ ਸੀਸ ਰੱਖ ਕੌਮੀ ਅਣੱਖ ਤੇ ਅਜ਼ਾਦੀ, ਇਨਸਾਫ, ਹੱਕ, ਸੱਚ ਦੇ ਧਰਮ ਲਈ ਜੂਝੇ ਤੇ ਸ਼ਹੀਦ ਹੋਏ ਹਨ। ਉਹਨਾਂ ਨੇ ਜ਼ੋਰ ਦੇ ਕੇ ਕਿਹਾ ਕਿ ਸ਼ਹਾਦਤ ਦਾ ਸਿਧਾਂਤ ਤੇ ਪ੍ਰੰਪਰਾ ਸਿੱਖ ਇਤਿਹਾਸ, ਸਿੱਖ ਸਭਿਆਚਾਰ ਦੀ ਇੱਕ ਨਵੇਕਲੀ ਪਹਿਚਾਣ ਹੈ। ਸ਼ਹੀਦੀ ਅਕਾਲ ਪੁਰਖ ਦੇ ਨੇੜੇ ਹੋਣ ਦਾ ਮੁਕਾਮ ਹੈ। ਸ਼ਹੀਦੀ ਨਿਡਰਤਾ ਦੀ ਨਿਸ਼ਾਨੀ ਹੈ।

ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਨੇ ਕਿਹਾ ਕਿ ਮਾਘੀ ਦੇ ਪਾਵਨ ਦਿਹਾੜੇ ਤੇ ਸ਼ਹੀਦਾਂ ਨੂੰ ਪ੍ਰਣਾਮ ਕਰਨ ਸੰਗਤਾਂ ਵੱਡੀ ਗਿਣਤੀ ਵਿੱਚ ਪੁਜਦੀਆਂ ਹਨ। ਉਹਨਾਂ ਕਿਹਾ ਕਿ ਇਹ ਦਿਹਾੜਾ ਭੁੱਲਾਂ ਬਖਸ਼ਾਉਣ ਵਾਲਾ ਹੈ। ਬੇਦਾਵਾ ਦੇਣ ਵਾਲੇ ਸਿੰਘਾਂ ਨੇ ਕੁਰਬਾਨੀ ਦੇ ਆਪਣੀ ਭੁੱਲ ਬਖ਼ਸ਼ਾਈ ਤੇ ਵੱਖ-ਵੱਖ ਖਿਤਾਬਾਂ ਦੀਆਂ ਬਖ਼ਸ਼ਿਸ਼ਾਂ ਵੀ ਪ੍ਰਾਪਤ ਕੀਤੀਆਂ।

ਉਹਨਾਂ ਨੇ ਕਿਹਾ ਕਿ ਇਸ ਇਤਿਹਾਸਕ ਅਧਿਆਇ ਨੂੰ ਸੰਗਤਾਂ ਵਿੱਚ ਵੱਖ-ਵੱਖ ਮਾਧਿਅਮ ਰਾਹੀ ਪ੍ਰਚਾਰਨ ਦੀ ਲੋੜ ਹੈ ਅਤੇ ਉਹਨਾਂ ਸ਼ਹੀਦ ਸਿੰਘਾਂ ਦੇ ਜੀਵਨ ਬਾਰੇ ਵਿਸਥਾਰਤ ਖੋਜ ਕਾਰਜ ਦੀ ਲੋੜ ਹੈ।ਉਨਾਂ ਕਿਹਾ ਕਿ ਇਹ ਸਮਾਗਮ ਨਿਰੇ ਸਿਆਸੀ ਅਖਾੜੇ ਨਾ ਬਣਨ, ਅੱਜ ਦੇ ਦਿਹਾੜੇ ਦਾ ਅਸਲ ਉਦੇਸ਼ ਵੀ ਸੰਗਤਾਂ ਤੱਕ ਪੁਜਣਾ ਚਾਹੀਦਾ ਹੈ। ਉਹਨਾਂ ਨੇ ਕਿਹਾ ਕਿ ਚਾਲੀ ਸਿੰਘ ਸ਼ਹੀਦਾਂ ਦੀ ਯਾਦ ਵਿੱਚ ਸਪੀਕਿੰਗ ਆਧੁਨਿਕ ਮਿਊਜ਼ੀਅਮ ਅਤੇ ਵਿਦਵਾਨਾਂ ਦੇ ਸਹਿਯੋਗ ਨਾਲ ਸ਼ਹੀਦਾਂ ਦੇ ਜੀਵਨ ਦਾ ਇੱਕ ਸਾਈਕਲੋਪੀਡੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪੰਜਾਬ ਸਰਕਾਰ ਨੂੰ ਤਿਆਰ ਕਰਵਾਉਣਾ ਚਾਹੀਦਾ ਹੈ। ਉਹਨਾਂ ਨੇ ਕਿਹਾ ਕਿ ਪੁਰਾਤਨ ਖਾਲਸਾਈ ਪਰੰਪਰਾ ਅਨੁਸਾਰ ਸਮੂਹ ਨਿਹੰਗ ਸਿੰਘ ਦਲਾਂ ਵੱਲੋ ਬੁੱਢਾ ਦਲ ਦੀ ਅਗਵਾਈ ਵਿੱਚ ਮਹੱਲਾ ਕੱਢਿਆ ਜਾਵੇਗਾ ।

# ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਜਿੱਤੀ ਆਲ ਇੰਡੀਆ ਅੰਤਰ ਯੂਨੀਵਰਸਿਟੀ ਫੁੱਟਬਾਲ ਚੈਂਪੀਅਨਸ਼ਿਪ



ਅੰਮ੍ਰਿਤਸਰ, 13 ਜਨਵਰੀ (ਪੋਸਟ ਬਿਊਰੋ): ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਉੜੀਸਾ ਦੀ ਕੇ.ਆਈ.ਆਈ. ਟੀ. ਯੂਨੀਵਰਸਿਟੀ, ਭੁਵਨੇਸ਼ਵਰ ਵਿਚ ਹੋਈ ਆਲ ਇੰਡੀਆ ਅੰਤਰ ਯੂਨੀਵਰਸਿਟੀ ਫੁੱਟਬਾਲ (ਲੜਕੀਆਂ) ਚੈਂਪੀਅਨਸ਼ਿਪ ਦੌਰਾਨ ਯੂਨੀਵਰਸਿਟੀਆਂ ਦੀਆਂ ਲੜਕੀਆਂ ਨੇ ਇਕ ਹੋਰ ਮਾਰਕਾ ਮਾਰਦਿਆਂ ਇਸ ਚੈਂਪੀਅਨਸ਼ਿਪ ਨੂੰ ਜਿਤ ਲਿਆ। ਇਹ ਮਾਣ ਵਾਲੀ ਗੱਲ ਹੈ ਕਿ ਯੂਨੀਵਰਸਿਟੀਆਂ ਦੀਆਂ ਖਿਡਾਰਨਾਂ ਨੇ ਲਗਾਤਾਰ ਜਿਤ ਦੇ ਝੰਡੇ ਗੱਡਦਿਆਂ ਇਕ ਵੀ ਮੈਚ ਇਸ ਚੈਂਪੀਅਨਸ਼ਿਪ ਦੌਰਾਨ ਨਹੀਂ ਹਾਰਿਆ ਅਤੇ ਪਿਛਲੇ ਸਾਲ ਦੀ ਜਿਤ ਦੇ ਇਤਿਹਾਸ ਨੂੰ ਬਰਕਾਰ ਰੱਖਦਿਆਂ ਮੁੜ ਜਿਤ ਦਾ ਤਾਜ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਿਰ ਸਜਾ ਦਿੱਤਾ ਹੈ। ਲੋਹੜੀ ਵਾਲੇ ਦਿਨ ਇਸ ਖੁਸ਼ੀ ਨੂੰ ਯੂਨੀਵਰਸਿਟੀ ਕੈਂਪਸ ਵਿਚ ਬੜੀ ਖੁਸ਼ੀ ਦੇ ਨਾਲ ਮਨਾਇਆ ਗਿਆ। ਯੂਨੀਵਰਸਿਟੀ ਦੇ ਉਪਕੁਲਪਤੀ ਪ੍ਰੋ. ਜਸਪਾਲ ਸਿੰਘ ਸੰਧੂ ਨੇ ਜਿਥੇ ਇਕ ਪਾਸੇ ਸਮੂਹ ਪੰਜਾਬੀਆਂ ਨੂੰ ਲੋਹੜੀ ਦੀਆਂ ਮੁਬਾਰਕਾਂ ਦਿੱਤੀਆਂ ਉਥੇ ਉਨ੍ਹਾਂ ਇਹ ਵੀ ਕਿਹਾ ਕਿ ਇਸ ਜਿਤ ਨਾਲ ਇਹ ਲੋਹੜੀ ਦੂਣ ਸਵਾਈ ਹੋ ਗਈ ਹੈ। ਉਨ੍ਹਾਂ ਨੇ ਕਿਹਾ ਕਿ ਖਿਡਾਰੀਆਂ ਦੀ ਅਣਥੱਕ ਮਿਹਨਤ ਅਤੇ ਟੀਮ ਦੇ ਕੋਚ ਪ੍ਰਦੀਪ ਕੁਮਾਰ ਦੀ ਯੋਗ ਸਿਖਲਾਈ ਦੀ ਬਦੌਲਤ ਯੂਨੀਵਰਸਿਟੀ ਨੇ ਫੁੱਟਬਾਲ ਖੇਡ ਵਿਚ ਫਿਰ ਇਕ ਵਾਰ ਸਾਰੀਆਂ ਯੂਨੀਵਰਸਿਟੀਆਂ ਵਿਚੋਂ ਸਰਦਾਰੀ ਕਾਇਮ ਰੱਖੀ ਹੈ। ਉਨ੍ਹਾਂ ਨੇ ਕਿਹਾ ਕਿ ਖਿਡਾਰੀਆਂ ਦੀ ਬਦੌਲਤ ਹੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਖੇਡਾਂ ਦੇ ਖੇਤਰ ਵਿਚ ਉਚੇ ਮੁਕਾਮ 'ਤੇ ਪਹੁੰਚ ਰਹੀ ਹੈ।

ਯੂਨੀਵਰਸਿਟੀ ਦੇ ਖੇਡ ਡਾਇਰੈਕਟਰ, ਡਾ. ਸੁਖਦੇਵ ਸਿੰਘ ਨੇ ਇਸ ਜਿਤ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਟੀਮ ਦੇ ਯੂਨੀਵਰਸਿਟੀ ਪੁੱਜਣ 'ਤੇ ਨਿੱਘਾ ਸਵਾਗਤ ਕੀਤਾ ਜਾਵੇਗਾ। ਡਾ. ਕੰਵਰ ਮਨਦੀਪ ਸਿੰਘ, ਸਹਾਇਕ ਡਾਇਰੈਕਟਰ ਨੇ ਇਸ ਮੌਕੇ 'ਤੇ ਖਿਡਾਰਨਾਂ ਅਤੇ ਕੋਚ ਨੂੰ ਵਿਸ਼ੇਸ਼ ਤੌਰ 'ਤੇ ਵਧਾਈ ਦਿੱਤੀ ਅਤੇ ਭਵਿੱਖ ਲਈ ਹੋਰ ਜਿੱਤਾ ਪ੍ਰਾਪਤ ਕਰਨ ਲਈ ਸ਼ੁਭ ਕਾਮਨਾਵਾਂ ਦਿੱਤੀਆਂ।

ਕੋਚ ਪ੍ਰਦੀਪ ਕੁਮਾਰ ਨੇ ਦੱਸਿਆ ਕਿ ਲੀਗ ਮੈਚ 'ਚ ਗਵਾਲੀਅਰ ਯੂਨੀਵਰਸਿਟੀ ਦੀ ਇਕ ਮਜਬੂਤ ਟੀਮ ਨੂੰ ਹਰਾਉਣ ਵਿਚ ਕਾਮਯਾਬੀ ਹਾਸਲ ਹੋਈ ਹੈ। ਇਸ ਸਖਤ ਮੁਕਾਬਲੇ ਵਿਚ ਕਈ ਉਤਰਾਅ ਚੜਾਅ ਆਏ ਪਰ ਜਿਤ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਹਿੱਸੇ ਹੀ ਆਈ। ਉਨ੍ਹਾਂ ਦੱਸਿਆ ਕਿ ਦੂਜੇ ਮੈਚ ਦੌਰਾਨ ਮਿਉਜ਼ੀਰਮ ਯੂਨੀਵਰਸਿਟੀ ਨੂੰ 3-0 ਦੇ ਫਰਕ ਨਾਲ ਹਰਾ ਕੇ ਆਪਣੀ ਜਿਤ ਦਾ ਸਿਲਸਿਲਾ ਅੱਗੇ ਤੋਰਨ ਵਿਚ ਕਾਮਯਾਬੀ ਹਾਸਲ ਕੀਤਾ। ਤੀਜਾ ਮੈਚ ਮਦਰਾਸ ਯੂਨੀਵਰਸਿਟੀ ਦੇ ਨਾਲ ਹੋਇਆ ਜਿਸ ਨੂੰ ਵੀ 2-0 ਦੇ ਫਰਕ ਨਾਲ ਜਿਤ ਲਿਆ ਗਿਆ। ਕੁਆਟਰ ਫਾਈਨਲ ਵਿਚ ਮੁਕਾਬਲਾ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨਾਲ ਹੀ ਸੀ ਪਰ ਉਹ ਵੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀਆਂ ਖਿਡਾਰਨਾਂ ਦੀ ਰਣਨੀਤੀ ਅੱਗੇ ਟਿਕ ਨਾ ਸਕੀ ਅਤੇ 2-0 ਦੇ ਫਰਕ ਨਾਲ ਉਸ ਨੂੰ ਵੀ ਹਾਰ ਦਾ ਸਾਹਮਣਾ ਕਰਨਾ ਪਿਆ।

ਪ੍ਰਦੀਪ ਕੁਮਾਰ ਨੇ ਅੱਗੇ ਦੱਸਿਆ ਕਿ ਸੈਮੀਫਾਈਨਲ ਗੋਆ ਯੂਨੀਵਰਸਿਟੀ ਨਾਲ ਸੀ। ਯੂਨੀਵਰਸਿਟੀ ਦੀਆਂ ਖਿਡਾਰਨਾਂ ਨੇ ਗੋਆ ਦੀਆਂ ਖਿਡਾਰਨਾਂ ਨੂੰ ਖੇਡ ਦੇ ਮੈਦਾਨ ਦੇ ਵਿਚ 2-0 ਦੇ ਫਰਕ ਨਾਲ ਚਿਤ ਕਰ ਦਿੱਤਾ। ਅੰਨਾ ਮਲਾਈ ਯੂਨੀਵਰਸਿਟੀ ਤਾਮਿਲਨਾਡੂ ਜੋ ਆਪਣੇ ਗਰੁੱਪ ਵਿਚ ਜਿਤ ਦਾ ਸਿਲਸਿਲਾ ਜਾਰੀ ਰੱਖਦੀ ਹੋਈ ਅੱਗੇ ਵੱਧ ਰਹੀ ਸੀ, ਨੂੰ ਟੱਕਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਦਿੱਤੀ। ਯੂਨੀਵਰਸਿਟੀ ਦੀਆਂ ਖਿਡਾਰਨਾਂ ਵੱਲੋਂ ਮੈਚ ਦੌਰਾਨ ਵਧੀਆ ਖੇਡ ਪ੍ਰਦਰਸ਼ਨ ਕਰਦਿਆਂ ਅੰਨਾ ਮਲਾਈ ਯੂਨੀਵਰਸਿਟੀ ਦੀਆਂ ਖਿਡਾਰਨਾਂ ਦੇ ਖੇਡ ਦੇ ਮੈਦਾਨ ਵਿਚ ਪੈਰ ਹੀ ਨਹੀਂ ਲੱਗਣ ਦਿੱਤੇ ਗਏ ਅਤੇ ਉਹ ਨਾ ਹੀ ਹਮਲਿਆਂ ਦਾ ਸਾਹਮਣਾ ਕਰ ਸਕਦੀ ਜਿਸਦੀ ਬਦੌਲਤ 2-0 ਦੇ ਫਰਕ ਨਾਲ ਇਹ ਮੈਚ ਵੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਹਿੱਸੇ ਸਖਤ ਮੁਕਾਬਲੇ ਦੇ ਬਾਅਦ ਝੋਲੀ ਵਿਚ ਆ ਪਿਆ।

ਉਨ੍ਹਾਂ ਦੱਸਿਆ ਕਿ ਖਿਡਾਰੀਆਂ ਦੇ ਜਿਤਾਂ ਦੇ ਸਿਲਸਿਲੇ ਨੂੰ ਜਾਰੀ ਰੱਖਣ ਕਰਕੇ ਹੌਸਲੇ ਪੂਰੇ ਬੁਲੰਦ ਹਨ ਅਤੇ ਉਨ੍ਹਾਂ ਵਿਚ ਪੰਜਾਬ ਤੋਂ ਬਾਹਰ ਹੋਣ ਦੇ ਬਾਵਜੂਦ ਵੀ ਲੋਹੜੀ ਵਰਗਾ ਜਸ਼ਨ ਅਤੇ ਚਾਅ ਮਲਾਰ ਪਾਇਆ ਜਾ ਰਿਹਾ ਹੈ।

# ਸਿੱਖ ਨਾਬਾਲਗ ਲੜਕੀ ਨਾਲ ਛੇੜਛਾੜ ਕਰਨ ਦਾ ਦੋਸ਼ੀ ਡੀ ਆਈ ਜੀ ਸਸਪੈਂਡ

ਜਲੰਧਰ, 13 ਜਨਵਰੀ (ਪੋਸਟ ਬਿਊਰੋ)- ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਦੱਸਿਆ ਕਿ ਮਹਾਰਾਸ਼ਟਰ ਵਿੱਚ ਸਿੱਖ ਲੜਕੀ ਨਾਲ ਛੇੜਛਾੜ ਦੇ ਦੋਸ਼ੀ ਡੀ ਆਈ ਜੀ ਨਿਸ਼ੀਕਾਂਤ ਮੋਰੇ ਨੂੰ ਮਹਾਰਾਸ਼ਟਰ ਸਰਕਾਰ ਨੇ ਸਸਪੈਂਡ ਕਰ ਦਿੱਤਾ ਤੇ ਅਦਾਲਤ ਨੇ ਅਗਾਊਂ ਜ਼ਮਾਨਤ ਅਰਜ਼ੀ ਰੱਦ ਕਰ ਦਿੱਤੀ ਹੈ।

ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਉਹ ਮੁੱਖ ਮੰਤਰੀ ਊਧਵ ਠਾਕਰੇ ਦੇ ਧੰਨਵਾਦੀ ਹਨ, ਜਿਨ੍ਹਾਂ ਨੇ ਡੀ ਆਈ ਜੀ ਨੂੰ ਸਸਪੈਂਡ ਕਰਨ ਦੇ ਹੁਕਮ ਦਿੱਤੇ ਹਨ। ਉਨ੍ਹਾਂ ਕਿਹਾ ਕਿ ਉਹ ਮੁੱਖ ਮੰਤਰੀ ਨੂੰ ਅਪੀਲ ਕਰਦੇ ਹਨ ਕਿ ਸਾਰੇ ਮਾਮਲੇ ਦੀ ਡੂੰਘਾਈ ਨਾਲ ਜਾਂਚ ਲਈ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਬਣਾਈ ਜਾਵੇ। ਉਨ੍ਹਾਂ ਕਿਹਾ ਕਿ ਜਿਸ ਡਰਾਈਵਰ ਨੇ ਮੁੱਖ ਮੰਤਰੀ ਦਾ ਨਾਂਅ ਲੈ ਕੇ ਪਰਵਾਰ ਨੂੰ ਨਤੀਜੇ ਭੁਗਤਣ ਦੀ ਧਮਕੀ ਦਿੱਤੀ ਹੈ, ਉਸ ਨੂੰ ਗ੍ਰਿਫਤਾਰ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਡੀ ਆਈ ਜੀ ਵੱਲੋਂ ਵਾਰ ਵਾਰ ਉਸ ਨਾਲ ਛੇੜਛਾੜ ਕਰਨ ਦੇ ਯਤਨਾਂ ਕਾਰਨ ਉਹ ਖੁਦਕੁਸ਼ੀ ਦੇ ਰਾਹ ਪਈ ਹੈ।

ਇਸ ਦੌਰਾਨ ਜਾਮੀਆ ਮਿਲੀਆ ਯੂਨੀਵਰਸਿਟੀ ਦੇ ਟੀਚਰਾਂ ਦੇ ਇੱਕ ਵਫਦ ਨੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਫਤਰ ਜਾ ਕੇ ਕਮੇਟੀ ਦੇ ਜਨਰਲ ਸਕੱਤਰ ਹਰਮੀਤ ਸਿੰਘ ਕਾਲਕਾ ਅਤੇ ਸੀਨੀਅਰ ਮੀਤ ਪ੍ਰਧਾਨ ਰਣਜੀਤ ਕੌਰ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਨਨਕਾਣਾ ਸਾਹਿਬ ਹਮਲੇ ਦੀ ਨਿੰਦਾ ਮਗਰੋਂ ਪਾਕਿ ਹਾਈ ਕਮਿਸ਼ਨ ਨੂੰ ਸੌਂਪੇ ਮੰਗ ਪੱਤਰ ਦੀ ਕਾਪੀ ਦਿੱਤੀ। ਟੀਚਰਾਂ ਦੇ ਵਫਦ ਨੇ ਦੱਸਿਆ ਕਿ ਨਨਕਾਣਾ ਸਾਹਿਬ ਹਮਲੇ ਦੀ ਜਾਣਕਾਰੀ ਮਿਲਣ ਉੱਤੇ ਸਾਰੇ ਟੀਚਰਾਂ ਵੱਲੋਂ ਰੋਸ ਪ੍ਰਗਟ ਕੀਤਾ ਗਿਆ ਅਤੇ ਉਨ੍ਹਾਂ ਲੋਕਾਂ ਖਿਲਾਫ ਸਖਤ ਕਾਰਵਾਈ ਦੀ ਗੱਲ ਕਹੀ ਸੀ ਜਿਨ੍ਹਾਂ ਨੇ ਪਵਿੱਤਰ ਗੁਰਦੁਆਰਾ ਨਨਕਾਣਾ ਸਾਹਿਬ ਉਤੇ ਹਮਲਾ ਕਰਨ ਦੀ ਕੋਝੀ ਹਰਕਤ ਕੀਤੀ ਸੀ।

# ਬਾਦਸ਼ਾਹਪੁਰ ਕਾਂਡ: ਪੀੜਤਾ ਦੀ ਮਾਂ ਨੌਂ ਸਾਲ ਤੋਂ ਇਨਸਾਫ਼ ਲਈ ਕਰ ਰਹੀ ਹੈ ਸੰਘਰਸ਼

ਪਟਿਆਲਾ, 13 ਜਨਵਰੀ (ਪੋਸਟ ਬਿਊਰੋ)- 13 ਨਵੰਬਰ 2012 ਨੂੰ ਦੀਵਾਲੀ ਦੀ ਰਾਤ ਪਾਤੜਾਂ ਦੇ ਪਿੰਡ ਬਾਦਸ਼ਾਹਪੁਰ ਦੀ 18 ਸਾਲਾ ਲੜਕੀ ਨੂੰ ਅਗਵਾ ਕਰ ਕੇ ਸਮੂਹਿਕ ਬਲਾਤਕਾਰ ਕਰਨ ਅਤੇ ਇਨਸਾਫ਼ ਨਾ ਮਿਲਣ ਉੱਤੇ ਪੀੜਤਾ ਵੱਲੋਂ ਖ਼ੁਦਕੁਸ਼ੀ ਕਰਨ ਦੇ ਕੇਸ ਵਿੱਚ ਪੀੜਤਾ ਦੀ ਮਾਂ ਨੂੰ ਨੌਂ ਸਾਲ ਬਾਅਦ ਵੀ ਨਿਆਂ ਨਹੀਂ ਮਿਲਿਆ। ਪੀੜਤਾ ਦੀ ਮਾਂ ਸੁਰਜੀਤ ਕੌਰ ਨੇ ਕਿਹਾ ਕਿ ਜਦੋਂ ਤੱਕ ਮੁਲਜ਼ਮਾਂ ਨੂੰ ਫਾਂਸੀ ਦੀ ਸਜ਼ਾ ਨਹੀਂ ਹੁੰਦੀ, ਇਹ ਸੰਘਰਸ਼ ਜਾਰੀ ਰਹੇਗਾ। ਪਟਿਆਲਾ ਪੁਲਸ ਨੇ ਇਸ ਕੇਸ ਵਿੱਚ ਏ ਐਸ ਆਈ ਨਸੀਬ ਸਿੰਘ ਤੇ ਇੱਕ ਹੋਰ ਦੋਸ਼ੀ ਗੁਰਚਰਨ ਸਿੰਘ ਨੂੰ ਕੇਸ ਤੋਂ ਬਰੀ ਕਰਵਾ ਲਿਆ ਸੀ ਪਰ ਉਨ੍ਹਾਂ ਨੇ ਸਜ਼ਾ ਪਾਉਣ ਵਾਲੇ ਸ਼ਿੰਦਰਪਾਲ ਕੌਰ, ਬਲਵਿੰਦਰ, ਸੰਦੀਪ ਤੇ ਗੁਰਪ੍ਰੀਤ ਸਮੇਤ ਇਨ੍ਹਾਂ ਛੇਆਂ ਖ਼ਿਲਾਫ਼ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਸੀ। ਹਾਈ ਕੋਰਟ ਨੇ ਇਸ ਕੇਸ ਦੀ ਫਿਰ ਸੁਣਵਾਈ ਦਾ ਫੈਸਲਾ ਕੀਤਾ ਹੈ, ਜਿਸ ਵਿੱਚ ਬਰੀ ਹੋਏ ਵਿਅਕਤੀਆਂ ਦੀ ਵੀ ਪੇਸ਼ੀ ਹੋਵੇਗੀ।

# ਜੇਲ੍ਹਾਂ ਦੀ ਸੁਰੱਖਿਆ ਤੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਰੰਧਾਵਾ ਨੇ ਕੀਤੀ ਉਚ ਅਧਿਕਾਰੀਆਂ ਨਾਲ ਮੀਟਿੰਗ



ਚੰਡੀਗੜ੍ਹ, 13 ਜਨਵਰੀ (ਗਿਆਨ ਸਿੰਘ): ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਅੱਜ ਜੇਲ੍ਹਾਂ ਅੰਦਰ ਸੁਰੱਖਿਆ ਵਿਵਸਥਾ ਨੂੰ ਹੋਰ ਪੁਖਤਾ ਬਣਾਉਣ ਲਈ ਬੁਨਿਆਦੀ ਢਾਂਚੇ ਨੂੰ ਮਜਬੂਤ ਕਰਨ, ਲੋੜੀਂਦਾ ਸਟਾਫ ਪੂਰਾ ਕਰਨ ਅਤੇ ਆਪਸੀ ਤਾਲਮੇਲ ਨੂੰ ਹੋਰ ਬਿਹਤਰ ਬਣਾਉਣ ਲਈ ਗ੍ਰਹਿ, ਜੇਲ੍ਹ ਤੇ ਪੁਲਿਸ ਸਣੇ ਹੋਰ ਵੱਖ-ਵੱਖ ਸਬੰਧਤ ਵਿਭਾਗਾਂ ਦੇ ਸੀਨੀਅਰ ਅਧਿਕਾਰੀਆਂ ਨਾਲ ਉਚ ਪੱਧਰੀ ਮੀਟਿੰਗ ਕੀਤੀ।

ਮੀਟਿੰਗ ਉਪਰੰਤ ਪ੍ਰੈਸ ਨੂੰ ਵੇਰਵੇ ਦਿੰਦਿਆਂ ਰੰਧਾਵਾ ਨੇ ਦੱਸਿਆ ਕਿ ਸੂਬੇ ਦੀਆਂ ਜੇਲ੍ਹਾਂ ਵਿੱਚ ਬਣਾਏ ਜਾਣ ਵਾਲੇ 21 ਉਚ ਸੁਰੱਖਿਆ ਜੋਨਾਂ ਵਿੱਚੋਂ 12 ਮੁਕੰਮਲ ਹੋ ਗਏ ਹਨ ਅਤੇ ਜਦੋਂ ਕਿ ਬਾਕੀ 9 ਦਾ ਕੰਮ ਬੜੀ ਤੇਜੀ ਨਾਲ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਜੋਨ ਅਤਿ ਆਧੁਨਿਕ ਸੁਰੱਖਿਆ ਤਕਨੀਕਾਂ ਨਾਲ ਲੈਸ ਹੋਣਗੇ ਜਿਨ੍ਹਾਂ ਵਿੱਚ 'ਏ' ਕੈਟੇਗਰੀ ਦੇ ਅਪਰਾਧੀਆਂ ਨੂੰ ਰੱਖਿਆ ਜਾਵੇਗਾ। ਇਸ ਦੇ ਨਾਲ ਹੀ ਜੇਲ੍ਹਾਂ ਵਿੱਚ ਸੁਰੱਖਿਆ ਦੇ ਪੱਖ ਤੋਂ ਸਿਰ ਤੋਂ ਪੈਰਾਂ ਤੱਕ ਸਰੀਰ ਦੀ ਜਾਂਚ ਲਈ ਸਕੈਨਰ (ਫੁੱਲ ਬਾਡੀ ਸਕੈਨਰ) ਲਗਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਮੀਟਿੰਗ ਦੌਰਾਨ ਇਸ ਗੱਲ ਉਤੇ ਵੀ ਵਿਚਾਰ ਚਰਚਾ ਹੋਈ ਕਿ ਜੇਲ੍ਹਾਂ ਦੀਆਂ ਦੀਵਾਰਾਂ ਦੇ ਉਪਰ ਦੀ ਸੁੱਟੀਆਂ ਜਾਂਦੀਆਂ ਵਸਤਾਂ/ਮੋਬਾਈਲ ਨੂੰ ਰੋਕਣ ਲਈ ਅਜਿਹੀ ਸੁਰੱਖਿਆ ਵਿਵਸਥਾ ਕਾਇਮ ਕੀਤੀ ਜਾਵੇ ਜੋ ਜੇਲ੍ਹਾਂ ਦੀ 100 ਫੀਸਦੀ ਸੁਰੱਖਿਆ ਨੂੰ ਯਕੀਨੀ ਬਣਾਵੇ। ਇਸ ਤੋਂ ਇਲਾਵਾ ਸੀ.ਸੀ.ਟੀ.ਵੀਜ ਕੈਮਰੇ ਪਹਿਲਾਂ ਹੀ ਸਥਾਪਤ ਕੀਤੇ ਗਏ ਹਨ ਅਤੇ ਭਵਿੱਖ ਵਿੱਚ ਰੰਗਦਾਰ ਕੈਮਰੇ ਸਥਾਪਨ ਕਰਨ ਦੀ ਵੀ ਤਜਵੀਜ ਹੈ।

ਮੀਟਿੰਗ ਵਿੱਚ ਜੇਲ੍ਹਾਂ ਲਈ ਲੋੜੀਂਦੇ ਸਟਾਫ ਦੀ ਪੂਰਤੀ ਲਈ ਨਵੀਂ ਭਰਤੀ ਅਤੇ ਪੁਲਿਸ ਵਿਭਾਗ ਤੋਂ ਡੈਪੂਟੇਸਨ 'ਤੇ ਅਧਿਕਾਰੀ ਲੈਣ ਲਈ ਵਿਚਾਰ ਚਰਚਾ ਹੋਈ ਜਿਸ ਬਾਰੇ ਖੁਲਾਸਾ ਕਰਦਿਆਂ ਰੰਧਾਵਾ ਨੇ ਦੱਸਿਆ ਕਿ 305 ਨਵੇਂ ਵਾਰਡਰਾਂ ਦੀ ਭਰਤੀ ਕੀਤੀ ਜਾਵੇਗੀ ਜਿਸ ਸਬੰਧੀ ਮੰਤਰੀ ਮੰਡਲ ਵੱਲੋਂ ਮਨਜੂਰੀ ਮਿਲ ਗਈ ਸੀ। ਇਸ ਤੋਂ ਇਲਾਵਾ ਨਵੀਂ ਭਰਤੀ ਲਈ ਖਾਲੀ ਪੋਸਟਾਂ ਦਾ ਪਤਾ ਲਗਾਉਣ ਲਈ ਅਸਾਮੀਆਂ ਦਾ ਪੁਨਰਗਠਨ ਕੀਤਾ ਜਾਵੇ। ਜੇਲ੍ਹ ਮੰਤਰੀ ਨੇ ਅੱਗੇ ਦੱਸਿਆ ਕਿ ਪੁਲਿਸ ਵਿਭਾਗ ਕੋਲੋਂ 20 ਇੰਸਪੈਕਟਰ ਰੈਂਕ ਦੇ ਅਫਸਰਾਂ ਨੂੰ ਡੈਪੂਟੇਸਨ 'ਤੇ ਲੈ ਕੇ ਡਿਪਟੀ ਸੁਪਰਡੈਂਟ ਗਰੇਡ-2, ਦੋ ਸੀਨੀਅਰ ਏ.ਆਈ.ਆਈ./ਐਸ.ਪੀ. ਨੂੰ ਡੀ.ਆਈ.ਜੀ. ਜੇਲ੍ਹਾਂ ਅਤੇ ਤੇ 6 ਐਸ.ਪੀ. ਰੈਂਕ ਦੇ ਅਫਸਰਾਂ ਨੂੰ ਲੈ ਕੇ ਸੁਪਰਡੈਂਟ ਜੇਲ੍ਹ ਦੀ ਪੋਸਟ 'ਤੇ ਤਾਇਨਾਤ ਕਰਨ ਲਈ ਤਜਵੀਜ ਤਿਆਰ ਕਰਨ ਦਾ ਫੈਸਲਾ ਹੋਇਆ।

ਜੇਲ੍ਹ ਮੰਤਰੀ ਨੇ ਅੱਗੇ ਦੱਸਿਆ ਕਿ ਸੂਬੇ ਦੀਆਂ ਛੇ ਜੇਲ੍ਹਾਂ ਦੀ ਸੁਰੱਖਿਆ ਲਈ ਸੀ.ਆਰ.ਐਫ.ਪੀ. ਦੀ ਤਾਇਨਾਤੀ ਦਾ ਕੇਸ ਕੇਂਦਰ ਨੂੰ ਭੇਜਿਆ ਗਿਆ ਸੀ ਜਿਸ ਵਿੱਚੋਂ ਚਾਰ ਜੇਲ੍ਹਾਂ ਅੰਮ੍ਰਿਤਸਰ, ਬਠਿੰਡਾ, ਕਪੂਰਥਲਾ ਤੇ ਲੁਧਿਆਣਾ ਵਿਖੇ ਸੀ.ਆਰ.ਪੀ.ਐਫ. ਤਾਇਨਾਤ ਕਰ ਦਿੱਤੀ ਗਈ ਹੈ ਜਦੋਂ ਕਿ ਦੋ ਜੇਲ੍ਹਾਂ ਵਿਖੇ ਹਾਲੇ ਰਹਿੰਦੀ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਦੀ ਪੈਰਵੀ ਲਈ ਗ੍ਰਹਿ ਮੰਤਰਾਲੇ ਕੋਲ ਪਹੁੰਚ ਕਰਨ ਦਾ ਫੈਸਲਾ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਜੇਲ੍ਹਾਂ ਵਿੱਚ ਕੈਦੀਆਂ ਦੀ ਗਿਣਤੀ ਦਾ ਅਨੁਪਾਤ ਸਹੀ ਰੱਖਣ ਲਈ ਗੋਇੰਦਵਾਲ ਸਾਹਿਬ ਵਿਖੇ ਬਣ ਰਹੀ ਨਵੀਂ ਜੇਲ੍ਹ ਦਾ ਕੰਮ 75 ਫੀਸਦੀ ਮੁਕੰਮਲ ਹੋ ਗਿਆ ਹੈ। ਜੇਲ੍ਹ ਮੰਤਰੀ ਨੇ ਆਪਣੇ ਅਧਿਕਾਰੀਆਂ ਤੇ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਨੂੰ ਨਿਰਦੇਸ ਦਿੱਤੇ ਕਿ ਜੇਲ੍ਹ ਦੀ ਉਸਾਰੀ ਦਾ ਕੰਮ ਜਲਦ ਪੂਰਾ ਕੀਤਾ ਜਾਵੇ।

ਜੇਲ੍ਹ ਮੰਤਰੀ ਨੇ ਅੱਗੇ ਦੱਸਿਆ ਕਿ ਮੀਟਿੰਗ ਦੌਰਾਨ ਇਹ ਵੀ ਫੈਸਲਾ ਕੀਤਾ ਗਿਆ ਕਿ ਜੇਲ੍ਹਾਂ ਲਈ ਨਵੀਆਂ ਐਂਬੂਲੈਸਾਂ ਖਰੀਦਣ ਲਈ ਸੂਬੇ ਦੇ ਸੰਸਦ ਮੈਂਬਰਾਂ ਕੋਲ ਪਹੁੰਚ ਕੀਤੀ ਜਾਵੇ ਤਾਂ ਜੋ ਇਹ ਐਮ.ਪੀ.ਲੈਂਡ ਫੰਡ ਵਿੱਚੋਂ ਖਰੀਦੀਆਂ ਜਾ ਸਕਣ ਕਿਉਂਕਿ ਇਸ ਨੂੰ ਸੰਸਦ ਮੈਂਬਰ ਦੇ ਅਖਿਤਆਰੀ ਕੋਟੇ ਵਿੱਚੋਂ ਖਰੀਦਣ ਦਾ ਉਪਬੰਧ ਹੈ। ਉਨ੍ਹਾਂ ਕਿਹਾ ਕਿ ਕੁਝ ਸੰਸਦ ਮੈਂਬਰਾਂ ਨਾਲ ਉਨ੍ਹਾਂ ਨਿੱਜੀ ਤੌਰ 'ਤੇ ਗੱਲ ਕੀਤੀ ਹੈ ਜਿਨ੍ਹਾਂ ਇਸ ਤਜਵੀਜ ਉਤੇ ਆਪਣੀ ਸਹਿਮਤੀ ਪ੍ਰਗਟ ਕੀਤੀ ਹੈ। ਇਸੇ ਤਰ੍ਹਾਂ ਜੇਲ੍ਹ ਸਟਾਫ ਲਈ ਲੋੜੀਂਦੀਆਂ ਗੱਡੀਆਂ ਖਰੀਦਣ ਲਈ ਕੇਸ ਤਿਆਰ ਕਰ ਕੇ ਵਿੱਤ ਵਿਭਾਗ ਨੂੰ ਭੇਜਿਆ ਜਾਵੇਗਾ।

# ਲੋਕਾਂ ਦੀਆਂ ਸ਼ਿਕਾਇਤਾਂ ਸੁਣਨ ਲਈ ਖੁੱਲ੍ਹਾ ਦਰਬਾਰ 15 ਜਨਵਰੀ ਨੂੰ




ਫਰੀਦਕੋਟ, 13 ਜਨਵਰੀ (ਗਿਆਨ ਸਿੰਘ): ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਜਿਲਾ ਪ੍ਰਸ਼ਾਸਨ ਵੱਲੋਂ ਸਰਕਾਰੀ ਵਿਭਾਗਾਂ ਦੇ ਵੱਖ ਵੱਖ ਦਫਤਰਾਂ ਨਾਲ ਸਬੰਧਤ ਆਮ ਲੋਕਾਂ ਦੀਆਂ ਸ਼ਿਕਾਇਤਾਂ ਤੋਂ ਇਲਾਵਾ ਲੋਕਾਂ ਦੀ ਹਰ ਤਰਾਂ ਦੀ ਸ਼ਿਕਾਇਤ ਸੁਣਨ ਅਤੇ ਉਨਾਂ ਦੇ ਨਿਪਟਾਰੇ ਲਈ ਹਫਤੇ ਦੇ ਹਰ ਬੁੱਧਵਾਰ ਨੂੰ ਡੀ.ਸੀ. ਦਫਤਰ ਦੇ ਅਸ਼ੋਕਾ ਚੱਕਰ ਮੀਟਿੰਗ ਹਾਲ ਵਿੱਚ 15 ਜਨਵਰੀ 2020 ਨੂੰ ਸਵੇਰੇ 11 ਵਜੇ ਤੋਂ 1 ਵਜੇ ਤੱਕ ਸੰਗਤ ਦਰਸ਼ਨ ਦਾ ਆਯੋਜਨ ਕੀਤਾ ਜਾ ਰਿਹਾ ਹੈ । ਇਹ ਜਾਣਕਾਰੀ ਵਧੀਕ ਡਿਪਟੀ ਕਮਿਸ਼ਨਰ (ਜਨ) ਸ: ਗੁਰਜੀਤ ਸਿੰਘ ਨੇ ਦਿੱਤੀ।

ਉਨਾਂ ਦੱਸਿਆ ਕਿ ਮੌਕੇ ਤੇ ਪ੍ਰਾਪਤ ਸ਼ਿਕਾਇਤਾਂ ਜਾਂ ਸਮੱਸਿਆਵਾਂ ਨੂੰ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਸੌਂਪਿਆ ਜਾਵੇਗਾ ਅਤੇ ਉਨਾਂ ਨੂੰ ਹਦਾਇਤ ਕੀਤੀ ਜਾਵੇਗੀ ਕਿ ਇਨਾਂ ਸ਼ਿਕਾਇਤਾਂ ਦਾ ਨਿਪਟਾਰਾ ਜਾ ਤਾਂ ਤੁਰੰਤ ਕੀਤਾ ਜਾਵੇ ਜਾਂ ਇਸ ਲਈ ਸਮਾਂ ਸੀਮਾ ਨਿਰਧਾਰਤ ਕਰਕੇ ਸ਼ਿਕਾਇਤਕਰਤਾ ਨੂੰ ਮੌਕੇ ਤੇ ਹੀ ਦੱਸਿਆ ਜਾਵੇ। ਉਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਆਪਣੀਆਂ ਮੁਸ਼ਕਿਲਾਂ ਦੇ ਹੱਲ ਲਈ ਇਸ ਸੰਗਤ ਦਰਸ਼ਨ ਵਿਚ ਪਹੁੰਚਣ।

ਬਰਾੜ ਗਰਾਜ ਡੋਰ

ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers

We Install
Garage Door Openers
• ਕਾਲ ਕਰੋ: 416-357-4082 •

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ

Your Travel Safety
Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ


ਕਰਤਾਰ ਫਰਨੀਚਰ
- ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com
Call Rajinder Singh 416.741.9657
69 Westmore Dr. #20
Etobicoke ON, M9V 3Y6



# ਸੰਪਾਦਕੀ

## ਉਂਟੇਰੀਓ ਸਿੱਖ ਭਾਈਚਾਰੇ ਨੂੰ ਦਰਪੇਸ਼ ਲੀਡਰਸ਼ਿੱਪ ਸੰਕਟ

ਬੀਤੇ ਦਿਨੀਂ ਉਂਟੇਰੀਓ ਗੁਰਦੁਆਰਾ ਕਾਉਂਸਲ ਵੱਲੋਂ ਪੰਜਾਬੀ ਮੀਡੀਆ ਨਾਲ ਕੀਤੀ ਕਾਨਫਰੰਸ ਤੋਂ ਬਾਅਦ ਐਨੇ ਜਵਾਬ ਸਪੱਸ਼ਟ ਨਹੀਂ ਹੋਏ ਜਿੰਨੇ ਸੁਆਲ ਸਿੱਖ ਭਾਈਚਾਰੇ ਵਿੱਚ ਅਸਰਦਾਰ ਲੀਡਰਸ਼ਿੱਪ ਦੀ ਪਾਈ ਜਾਂਦੀ ਘਾਟ ਬਾਰੇ ਪੈਦਾ ਹੋਏ। ਬੇਸ਼ੱਕ ਵਰਲਡ ਸਿੱਖ ਆਰਗੇਨਾਈਜ਼ੇਸ਼ਨ (ਡਬਲਿਊ ਐਸ ਓ), ਉਂਟੇਰੀਓ ਸਿੱਖਜ਼ ਅਤੇ ਗੁਰਦੁਆਰਾ ਕਾਉਂਸਲ ਅਤੇ ਉਂਟੇਰੀਓ ਗੁਰਦੁਆਰਾ ਕਮੇਟੀ ਤਿੰਨ ਜੱਥੇਬੰਦੀਆਂ ਹਨ ਜੋ ਕਿਸੇ ਵਿਸ਼ੇਸ਼ ਧਾਰਮਿਕ ਸਥਾਨ ਨਾਲ ਸਬੰਧਿਤ ਨਾ ਹੋ ਕੇ ਸਿੱਖਾਂ ਦੇ ਵੱਡੇ ਹਿੱਤਾਂ ਲਈ ਵੱਡੀ ਆਵਾਜ਼ ਬਣਨ ਦਾ ਦਾਅਵਾ ਕਰਦੀਆਂ ਹਨ। ਜੇ ਉਂਟੇਰੀਓ ਦੀ ਗੱਲ ਕੀਤੀ ਜਾਵੇ ਤਾਂ ਉਂਟੇਰੀਓ ਸਿੱਖਜ਼ ਅਤੇ ਗੁਰਦੁਆਰਾ ਕਾਉਂਸਲ ਅਤੇ ਉਂਟੇਰੀਓ ਗੁਰਦੁਆਰਾ ਕਾਉਂਸਲ ਵਿਸ਼ੇਸ਼ ਰੂਪ ਵਿੱਚ ਨਿਹਿਤ ਹਨ ਕਿਉਂਕਿ ਉਹਨਾਂ ਦਾ ਨਾਮ, ਸੰਵਿਧਾਨ ਅਤੇ ਕੰਮਕਾਜ਼ ਦਾ ਦਾਇਰਾ ਉਂਟੇਰੀਓ ਤੱਕ ਸੀਮਤ ਹਨ।

ਕੱਲ ਦੀ ਕਾਨਫਰੰਸ ਵਿੱਚ ਵਿਚਾਰਨਯੋਗ ਕਈ ਮੁੱਦਿਆਂ ਉੱਤੇ ਸੁਆਲ ਪੁੱਛੇ ਗਏ ਜਿਹਨਾਂ ਬਾਰੇ ਉਂਟੇਰੀਓ ਗੁਰਦੁਆਰਾ ਕਮੇਟੀ ਵੱਲੋਂ ਕੋਈ ਸਪੱਸ਼ਟ ਸਟੈਂਡ ਨਹੀਂ ਵਿਖਾਇਆ ਗਿਆ। ਇਹ ਉਹ ਅਜਿਹੇ ਮੁੱਦੇ ਸਨ ਜਿਹਨਾਂ ਉੱਤੇ ਉਂਟੇਰੀਓ ਦੀਆਂ ਸਿੱਖ ਜੱਥੇਬੰਦੀਆਂ ਵੱਲੋਂ ਸਿੱਖਾਂ ਨੂੰ ਸੇਧ ਦੇਣ ਦੀ ਘਾਟ ਚਿਰਾਂ ਤੋਂ ਪਾਈ ਜਾਂਦੀ ਰਹੀ ਹੈ। ਮਿਸਾਲ ਵਜੋਂ ਬਹੁ-ਚਰਚਿਤ ਰੈਫਰੈਂਡਮ 2020, ਅਕਾਲ ਤਖ਼ਤ ਸਾਹਿਬ ਦਾ ਅਸਲ ਜੱਥੇਦਾਰ ਕਿਸ ਨੂੰ ਮੰਨਿਆ ਜਾਵੇ, ਨਾਨਕਸ਼ਾਹੀ ਜਾਂ ਅਕਾਲ ਤਖ਼ਤ ਵੱਲੋਂ ਜਾਰੀ ਕੀਤੇ ਗਏ ਕੈਲੰਡਰ ਵਿੱਚੋਂ ਕਿਹੜਾ ਮੰਨਣਯੋਗ ਹੈ, ਆਦਿ ਮੁੱਦਿਆਂ ਉੱਤੇ ਅਕਸਰ ਢੰਗ ਟਪਾਊ ਪ੍ਰਤੀਕਰਮ ਦੇਣਾ ਆਮ ਗੱਲ ਹੈ ਜਿਸ ਸਦਕਾ ਸਿੱਖ ਭਾਈਚਾਰੇ ਵਿੱਚ ਸੱਪਸ਼ਟਤਾ ਪੈਦਾ ਹੋਣ ਦੀ ਥਾਂ ਭੰਬਲਭੂਸੇ ਪੈਦਾ ਹੁੰਦੇ ਹਨ। ਕਈ ਵਾਰ ਤਾਂ ਇਹ ਪ੍ਰਤੀਕਰਮ ਵੀ ਦਿੱਤੇ ਜਾਂਦੇ ਹਨ ਕਿ ਗੁਰਦੁਆਰਾ ਸਾਹਿਬ ਵਾਲਿਆਂ ਤੋਂ ਪਤਾ ਕੀਤਾ ਜਾਵੇ। ਸਮੁੱਚੇ ਸਿੱਖ ਭਾਈਚਾਰੇ ਦੀ ਨੁਮਾਇੰਦਗੀ ਕਰਨ ਦਾ ਦਾਅਵਾ ਕਰਨ ਵਾਲੀਆਂ ਜੱਥੇਬੰਦੀਆਂ ਦਾ ਇਹ ਮੁੱਢਲਾ ਫਰਜ਼ ਬਣਦਾ ਹੈ ਕਿ ਉਹ ਸਮੂਹ ਸਿੱਖ ਜੱਥੇਬੰਦੀਆਂ ਨਾਲ ਤਾਲਮੇਲ ਪੈਦਾ ਕਰਕੇ ਇੱਕ ਰਾਏ ਪੈਦਾ ਕਰਨ। ਜੇ ਜਨਤਕ ਸਮੂਹ ਦੀ ਆਵਾਜ਼ ਬਣਨ ਦਾ ਹੋਕਾ ਦੇਣ ਵਾਲੀਆਂ ਜੱਥੇਬੰਦੀਆਂ ਅਜਿਹਾ ਕਰਨ ਵਿੱਚ ਅਸਫ਼ਲ ਰਹਿਣ ਤਾਂ ਦੋਸ਼ ਕਿਸ ਉੱਤੇ ਲਾਇਆ ਜਾਵੇ?

ਉਪਰੋਕਤ ਦੱਸੇ ਚੰਦ ਕੁ ਮਸਲਿਆਂ ਬਾਰੇ ਆਖਿਆ ਜਾ ਸਕਦਾ ਹੈ ਕਿ ਇਹ ਸਿੱਖ ਭਾਈਚਾਰੇ ਦੇ ਅੰਦਰੂਨੀ ਮਸਲੇ ਹਨ ਪਰ ਦੁੱਖ ਨਾਲ ਆਖਣਾ ਪੈਂਦਾ ਹੈ ਕਿ ਕੈਨੇਡਾ ਵਿੱਚ ਵੱਖ ਵੱਖ ਪੱਧਰ ਦੀਆਂ ਸਰਕਾਰਾਂ ਦੇ ਫੈਸਲਿਆਂ ਕਾਰਣ ਪੈਦਾ ਹੋਈਆਂ ਦੁਬਿਧਾਵਾਂ ਬਾਰੇ ਅਗਵਾਈ ਨਾ ਦੇਣਾ ਇੱਕ ਬਿਮਾਰੀ ਬਣਦਾ ਜਾ ਰਿਹਾ ਹੈ। ਮਿਸਾਲ ਵਜੋਂ ਮੈਰੀਉਆਨਾ ਅਤੇ ਹੋਰ ਡਰੱਗਾਂ ਦੇ ਕਾਨੂੰਨੀ ਬਣਾਏ ਜਾਣ, ਸਵੈ ਦੀ ਮਰਜ਼ੀ ਨਾਲ ਜੀਵਨ ਲੀਲਾ ਖਤਮ ਕਰਨ, ਐਲ ਜੀ ਬੀ ਟੀ ਕਿਊ ਆਦਿ ਮੁੱਦਿਆਂ ਉੱਤੇ ਸਿੱਖ ਜੱਥੇਬੰਦੀਆਂ ਇਹ ਦੱਸਣ ਵਿੱਚ ਫੇਲ੍ਹ ਰਹੀਆਂ ਹਨ ਕਿ ਸਿੱਖ ਸਿਧਾਂਤਾਂ ਅਨੁਸਾਰ ਕੀ ਗਲਤ ਹੈ ਅਤੇ ਕੀ ਠੀਕ। ਕੀ ਚੋਣਾਂ ਦੌਰਾਨ ਆਗੂਆਂ ਜਾਂ ਆਗੂਆਂ ਦੇ ਆਪਣੇ ਹਿੱਤਕਾਰਾਂ ਦੇ ਹਿੱਤਾਂ ਮੁਤਾਬਕ ਬੋਲਣ ਜਾਂ ਚੁੱਪ ਵੱਟਣ ਨੂੰ ਲੀਡਰਸ਼ਿੱਪ ਆਖਿਆ ਜਾ ਸਕਦਾ ਹੈ?

ਇਸਦੇ ਉਲਟ ਜੇ ਅਹਿਮਦੀਆ, ਯਹੂਦੀ ਜਾਂ ਈਸਾਈ ਆਦਿ ਭਾਈਚਾਰੇ ਦੇ ਕੰਮਕਾਜ ਨੂੰ ਪੜਚੋਲਿਆ ਜਾਵੇ ਤਾਂ ਵੱਖੋ ਵੱਖਰੇ ਮੁੱਦਿਆਂ ਉੱਤੇ ਲਏ ਉਹਨਾਂ ਦੇ ਸਟੈਂਡ ਸਪੱਸ਼ਟ ਵਿਖਾਈ ਦੇਂਦੇ ਹਨ। ਬੀਤੇ ਦਿਨੀਂ ਇੰਗਲੈਂਡ ਦੇ ਸ਼ਾਹੀ ਖਾਨਦਾਨ ਦੇ ਦੋ ਸਿਤਾਰਿਆਂ ਪ੍ਰਿੰਸ ਹੈਰੀ ਅਤੇ ਉਸਦੀ ਪਤਨੀ ਮੇਘਨ ਮਾਰਕਲ ਦੇ ਸ਼ਾਹੀ ਨਿਵਾਸ ਛੱਡ ਕੇ ਉੱਤਰੀ ਅਮਰੀਕਾ (ਸ਼ਾਇਦ ਕੈਨੇਡਾ) ਆਉਣ ਦਾ ਐਲਾਨ ਕਰਨ ਤੋਂ ਬਾਅਦ ਕ੍ਰਿਸਚੀਅਨ ਮਾਨੀਟਰ ਰਿਸਾਲੇ ਨੇ ਇੱਕ ਲੰਬਾ ਚੌੜਾ ਆਰਟੀਕਲ ਲਿਖਿਆ ਹੈ ਕਿ ਕਿਵੇਂ ਸ਼ਾਹੀ ਘਰਾਣੇ ਦੀ ਰਿਵਾਇਤ ਈਸਾਈ ਕਦਰਾਂ ਕੀਮਤਾਂ ਨਾਲ ਮੇਲ ਖਾ ਕੇ ਚੱਲਦੀ ਆਈ ਹੈ ਅਤੇ ਪ੍ਰਿੰਸ ਹੈਰੀ ਅਤੇ ਮਾਰਕਲ ਵੱਲੋਂ ਚੁੱਕੇ ਜਾਣ ਵਾਲੇ ਕਦਮ ਨਾਲ ਨਵੀਂ ਪੀੜੀ ਦੇ ਈਸਾਈ ਬੱਚਿਆਂ ਉੱਤੇ ਕਿਹੋ ਜਿਹਾ ਪ੍ਰਭਾਵ ਪਵੇਗਾ।

ਪ੍ਰਿੰਸ ਹੈਰੀ ਅਤੇ ਮਾਰਕਲ ਦੀ ਮਿਸਾਲ ਦੇ ਪਰੀਪੇਖ ਵਿੱਚ ਸਾਨੂੰ ਸੋਚਣਾ ਬਣਦਾ ਹੈ ਕਿ ਰਿਵਾਇਤੀ ਸਿੱਖ ਜੱਥੇਬੰਦੀਆਂ ਕਿਵੇਂ ਨਵੀਂ ਪੀੜੀ ਦੇ ਬੱਚਿਆਂ ਨੂੰ ਆਪਣੇ ਨਾਲ ਜੋੜ ਸਕਦੀਆਂ ਹਨ ਤਾਂ ਜੋ ਨਵੇਂ ਖਿਆਲਾਂ ਨੂੰ ਬਣਦੀ ਥਾਂ ਦੇਣ ਦਾ ਕਰਮ ਆਰੰਭ ਹੋਵੇ। ਇਹ ਸੁਝਾਅ ਅਕਸਰ ਦਿੱਤਾ ਜਾਂਦਾ ਹੈ ਕਿ 'ਨਵੀਂ ਪੀੜੀ ਦੇ ਬੱਚਿਆਂ ਨੂੰ ਲੀਡਰਸ਼ਿੱਪ ਰੋਲ' ਵਿੱਚ ਲਿਆਉਣਾ ਚਾਹੀਦਾ ਹੈ ਜੋ ਕਿ ਚੰਗਾ ਖਿਆਲ ਹੈ। ਪਰ ਨਵੀਂ ਪੀੜੀ ਨੂੰ ਨਾਲ ਜੋੜਨ ਲਈ ਪੁਰਾਣੀ ਲੀਡਰਸ਼ਿੱਪ ਕੁਰਸੀਆਂ ਉੱਤੇ ਆਪਣੀ ਹਊਂ ਦੇ ਜੱਫੇ ਨੂੰ ਕਦੋਂ ਢਿੱਲਾਂ ਕਰੇਗੀ? ਉਂਟੇਰੀਓ ਵਿੱਚ ਸਿੱਖ ਜੱਥੇਬੰਦੀਆਂ ਦੇ ਇਤਿਹਾਸ ਨੂੰ ਵਾਚਣ ਵਾਲੇ ਜਾਣਦੇ ਹਨ ਕਿ ਪ੍ਰਧਾਨ, ਸਕੱਤਰ ਜਾਂ ਹੋਰ ਅਹੁਦੇਦਾਰ ਤਾਂ ਬਦਲ ਜਾਂਦੇ ਹਨ ਪਰ ਪਰਦੇ ਦੇ ਪਿੱਛੇ ਤੋਂ ਪੁਤਲੀਆਂ ਦੀਆਂ ਤਾਰਾਂ ਛੇੜਨ ਵਾਲੇ ਪੁਰਾਣੇ ਘਾਗ ਲੀਡਰ ਜਿਉਂ ਦੇ ਤਿਉਂ ਮੋਰਚਿਆਂ ਵਿੱਚ ਡੱਟੇ ਰਹਿੰਦੇ ਹਨ। ਨਵੀਂ ਪੀੜੀ ਨੂੰ ਬਣਦਾ ਰੋਲ ਦੇਣ ਅਤੇ ਸਿੱਖ ਕਮਿਉਨਿਟੀ ਨੂੰ ਸਹੀ ਸੇਧ ਦੇਣ ਵਾਸਤੇ ਅਹੁਦੇਦਾਰਾਂ ਦੀ ਤਬਦੀਲੀ ਨਾਲੋਂ ਸੋਚ ਦੀ ਤਬਦੀਲੀ ਨੂੰ ਪਹਿਲ ਦੇਣੀ ਹੋਵੇਗੀ ਜੋ ਹਾਲੇ 'ਦਿੱਲੀ ਦੂਰ' ਵਾਲੀ ਗੱਲ ਜਾਪਦੀ ਹੈ।

# ਜਹਾਜ਼ ਨੂੰ ਜਾਣ ਬੁੱਝਕੇ ਤਾਂ ਨਿਸ਼ਾਨਾ ਨਹੀਂ ਸੀ ਬਣਾਇਆ ਗਿਆ?

...ਪੰਨਾ 1 ਦਾ ਬਾਕੀ




ਉਨ੍ਹਾਂ ਦੱਸਿਆ ਕਿ ਦੋ ਹੋਰਨਾਂ ਜਾਂਚਕਾਰਾਂ ਦੀ ਟੀਮ, ਜੋ ਬਲੈਕ ਬਾਕਸ ਰਿਕਾਰਡਿੰਗਜ਼ ਦੀ ਜਾਂਚ ਕਰੇਗੀ, ਨੂੰ ਵੀ ਜਲਦ ਹੀ ਤਾਇਨਾਤ ਕੀਤਾ ਜਾਵੇਗਾ। ਫੌਕਸ ਨੇ ਆਖਿਆ ਕਿ ਰਿਕਾਰਡਰਜ਼ ਅਜੇ ਵੀ ਇਰਾਨ ਵਿੱਚ ਹਨ ਤੇ ਉਹ ਨੁਕਸਾਨੇ ਜਾ ਚੁੱਕੇ ਹਨ। ਉਨ੍ਹਾਂ ਇਹ ਵੀ ਆਖਿਆ ਕਿ ਇਹ ਜਾਂਚ ਜਲਦ ਖ਼ਤਮ ਹੋਣ ਵਾਲੀ ਨਹੀਂ ਹੈ।

ਇਸ ਦੌਰਾਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਪੱਤਰਕਾਰਾਂ ਨੂੰ ਆਖਿਆ ਕਿ ਇਸ ਤ੍ਰਾਸਦੀ ਦਾ ਸ਼ਿਕਾਰ ਹੋਏ ਲੋਕਾਂ ਲਈ ਜਵਾਬਦੇਹੀ ਤੈਅ ਕਰਨ ਵਿੱਚ ਮੁਆਵਜ਼ਾ ਮੁੱਖ ਭੂਮਿਕਾ ਅਦਾ ਕਰ ਸਕਦਾ ਹੈ। ਇੱਕ ਵੱਖਰੀ ਇੰਟਰਵਿਊ ਵਿੱਚ ਨਿਆਂ ਮੰਤਰੀ ਡੇਵਿਡ ਲਾਮੇਟੀ ਨੇ ਵੀ ਪ੍ਰਧਾਨ ਮੰਤਰੀ ਦੀਆਂ ਟਿੱਪਣੀਆਂ ਨੂੰ ਹੀ ਦੁਹਰਾਇਆ। ਉਨ੍ਹਾਂ ਆਖਿਆ ਕਿ ਇਸ ਹਾਦਸੇ ਤੋਂ ਪ੍ਰਭਾਵਿਤ ਲੋਕਾਂ ਲਈ ਅਸੀਂ ਮੁਆਵਜ਼ਾ ਚਾਹੁੰਦੇ ਹਾਂ।

# ਮਿਸੀਸਾਗਾ ਵਿੱਚ ਟਰੈਕਟਰ ਟਰੇਲਰ ਤੇ ਗੱਡੀ ਵਿੱਚ ਹੋਈ ਟੱਕਰ ਵਿੱਚ 1 ਹਲਾਕ, 2 ਜ਼ਖ਼ਮੀ


...ਪੰਨਾ 1 ਦਾ ਬਾਕੀ

ਡਿਊਟੀ ਇੰਸਪੈਕਟਰ ਸੀਨ ਬ੍ਰੈਨਨ ਨੇ ਦੱਸਿਆ ਕਿ ਟਰੈਕਟਰ ਟਰੇਲਰ ਐਗਲਿੰਟਨ ਉੱਤੇ ਪੂਰਬ ਵੱਲ ਜਾ ਰਿਹਾ ਸੀ ਜਦੋਂ ਉਸ ਦੀ ਟੱਕਰ ਮੈਵਿਸ ਉੱਤੇ ਦੱਖਣ ਵੱਲ ਵੱਧ ਰਹੀ ਸੇਡਾਨ ਨਾਲ ਹੋ ਗਈ। ਬ੍ਰੈਨਨ ਨੇ ਆਖਿਆ ਕਿ ਇਸ ਨਾਲ ਸੇਡਾਨ ਤੇ ਐਸਯੂਵੀ ਵਿੱਚ ਇੱਕ ਹੋਰ ਟੱਕਰ ਹੋ ਗਈ। ਸੇਡਾਨ ਨਾਲ ਟਕਰਾਉਣ ਤੋਂ ਬਾਅਦ ਟਰੈਕਟਰ ਟਰੇਲਰ ਪਲਟ ਗਿਆ ਤੇ ਫਿਰ ਗੈਸ ਸਟੇਸ਼ਨ ਦੇ ਸਾਈਨ ਬੋਰਡ ਨਾਲ ਜਾ ਟਕਰਾਇਆ। ਜਿਸ ਨਾਲ ਕਾਫੀ ਨੁਕਸਾਨ ਹੋ ਗਿਆ। ਟਰੈਕਟਰ ਟਰੇਲਰ ਦੇ ਡਰਾਈਵਰ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਇੱਕ ਹੋਰ ਪੁਰਸ਼ ਤੇ ਮਹਿਲਾ ਨੂੰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ ਪਰ ਉਨ੍ਹਾਂ ਦੇ ਜ਼ਖ਼ਮ ਜਾਨ ਲੇਵਾ ਨਹੀਂ ਸਨ। ਗੈਸ ਸਟੇਸ਼ਨ ਦੀਆਂ ਗੈਸ ਲਾਈਨਜ਼ ਕੱਟ ਦਿਤੀਆਂ ਗਈਆਂ ਤੇ ਹਾਈਡਰੋ ਲਾਈਨਾਂ ਟੁਟਣ ਕਾਰਨ ਤਿੰਨ ਘੰਟੇ ਤਕ ਬਿਜਲੀ ਗੁੱਲ ਰਹੀ। 2200 ਘਰਾਂ ਤੇ ਕਾਰੋਬਾਰੀ ਅਦਾਰਿਆਂ ਦੀ ਬਿਜਲੀ ਬੰਦ ਰਹੀ।

ਪੁਲਿਸ ਦਾ ਮੰਨਣਾ ਹੈ ਕਿ ਟਰੈਕਟਰ ਟਰੇਲਰ ਬਹੁਤ ਤੇਜ਼ ਰਫਤਾਰ ਨਾਲ ਜਾ ਰਿਹਾ ਸੀ ਜਦੋਂ ਹਾਦਸਾ ਵਾਪਰਿਆ। ਜਾਂਚ ਤੋਂ ਇਹ ਵੀ ਪਤਾ ਲੱਗਿਆ ਹੈ ਕਿ ਇਸ ਟਰੈਕਟਰ ਨੂੰ ਐਤਵਾਰ ਨੂੰ ਮਿਸੀਸਾਗਾ ਦੇ ਹੀ ਕਿਸੇ ਹਿੱਸੇ ਵਿੱਚੋਂ ਚੋਰੀ ਕੀਤਾ ਗਿਆ ਸੀ। ਇਸ ਇਲਾਕੇ ਨੂੰ ਜਾਂਚ ਲਈ ਬੰਦ ਕੀਤਾ ਗਿਆ ਹੈ ਤੇ ਇਸ ਦੇ ਕਈ ਘੰਟਿਆਂ ਲਈ ਹੋਰ ਬੰਦ ਰਹਿਣ ਦੀ ਸੰਭਾਵਨਾ ਹੈ।

# ਨਾਗਰਿਕਤਾ ਸੋਧ ਕਾਨੂੰਨ: ਫੈਜ਼ ਦੀਆਂ ਕਿਤਾਬਾਂ ਦੀ ਮੰਗ ਵਧੀ, ਕਾਨਪੁਰ ਦੀਆਂ ਦੁਕਾਨਾਂ ਵਿੱਚ ਸਟਾਕ ਖਤਮ

ਲਖਨਊ, 13 ਜਨਵਰੀ (ਪੋਸਟ ਬਿਊਰੋ)- ਨਾਗਰਿਕਤਾ ਸੋਧ ਕਾਨੂੰਨ (ਸੀ ਏ ਏ) ਦੇ ਵਿਰੋਧ ਵਿੱਚ ਪ੍ਰਸਿੱਧ ਪਾਕਿਸਤਾਨੀ ਸ਼ਾਇਰ ਫੈਜ਼ ਅਹਿਮਦ ਫੈਜ਼ ਦੀ ਨਜ਼ਮ 'ਹਮ ਦੇਖੇਂਗੇ' ਗਾਏ ਜਾਣ ਦੇ ਵਿਵਾਦ ਨੇ ਭਾਵੇਂ ਸਾਹਿਤ ਜਗਤ ਵਿੱਚ ਉਥਲ-ਪੁਥਲ ਮਚਾ ਦਿੱਤੀ ਹੈ, ਪ੍ਰੰਤੂ ਇਸ ਨਾਲ ਉਤਰ ਪ੍ਰਦੇਸ਼ ਵਿੱਚ ਫੈਜ਼ ਦੀਆਂ ਕਿਤਾਬਾਂ ਦੀ ਮੰਗ ਵਧ ਗਈ ਹੈ। ਵਿਦਿਆਰਥੀ ਅਤੇ ਨੌਜਵਾਨ ਪੇਸ਼ੇਵਰਾਂ ਵਿੱਚ ਫੈਜ਼ ਦੀ ਜੀਵਨੀ ਅਤੇ ਨਜ਼ਮਾਂ ਪੜ੍ਹਨ ਬਾਰੇ ਕਾਫੀ ਉਤਸ਼ਾਹ ਹੈ। ਪੁਸਤਕ ਵਿਕਰੇਤਾ




ਫੈਜ਼ ਦੀਆਂ ਕਿਤਾਬਾਂ ਦੀ ਸਪਲਾਈ ਦੇ ਆਰਡਰ ਕਰ ਰਹੇ ਹਨ। ਲਖਨਊ ਵਿੱਚ ਹਜਰਤਗੰਜ ਦੇ ਇੱਕ ਵੱਡੇ ਪੁਸਤਕ ਵਿਕਰੇਤਾ ਨੇ ਕਿਹਾ, ਇਸ ਤੋਂ ਪਹਿਲਾਂ ਅਸੀਂ ਇੱਕ ਮਹੀਨੇ ਵਿੱਚ ਫੈਜ਼ ਦੀ ਮੁਸ਼ਕਿਲ ਨਾਲ ਇੱਕ ਕਿਤਾਬ ਹੀ ਵੇਚ ਸਕਦੇ ਸਾਂ, ਪਰ ਇਸ ਵਿਵਾਦ ਦੇ ਬਾਅਦ ਅਸੀਂ ਫੈਜ਼ ਦੀ ਪੂਰੀ ਸਾਹਿਤਕ ਸੀਰੀਜ਼ ਦੇ ਆਰਡਰ ਦਿੱਤੇ ਹਨ। ਲੋਕ ਇਕੱਠੇ ਤਿੰਨ-ਤਿੰਨ ਕਿਤਾਬਾਂ ਖਰੀਦ ਰਹੇ ਹਨ। ਦੂਜੇ ਪਾਸੇ ਕਾਨਪੁਰ ਵਿੱਚ ਜ਼ਿਆਦਾਤਰ ਪ੍ਰਮੁੱਖ ਕਿਤਾਬਾਂ ਦੀਆਂ ਦੁਕਾਨਾਂ ਤੋਂ ਫੈਜ਼ ਦੀਆਂ ਪੁਸਤਕਾਂ ਦਾ ਸਟਾਕ ਖਤਮ ਹੋ ਚੁੱਕਾ ਹੈ।

ਪੰਜਾਬੀ ਪੋਸਟ
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਆਈ ਏ ਏ ਵੱਲੋਂ ਭਾਰਤ ਸਰਕਾਰ ਦੀ ਗੈਸ ਮੁੱਲ ਨਿਰਧਾਰਨ ਨੀਤੀ ਦੀ ਆਲੋਚਨਾ

ਨਵੀਂ ਦਿੱਲੀ, 13 ਜਨਵਰੀ (ਪੋਸਟ ਬਿਊਰੋ)- ਕੌਮਾਂਤਰੀ ਊਰਜਾ ਏਜੰਸੀ (ਆਈ ਈ ਏ) ਨੇ ਕੁਦਰਤੀ ਗੈਸ ਦੇ ਮੁੱਲ ਮਿਥਣ ਦੀ ਭਾਰਤ ਦੀ ਨੀਤੀ ਦੀ ਆਲੋਚਨਾ ਕੀਤੀ ਹੈ। ਏਜੰਸੀ ਦਾ ਕਹਿਣਾ ਹੈ ਕਿ ਘਰੇਲੂ ਉਤਪਾਦਨ ਨੂੰ ਕੌਮਾਂਤਰੀ ਪੱਧਰ ਦੇ ਬੇਹੱਦ ਹੇਠਲੇ ਸੰਦਰਭ ਮੁੱਲ ਨਾਲ ਜੋੜਨ ਨਾਲ ਉਤਪਾਦਕਾਂ ਨੂੰ ਮਿਲਦਾ ਲਾਭ ਘੱਟ ਹੋਇਆ ਹੈ। ਏਜੰਸੀ ਨੇ ਭਾਰਤ ਦੀ ਊਰਜਾ ਨੀਤੀ ਦੀ ਪਹਿਲੀ ਡੂੰਘੀ ਸਮੀਖਿਆ 'ਚ ਕਿਹਾ ਕਿ ਗੈਸ ਦੀ ਵਰਤੋਂ ਵਧਾਉਣ ਲਈ ਇਸ ਗੱਲ ਦੀ ਲੋੜ ਹੈ, ਇਸ ਨੂੰ ਜੀ ਐੱਸ ਟੀ ਤਹਿਤ ਟੈਕਸ਼ੇਸ਼ਨ ਵਿੱਚ ਹੋਰ ਈਂਧਣਾਂ ਨਾਲ ਮੁਕਾਬਲੇਬਾਜ਼ੀ ਦੇ ਬਰਾਬਰ ਮੌਕੇ ਮਿਲੇ। ਊਰਜਾ ਬਾਸਕਟ 'ਚ ਗੈਸ ਦੀ ਹਿੱਸੇਦਾਰੀ ਮੌਜੂਦਾ ਛੇ ਫੀਸਦੀ ਤੋਂ ਵਧਾ ਕੇ 2030 ਤੱਕ 15 ਫੀਸਦੀ ਕਰਨ ਦੀ ਦਿਸ਼ਾ 'ਚ ਇੱਕ ਪ੍ਰਮੁੱਖ ਚੁਣੌਤੀ ਗੈਸ ਦਾ ਮੁੱਲ ਮਿਥਣਾ ਹੈ। ਸਾਲ 2014 ਵਿੱਚ ਭਾਜਪਾ ਦੀ ਸਰਕਾਰ ਬਣਨ ਤੋਂ ਬਾਅਦ ਘਰੇਲੂ ਪੱਧਰ 'ਤੇ ਉਤਪਾਦਿਤ ਗੈਸ ਦੇ ਮੁੱਲ ਨਿਰਧਾਰਨ ਲਈ ਇੱਕ ਅਜਿਹੇ ਤਰੀਕੇ ਨੂੰ ਮਨਜ਼ੂਰੀ ਦਿੱਤੀ ਗਈ ਸੀ, ਜੋ ਅਮਰੀਕਾ, ਬ੍ਰਿਟੇਨ, ਕੈਨੇਡਾ ਅਤੇ ਰੂਸ ਵਰਗੇ ਗੈਸ ਬਰਾਮਦਕਾਰ ਦੇਸ਼ਾਂ ਦੀ ਔਸਤ ਕੀਮਤ ਉੱਤੇ ਆਧਾਰਤ ਹੈ। ਇਸ ਤਰੀਕੇ ਨਾਲ ਗੈਸ ਦੀ ਮੌਜੂਦਾ ਕੀਮਤ 3.23 ਡਾਲਰ ਪ੍ਰਤੀ ਮਿਲੀਅਨ ਬ੍ਰਿਟਿਸ਼ ਥਰਮਲ ਯੂਨਿਟ ਹੈ। ਇਹ ਕੁਦਰਤੀ ਗੈਸ ਦੀ ਬਰਾਮਦ ਲਈ ਭਾਰਤ ਵੱਲੋਂ ਕੀਤੇ ਜਾਣ ਵਾਲੇ ਭੁਗਤਾਨ ਦਾ ਅੱਧਾ ਹੈ।







## Lohri Special

# A woman makes two homes: of her father, and of her husband



By: Surjit Singh Flora

Lohri is an auspicious occasion that is celebrated on 13 January every year. Many people believe that the festival was originally celebrated on winter solstice day, being the shortest day and the longest night of the year.

The Lohri festival assumes greater significance if there has been a happy event in the family during the elapsed year, like the birth of a male child or marriage from centuries. But time is changing,

Nowadays, people start celebrating even a newborn child is a baby girl. Lohri celebrations heralded a much-needed change in attitude towards daughters.

Change must come from within! For too long, we have allowed our community to degrade girls! We believe in God and yet allow the murder of innocent newborn babies because they are FEMALE!

If you're only celebrating Lohri for baby boys, then you are part of the problem.

Our Gurus have put great emphasis on equality... So why are we still carrying out such evil practices?

In Guru Shri Granth Sahib Ji on page 473, written that "We are born of woman, we are conceived in the womb of woman, we are engaged and married to a woman. We make friendship with woman and the lineage continued because of woman. When one woman dies, we take another one, we are bound with the world through woman. Why should we talk ill of her, who gives birth to kings? The woman is born from woman; there is none without her. Only the One True Lord is without woman"

I know many people who have had baby girls and didn't celebrate Lohri until a boy was born; it's totally WRONG! All children are equal!

The first Lohri of a newborn is a special occasion in which all friends and family join to celebrate. It is performed in the latter part of the evening. The event is




observed at the parental home of the child in the presence of close relatives, friends, and well-wishers. All the guests and relatives bring gifts for the baby and the new mother. The child's maternal grandparents give gifts to the child's paternal relatives also.

To protect the unborn girls, who often meet their end in the womb itself. People aware of the social evil of female feticide as the sex ratio is getting unbalanced with each passing day.

Blame it on traditional mores, son fixation, or anything else. Girls are aborted, murdered, or neglected to death. Here's celebrating the birth of a new tradition. On an inky night, the change will be written, and parents will mark the first Lohri of their daughters, a trend picking up in India and aboard. Hopefully, it will be the norm in the days to come.

Remember! "Being first child and a daughter, she is special, who will bring good luck to the family," Cuddling the little girl in your arms, it's the way to raise girls and with equal opportunities and freedom. "The children are important to us.

So, share the joy with neighbors and seek their blessings to the little girl. The prejudice against girls, signified by the skewed sex ratio in the state, worries them. "Patriarchal society will always believe girls to be a burden. It forgets that woman makes two homes: of her father, and of her husband," hopefully time is changing, but aware that it will come slowly.

For individuals of Punjab, the celebration of Lohri holds an incredible significance as it denotes the Harvesting season in Punjab and the finish of the winter season. The headliner is the creation of a huge campfire that is representative of the respect to the Sun God for acquiring warmth. Celebrated on 13 January consistently, Lohri merriments are related to the gathering of the Rabi crops. There is an exceptional significance connected to the festival of Lohri as this day, the sun enters the Rashi (zodiac) of Makara (Capricorn), is viewed as promising as it implies a new beginning.

Don't let sexist traditions overrule gender equality, which has resulted in female infanticide over the centuries! Speak up!












# ਸ਼ਰੀਕੇ ਭਾਜ਼ੀ



ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ
ਪਿੰਡ ਤੇ ਡਾਂਕ ਮਮਦੋਟ (ਫਿਰੋਜ਼ਪੁਰ)
75891-55501

ਨਵਿਆਂ ਦੇ ਸੰਗ ਲਗ ਕੇ ਭੁੱਲਗੇ ਰਿਵਾਜ਼ ਪੁਰਾਣੇ ਇਹ ਗੱਲ੍ਹ ਸਾਡੀਆਂ ਘਰ ਵਿਚ ਬੈਠੀਆਂ ਬਜ਼ੁਰਗ ਬੁੜੀਆਂ ਗੱਲੀ ਬਾਤੀ ਆਖਦੀਆਂ ਆਮ ਹੀ ਸੁਣੀਆਂ ਜਾਂਦੀਆਂ ਹਨ। ਪਰ ਅੱਜ ਕੱਲ੍ਹ ਇਹਨਾਂ ਗੱਲਾਂ ਤੇ ਗੌਰ ਘੱਟ ਹੀ ਕੀਤਾ ਜਾਂਦਾ ਹੈ, ਅਸੀਂ ਕਈ ਵਾਰ ਸੁਣੀਆਂ ਗੱਲਾਂ ਅਣਸੁਣੀਆਂ ਕਰ ਕੇ ਚਲੇ ਜਾਂਦੇ ਹਾਂ। ਪਰ ਥੋੜਾ ਜਿਹਾ ਧਿਆਨ ਇਹਨਾਂ ਗੱਲਾਂ ਵਲ ਕਰੀਏ ਤਾਂ ਇਹਨਾਂ ਦਾ ਮਤਲਬ ਬਹੁਤ ਨਿਕਲਦਾ ਹੈ ।ਪਹਿਲਾ ਕਿਸੇ ਨੇ ਵਿਆਹ ਕਰਨਾ ਤਾਂ ਉਸ ਤੋਂ ਬਾਅਦ ਸਾਰੀਆਂ ਦੁਰਾਨੀਆਂ ਜਿਠਾਣੀਆਂ ਨੇ ਇਕੱਠੀਆਂ ਹੋ ਕੇ ਬੜੀ ਸੋਹਣੀ ਟੋਕਰੀ ਲੈ ਕੇ ਉਸ ਵਿਚ ਲੱਡੂ ਪਾ ਲੈਣੇ ਤੇ ਫਿਰ ਆਪਣੇ ਸ਼ਰੀਕੇ ਵਾਲਿਆਂ ਦੇ ਘਰ ਘਰ ਜਾ ਕੇ ਲੱਡੂ ਵੱਢਣੇ । ਘਰੋਂ ਤੁਰਨ ਤੋਂ ਪਹਿਲਾ ਆਪਣੀ ਸੱਸ ਤੋਂ ਪੁਛ ਲੈਣਾ ਕਿ ਕਿਹੜੇ ਘਰ ਕਿੰਨੇ ਤੇ ਕਿਹੜੇ ਘਰ ਕਿੰਨੇ ਲੱਡੂ ਦੇਣੇ ਹਨ ।ਫਿਰ ਉਨ੍ਹਾਂ ਰਲ ਕੇ ਹੋਲੀ -ਹੋਲੀ ਇਕ ਘਰ ਤੋਂ ਦੂਜੇ ਘਰ ਫਿਰ ਅਗਲੇ ਘਰ ਇਸ ਤਰਾਂ ਭਾਜ਼ੀ ਵੰਡਦੀਆਂ ਵੰਡਦੀਆਂ ਤੁਰੀਆਂ ਜਾਦੀਆਂ ।ਜੇ ਕੋਈ ਇਕ ਅੱਧਾ ਘਰ ਨਰਾਜ਼ ਵੀ ਹੋਣਾ ਤਾਂ ਭਾਜ਼ੀ ਉਨ੍ਹਾਂ ਦੇ ਘਰ ਦੇਣੀ ਤੇ ਆਖਣਾ ਕਿ ਚਲੋ ਲੜੇ -ਭਿੜੇ ਹਨ ਕੱਲ ਨੂੰ ਬੋਲਣ ਲਗ ਪਵਾਂਗੇ ।ਕਿ ਹੋਇਆ ਅਜੇ ਨਹੀਂ ਬੋਲਦੇ ਜਰੂਰੀ ਤਾਂ ਨਹੀਂ ਕਿ ਸਾਰੀ ਉਮਰ ਬੋਲਣਾ ਹੀ ਨਹੀਂ ।ਫਿਰ ਅਗਲੇ ਘਰ ਵਾਲੀਆਂ ਨੇ ਵੀ ਭਾਜ਼ੀ ਵੰਡਨ ਵਾਲੀਆਂ ਦਾ ਪੂਰਾ ਜੀਅ ਆਇਆ ਕਰਨਾ ਸਾਰੇ ਕੰਮ ਕਾਜ ਛੱਡ ਕੇ ਉਨਾਂ ਕੋਲ ਬੈਠਣਾ ਕਿ ਅਗਲੀਆਂ ਨੂੰ ਮਹਿਸੂਸ ਨਾ ਹੋਵੇ ਕਿ ਅਸੀਂ ਇਸ ਘਰ ਵਾਲਿਆਂ ਨਾਲ ਨਹੀਂ ਬੋਲਦੇ ।ਸਾਰੇ ਪਰਿਵਾਰ ਦੀ ਸੁਖ ਸਾਂਦ ਪੁੱਛਣੀ ਹੋਰ ਬਜ਼ੁਰਗਾਂ ਦਾ ਕਿ ਹਾਲ ਚਾਲ ਹੈ ਉਨਾਂ ਦੀ ਸਿਹਤ ਕਿਵੇਂ ਆਂ ।ਜਿਹੜੀਆਂ ਨਾਲ ਕੁੜੀਆਂ ਜਾਣੀਆਂ ਉਨ੍ਹਾਂ ਅਗਲੇ ਘਰ ਨਵੀਆਂ ਵਿਹਾਈਆਂ ਵਹੁਟੀਆਂ ਦਾ ਕੱਢਿਆ ਕਸੀਦਾ ਵੇਖਣਾ ,ਪੱਖੀਆਂ ਤੇ ਪਾਏ ਨਮੂਨੇ ਵੇਖਣੇ ਅਗਰ ਕੋਈ ਚੰਗਾ ਲਗਨਾ ਉਹ ਨਾਲ ਲੈ ਆਉਣਾ। ਇਸ ਤਰਾਂ ਸਾਰਿਆਂ ਨੂੰ ਚੰਗਾ ਲੱਗਣਾ ਪਰ ਨਫਰਤ ਬਿਲਕੁਲ ਨਾ ਰੱਖਣੀ ਤੇ ਨਾ ਹੀ ਘਰ ਵਾਲਿਆਂ ਬੰਦਿਆ ਨੇ ਪੁੱਛਣਾ ਕਿ ਤੁਸੀਂ ਫਲਾਂਣੇ ਦੇ ਘਰ ਕਿਉਂ ਗਈਆਂ ਸੀ। ਉਹਨਾਂ ਦੇ ਘਰ ਵਾਲੇ ਤਾਂ ਆਪਣੇ ਨਾਲ ਬੋਲਦੇ ਨਹੀਂ ।ਜੇ ਕਿਸੇ ਜਣੇ ਨੇ ਬੋਲ ਹੀ ਪੈਣਾ ਤਾਂ ਬਜ਼ੁਰਗਾਂ ਨੇ ਝੱਟ ਉਨਾਂ ਨੂੰ ਚੁੱਪ ਕਰਾ ਦੇਣਾ ਕਿ ਹੋਇਆ ਅੱਜ ਨਹੀਂ ਬੋਲਦੇ ਤਾਂ ਆਪੇ ਕਿਸੇ ਦਿਨ ਬੋਲਣ ਲਗ ਜਾਣਗੇ ਭਾਜ਼ੀ ਥੋੜਾ ਬੰਦ ਕਰ ਦੇਣੀ ਹੈ, ਤੁਹਾਡੇ ਪਿਛੇ ਲਗਕੇ ।ਵਾਕਿਆਂ ਹੋਣਾ ਵੀ ਉਸੇ ਤਰਾਂ ਜਦੋ ਕਿਸੇ ਦਾ ਕੋਈ ਚੰਗਾ ਮਾੜਾ ਕੰਮ ਹੋ ਜਾਂਣਾ ਤੇ ਫਿਰ ਸਾਰੇ ਇਕੱਠੇ ਹੋ ਜਾਣੇ ਇਸ ਕਰਕੇ ਕਿ ਬੋਲ ਚਾਲ ਬੇਸ਼ਕ ਬੰਦ ਹੋ ਜਾਵੇ ਪਰ ਭਾਜ਼ੀ ਬੰਦ ਨਾ ਹੋਈ ਹੋਣ ਕਰਕੇ।ਅਜਕਲ ਹੁਣ ਗੱਲਾਂ ਕਿਥੇ ਰਹਿ ਗਈਆਂ ਨੇ ਹੁਣ ਤਾਂ ਕੋਈ ਮੂੰਹ ਵਿੱਚੋ ਗੱਲ ਕੱਢ ਕੇ ਤਾਂ ਵੇਖੇ ਕਿ ਪੁਆੜੇ ਪੈ ਜਾਂਦੇ ਹਨ ਫਿਰ ਕੋਈ ਇਕ ਅੱਧਾ ਹੀ ਹੋਵੇਗਾ ਜਿਹੜਾ ਬਜ਼ੁਰਗਾਂ ਦੀ ਗੱਲ ਸੁਣਦਾ ਜਾਂ ਮੰਨਦਾ ਹੋਵੇਗਾ ਬਹੁਤੇ ਤਾਂ ਆਪਣੀ ਮਨ ਮਰਜ਼ੀ ਦੇ ਮਾਲਿਕ ਹੁੰਦੇ ਨੇ ।ਕਈ ਤਾਂ ਮੁੱਲ ਦੀ ਲੜਾਈ ਭਾਲਦੇ ਰਹਿੰਦੇ ਨੇ ਉਨਾਂ ਨੇ ਕਿਸੇ ਨੂੰ ਕੀ ਸਮਝਾਉਣਾ ਹੁੰਦਾ ਹੈ। ਇਸੇ ਕਰਕੇ ਅਜਕਲ ਕਲੇਸ਼ ਵੱਧ ਗਏ ਹਨ ।ਅੱਜ ਵੀ ਸਾਨੂੰ ਲੋੜ ਹੈ ਆਪਣੇ ਪੁਰਾਣੇ ਵਿਰਸੇ ਨੂੰ ਸਭਾਲਣ ਦੀ ਜਿਸ ਵਿੱਚੋ ਸਾਨੂੰ ਕੁਝ ਮਿਲਦਾ ਹੀ ਹੈ ਕੁਝ ਜਾਂਦਾਂ ਨਹੀਂ ।ਹੁਣ ਤਾਂ ਬਸ ਪਹਿਲੀ ਗੱਲ ਹੈ ਕਿ ਵਿਆਹ ਤੋਂ ਪਹਿਲਾਂ ਹੀ ਡੱਬੇ ਵੰਡ ਦਿੰਦੇ,ਹਨ ,ਨਹੀਂ ਤਾਂ ਪੈਲਿਸਾਂ ਵਿਚ ਹੀ ਵੰਡ ਦਿੰਦੇ ਹਨ ਪਤਾ ਨਹੀਂ ਇਸ ਤੋਂ ਬਾਅਦ ਸਮਾਂ ਮਿਲੇ ਜਾਂ ਨਾ ।ਬਸ ਇਕੋ ਗੱਲ ਹੀ ਸਾਰਿਆਂ ਦੇ ਮੂੰਹ ਉਤੇ ਆਈ ਹੋਈ ਹੈ ਕਿ ਸਮਾਂ ਨਹੀਂ ਹੈ ਸਮਾਂ ਨਹੀਂ ਹੈ ਰੱਬ ਜਾਣੇ ਸਮਾਂ ਕਿੱਧਰ ਚਲਾ ਗਿਆ ਹੈ ।ਸਮੇ ਨੇ ਤਾਂ ਸਾਡੇ ਸਾਰੇ ਰੀਤੀ ਰਿਵਾਜ਼ ਹੀ ਖਤਮ ਕਰ ਦਿਤੇ ਹਨ । ਪਹਿਲਾ ਵੀ ਰੋਟੀ ਖਾਂਦੇ ਸਨ ਤੇ ਅੱਜ ਵੀ ਉਹੀ ਰੋਟੀ ਖਾ ਰਹੇ ਹਨ ਪਰ ਉਸ ਸਮੇ ਨਾਲੋਂ ਅੱਜ ਦਾ ਸਮਾਂ ਬਹੁਤ ਬਦਲ ਗਿਆ ਹੈ ।ਪਹਿਲਾ ਭਾਜ਼ੀ ਨਹੀਂ ਸਨ ਮੋੜਦੇ ਤੇ ਅੱਜਕਲ ਭਾਜ਼ੀ ਪਾਉਣ ਨੂੰ ਫਿਰਦੇ ਰਹਿੰਦੇ ਹਨ ਜਾ ਕਹਿੰਦੇ ਹਨ ਕਿ ਭਾਜ਼ੀ ਜਰੂਰ ਮੋੜਾਗੇ ਇੱਕੀ ਦੇ ਇਕੱਤੀ ਪਾ ਕੇ। ਇਸੇ ਕਰਕੇ ਲੋਕਾਂ ਨੇ ਭਾਜ਼ੀ ਦੇ ਸ਼ਬਦਾਂ ਦਾ ਅਰਥ ਹੀ ਬਦਲ ਕੇ ਰੱਖ ਦਿੱਤਾ ਹੈ ।

## ਕਿਉਂ ਅਲੋਪ ਹੋ ਗਏ ਨੇ ਸ਼ਗਨਾ ਵਾਲੇ ਲਾਲ ਪਰਾਂਦੇ

ਅੱਜ ਕੱਲ੍ਹ ਪੱਛਮੀ ਮੁਲਕਾਂ ਦਾ ਦੱਬ -ਦਬਾਅ ਸਾਡੇ ਦੇਸ਼ ਉਤੇ ਇੰਨਾ ਕੁ ਪੈ ਗਿਆ ਹੈ ਕਿ ਸਾਡੇ ਸਾਰੇ ਦੇ ਸਾਰੇ ਰੀਤੀ ਰਿਵਾਜ ਉਹਨਾਂ ਨੇ ਸਾਡੇ ਕੋਲੋ ਖੋਹ ਲਏ ਨੇ। ਸਾਡਾ ਸੱਭਿਆਚਾਰ ਵਿਰਸਾ ਇੰਨਾ ਅਮੀਰ ਸੀ ਕਿ ਕੋਈ ਕਹਿਣ ਦੀ ਗੱਲ੍ਹ ਹੀ ਨਹੀ ਸੀ, ਪਰ ਅੱਜ ਕੱਲ੍ਹ ਸਾਡਾ ਵਿਰਸਾ ਸਿਰਫ ਫੋਟੋਆ ਤੱਕ ਹੀ ਸੀਮਤ ਹੋਕੇ ਰਹਿ ਗਿਆ ਹੈ। ਭਾਂਵੇ ਸਾਡੇ ਸਾਰੇ ਹੀ ਰਿਵਾਜ ਹੌਲੀ -ਹੌਲੀ ਕਰਕੇ ਲੋਕਾਂ ਵਿੱਚੋ ਖਤਮ ਹੋ ਗਏ ਹਨ, ਪਰ ਜਿਹੜੀਆਂ ਸਾਡੀਆਂ ਬਜੁਰਗ ਮਤਾਵਾਂ ਨੇ ਉਹ ਅੱਜ ਬੈਠ ਕੇ ਇਹੋ ਹੀ ਗੱਲ੍ਹਾ ਕਰਦੀਆ ਨੇ ਕਿ ਕੀ ਹੋ ਗਿਆ ਹੈ ਅੱਜ -ਕੱਲ੍ਹ ਦੀ ਪੀੜ੍ਹੀ ਨੂੰ ਵਿਆਹ ਵਾਲੇ ਕੋਈ ਰੰਗ ਢੰਗ ਹੀ ਨਹੀ ਲੱਭਦੇ ਤੇ ਕਦੇ -ਕਦੇ ਗੱਲ੍ਹਾਂ ਗੱਲ੍ਹਾ ਵਿੱਚ ਇਹ ਵੀ ਕਹਿ ਦਿੰਦੀਆਂ ਨੇ ਕਿ ਪਹਿਲਾਂ ਸੁਹਾਗਣਾ ਕਦੇ ਨਾ ਤਾਂ ਸਿਰ ਨੰਗਾ ਰੱਖਦੀਆ ਸਨ ਤੇ ਨਾ ਹੀ ਵਾਲ ਖੁੱਲ੍ਹੇ ਛੱਡ ਕੇ ਘੁੰਮਦੀਆਂ ਸਨ। ਹੁਣ ਤੁਸੀ ਵੇਖ ਲੋ ਕਿ ਕੀ ਹੋ ਰਿਹਾ ਹੈ, ਸਾਡੇ ਵੇਲੇ ਜਦੋਂ ਅਸੀ ਯਾਦ ਕਰਦੀਆਂ ਹਾਂ ਤਾਂ ਉਹ ਸਾਰੇ ਹੀ ਵਿਆਹ ਤੇ ਰੀਤੀ ਰਿਵਾਂਜ ਅੱਖਾ ਸਾਹਮਣੇ ਘੁੰਮਣ ਲ੍ਹੱਗ ਜਾਂਦੇ ਨੇ। ਵੇਖ ਲਉ ਉਸ ਵੇਲੇ ਜਦੋਂ ਕੁੜੀ ਦਾ ਵਿਆਹ ਰੱਖ ਲੈਣਾ ਤਾਂ ਸਭ ਤੋਂ ਪਹਿਲਾਂ ਬਜੁਰਗਾਂ ਨੇ ਇਹੋ ਗੱਲ੍ਹ ਕਹਿਣੀ ਕਿ ਕੁੜੀ ਹੁਣ ਘਰੋ ਬਾਹਰ ਪੈਰ ਨਾ ਕੱਢੇ ਕਿਉਂਕਿ ਸਾਹੇ ਬੰਧੀ ਹੈ। ਫਿਰ ਵਿਆਹ ਤੋਂ ਕਈ ਦਿਨ ਪਹਿਲਾਂ ਸਾਰੇ ਸ਼ਰੀਕੇ ਵਾਲੀਆਂ ਕੁੜੀਆਂ -ਬੁੜੀਆਂ ਨੇ ਰਾਤ ਦੇ ਸਮੇਂ ਘਰ ਵਿੱਚ ਆਕੇ ਸੋਹਾਗ ਦੇ ਗੀਤ ਗਾਂਉਣੇ। ਜੰਝ ਆਉਣ ਤੋਂ ਦੋ ਤਿੰਨ ਦਿਨ ਪਹਿਲਾਂ ਕੁੜੀ ਦੇ ਗਾਨਾ ਬੰਨਿਆਂ ਜਾਣਾ ਤੇ ਸਾਰੇ ਸ਼ਰੀਕੇ ਵਿੱਚ ਮਿੱਠੇ ਚੌਲ ਵੰਡਣੇ ਜੰਝ ਤੋਂ ਇੱਕ ਦਿਨ ਪਹਿਲਾਂ ਰਾਤ ਨੂੰ ਕੁੜੀ ਦੇ ਹੱਥਾ ਤੇ ਮਹਿੰਦੀ ਲਗਾਉਣੀ ਤੇ ਫਿਰ ਅੰਮ੍ਰਿਤ ਵੇਲੇ ਉਠ ਕੇ ਕੁੜੀ ਨੂੰ ਖਾਰੇ ਨਹਾਉਣਾ। ਮਾਮਿਆ ਨੇ ਸ਼ਗਨ ਦੇ ਕੇ ਕੁੜੀ ਨੂੰ ਖਾਰਿਓ ਲਾਉਣਾ। ਫਿਰ ਸਾਰੀਆਂ ਸਹੇਲੀਆਂ ਨੇ ਬੈਠ ਕੇ ਕੁੜੀ ਦੀਆਂ ਮੀਡੀਆਂ ਗੁੰਦਨੀਆਂ ਤੇ ਫਿਰ ਲਾਲ ਪਰਾਂਦਾ ਜਿਹੜਾ ਬੜਾ ਹੀ ਸੋਹਣਾ ਤੇ ਵਧੀਆ ਧਾਂਗੇ ਨਾਲ ਹੱਥ ਨਾਲ ਬੁੰਨਿਆ ਹੁੰਦਾ ਸੀ ਉਹ ਪਾਂ ਕੇ ਗੁੱਤ ਕਰਨੀ। ਇਸ ਤੋਂ ਬਾਅਦ ਸੋਹਣਾ ਜਿਹਾਂ ਲਾਲ ਗੁਲਾਬੀ ਸੂਟ ਤੇ ਸਿਰ ਤੇ ਫੁਲਕਾਰੀ ਲੈਕੇ ਸੱਜ -ਧੱਜ ਕੇ ਬੈਠ ਜਾਣਾ ਤੇ ਘਰ ਦੇ ਵਿਹੜੇ ਵਿੱਚ ਹੀ ਮਾਪਿਆਂ ਵੱਲੋ ਲਾਵਾ ਫੇਰੇ ਕਰਵਾਏ ਜਾਣੇ। ਸ਼ਾਮ ਵੇਲੇ ਧੀ ਦੀ ਡੋਲੀ ਵੀਦਿਆ ਕਰਨ ਲੱਗਿਆ ਮਾਂਵਾਂ ਧੀਆਂ ਨੇ ਗੱਲ ਲੱਗ ਕੇ ਮਿਲਣਾ ਤੇ ਸਾਰੀਆਂ ਸਹੇਲੀਆ ਨੇ ਤੇ ਸ਼ਰੀਕੇ ਵਾਲੀਆ ਬੁੜੀਆਂ ਨੇ ਉੱਥੇ ਫਿਰ ਗੀਤ ਗਾਉਣਾ "ਚਾਰੇ ਕੰਧਾਂ ਨੀ ਚੁਬਾਰੇ ਦੀਆਂ ਹਿੱਲੀਆਂ ਮਾਂਵਾਂ ਧੀਆਂ ਮਿਲਣ ਲੱਗੀਆ" ਫਿਰ ਧੀ ਨੇ ਚਾਬੀ ਮਾਂ ਦੇ ਹੱਥ ਉਤੇ ਰੱਖਣੀ ਤੇ ਫਿਰ ਸਖੀਆਂ ਸਹੇਲੀਆ ਨੇ ਗੀਤ ਗਾਉਂਣੇ "ਆਹ ਲੈ ਮਾਏ ਸਾਂਭ ਕੁੰਜੀਆਂ ਧੀਆ ਕਰ ਚੱਲੀਆਂ ਸਰਦਾਰੀ" ਫਿਰ ਬਾਬਲ ਨੇ ਧੀ ਨੂੰ ਮਿਲਕੇ ਡੋਲੀ ਤੋਰਦੇ ਸਮੇਂ ਇਹ ਗੱਲ੍ਹ ਕਹਿਣੀ, ਧੀਏ ਮੈ ਤੈਨੂੰ ਘਰ ਰੱਖ ਤਾਂ ਲੈਂਦਾ ਪਰ ਇਹ ਰਿਵਾਜ ਹੀ ਇਹੋ ਜਿਹਾ ਬਣਿਆ ਹੈ ਕਿ ਧੀਆ ਤਾਂ ਰਾਜੇ ਰਾਣੇ ਵੀ ਘਰ ਵਿੱਚ ਨਹੀ ਰੱਖ ਸਕਦੇ। ਫਿਰ ਜਾਕੇ ਲੋਕਾਂ ਨੇ ਮਾਂ ਪਿਉ ਨੂੰ ਵਧਾਈ ਦੇਣੀ ਕਿ ਚਲੋ ਬਹੁਤ ਵਧੀਆਂ ਹੋਇਆ ਕਿ ਤੁਸਾਂ ਅੱਜ ਆਪਣਾ ਮਾਂ ਪਿਉ ਵਾਲਾ ਫਰਜ ਨਿਭਾ ਦਿੱਤਾ ਹੈ।

ਅੱਜ ਕੱਲ੍ਹ ਵੇਖ ਲਉ ਨਾ ਉਹ ਗੁੱਡੀਆਂ ਰਹੀਆਂ ਨਾ ਉਹ ਪਟੋਲੇ ਰਹੇ। ਨਵੇਂ -ਨਵੇਂ ਰਿਵਾਜ ਤੇ ਨਵੀਆਂ -ਨਵੀਆਂ ਗੱਲ੍ਹਾ ਕੁੜੀਆਂ ਵਿਆਹ ਤੋਂ ਕਈ ਦਿਨ ਪਹਿਲਾਂ ਹੀ ਬਿਊਟੀ ਪਾਰਲਰ ਕੋਲ ਜਾ ਕੇ ਧਰਨਾ ਮਾਰ ਕੇ ਬੈਠ ਜਾਂਦੀਆ ਨੇ ਪਤਾ ਨਹੀ ਉਹ ਕਿਹੜੀਆਂ -ਕਿਹੜੀਆਂ ਕਰੀਮਾਂ ਲਾ ਕੇ ਮੂੰਹ ਸਵਾਰਦੀਆ ਰਹਿੰਦੀਆ ਹਨ। ਕਿਸੇ ਕੋਲ ਇਨਾਂ ਸਮਾਂ ਹੀ ਨਹੀ ਹੁੰਦਾ ਕਿ ਕੋਈ ਗਾਨਾ ਹੀ ਬੰਨ੍ਹ ਲਵੇ। ਵਿਆਹ ਵਾਲੇ ਦਿਨ ਤਾਂ ਹੱਦ ਹੀ ਮੁੱਕ ਜਾਂਦੀ ਹੈ ਤੜਕੇ ਹੀ ਕੁੜੀ ਦੇ ਦੁਆਲੇ ਤਿੰਨ ਚਾਰ ਬਿਊਟੀ ਪਾਰਲਰ ਵਾਲੀਆਂ ਹੋ ਜਾਂਦੀਆਂ ਨੇ ਕਿੱਧਰੇ ਲਹਿੰਗਾ ਕਿੱਧਰੇ ਡੋਲਿਆਂ ਉੱਤੇ ਟੈਟੂ ਕਿੱਧਰੇ ਪੁੱਠੇ -ਸਿੱਧੇ ਵਾਲ। ਕਈ ਵਾਰ ਤਾਂ ਭਰਾਂਵਾਂ ਨੂੰ ਵੀ ਭੈਣਾਂ ਪਛਾਨਣੀਆ ਮੁਸ਼ਕਿਲ ਹੋ ਜਾਂਦੀਆ ਹਨ। ਨਾ ਕੁੱਝ ਖਾ ਸਕਦੀਆ ਹਨ, ਨਾ ਕੁੱਝ ਪੀ ਸਕਦੀਆ ਹਨ ਤੇ ਫਿਰ ਕਿੰਨੇ ਮੀਡੀਆ ਗੁੰਦਨੀਆ ਨੇ ਕਿੰਨ੍ਹੇ ਲਾਲ ਪਰਾਂਦੇ ਪਾਉਣੇ ਨੇ। ਇਹ ਸਾਰਾ ਕੁੱਝ ਪੱਛਮੀ ਮੁਲਕਾਂ ਦੀ ਭੇਟ ਚੜ ਗਿਆ ਹੈ। ਨਾ ਉਹ ਸਾਡੇ ਵੇਲੇ ਮੁੜਕੇ ਆਉਣੇ ਨੇ ਤੇ ਨਾ ਹੀ ਕਿਸੇ ਨੇ ਇਹ ਰਿਵਾਂਜ ਪਗਾਉਣੇ ਨੇ, ਵੇਖਦੇ ਹਾਂ ਹੋਰ ਅੱਗੇ -ਅੱਗੇ ਕੀ ਹੁੰਦਾ ਹੈ?

# ਅਸਮਾਨੀ ਬਿਜਲੀ ਸਾਰੀ ਦੁਨੀਆ ਦੀ ਊਰਜਾ ਲੋੜ ਪੂਰ ਸਕਦੀ ਹੈ

-ਵਿਨੀਤ ਨਾਰਾਇਣ-

ਬਿਜਲੀ ਅੱਜ ਸਭਿਅਕ ਸਮਾਜ ਦੀ ਬੁਨਿਆਦੀ ਜ਼ਰੂਰਤ ਬਣ ਚੁੱਕੀ ਹੈ। ਗਰੀਬ-ਅਮੀਰ ਸਭ ਨੂੰ ਇਸ ਦੀ ਲੋੜ ਹੈ। ਵਿਕਾਸਸ਼ੀਲ ਦੇਸ਼ਾਂ ਵਿੱਚ ਬਿਜਲੀ ਦਾ ਉਤਪਾਦਨ ਇੰਨਾ ਨਹੀਂ ਹੁੰਦਾ ਕਿ ਹਰ ਕਿਸੇ ਦੀ ਲੋੜ ਨੂੰ ਪੂਰਾ ਕਰ ਸਕੇ, ਇਸ ਲਈ ਬਿਜਲੀ ਉਤਪਾਦਨ ਦੇ ਬਦਲ ਦੇ ਸਰੋਤ ਲਗਾਤਾਰ ਲੱਭੇ ਜਾਂਦੇ ਹਨ। ਪਾਣੀ ਤੋਂ ਬਿਜਲੀ ਬਣਦੀ ਹੈ, ਕੋਲੇ ਤੋਂ ਬਣਦੀ ਹੈ, ਨਿਊਕਲੀਅਰ ਰਿਐਕਟਰ ਤੋਂ ਬਣਦੀ ਹੈ ਤੇ ਸੂਰਜ ਦੀ ਰੌਸ਼ਨੀ ਤੋਂ ਵੀ ਬਣਦੀ ਹੈ, ਪਰ ਵਿਗਿਆਨਕ ਸੂਰਜ ਪ੍ਰਕਾਸ਼ ਕਪੂਰ, ਜਿਨ੍ਹਾਂ ਨੇ ਵੈਦਿਕ ਵਿਗਿਆਨ ਦੇ ਆਧਾਰ 'ਤੇ ਆਧੁਨਿਕ ਜਗਤ ਦੀਆਂ ਕਈ ਵੱਡੀਆਂ ਚੁਣੌਤੀਆਂ ਨੂੰ ਮੌਲਿਕ ਤੌਰ 'ਤੇ ਸੁਲਝਾਉਣ ਦਾ ਕੰਮ ਕੀਤਾ ਹੈ, ਦਾ ਦਾਅਵਾ ਹੈ ਕਿ ਬੱਦਲਾਂ ਵਿੱਚ ਚਮਕਣ ਵਾਲੀ ਬਿਜਲੀ ਨੂੰ ਵੀ ਆਦਮੀ ਦੀ ਜ਼ਰੂਰਤ ਲਈ ਵਰਤਿਆ ਜਾ ਸਕਦਾ ਹੈ।

ਇਹ ਕੋਈ ਕੋਰੀ ਕਲਪਨਾ ਨਹੀਂ, ਇੱਕ ਹਕੀਕਤ ਹੈ। ਦੁਨੀਆ ਦੇ ਵਿਕਸਿਤ ਦੇਸ਼ ਜਿਵੇਂ ਅਮਰੀਕਾ, ਜਾਪਾਨ, ਫਰਾਂਸ ਆਦਿ ਇਸ ਬਿਜਲੀ ਨੂੰ ਵਰਤੋਂ ਵਿੱਚ ਲਿਆਉਣ ਲਈ ਸੰਗਠਿਤ ਹੋ ਚੁੱਕੇ ਹਨ। ਉਨ੍ਹਾਂ ਦੀ ਸੰਸਥਾ ਦਾ ਨਾਂਅ ਹੈ ਇੰਟਰਨੈਸ਼ਨਲ ਕਮਿਸ਼ਨ ਆਫ ਐਟਮੋਸਫੇਅਰਿਕ ਇਲੈਕਟ੍ਰੀਸਿਟੀ। ਬਦਕਿਸਮਤੀ ਨਾਲ ਭਾਰਤ ਇਸ ਸੰਗਠਨ ਦਾ ਮੈਂਬਰ ਨਹੀਂ ਹੈ। ਇਹ ਗੱਲ ਵੱਖਰੀ ਹੈ ਕਿ ਭਾਰਤ ਦੇ ਵੈਦਿਕ ਸ਼ਾਸਤਰਾਂ 'ਚ ਅਸਮਾਨੀ ਬਿਜਲੀ ਨੂੰ ਕੰਟਰੋਲ ਕਰਨ ਦਾ ਵਰਣਨ ਆਉਂਦਾ ਹੈ। ਸੁਣਨ ਵਿੱਚ ਇਹ ਵਿਚਾਰ ਅਟਪਟਾ ਲੱਗੇਗਾ, ਉਵੇਂ ਹੀ, ਜਿਵੇਂ ਅੱਜ ਤੋਂ 100 ਸਾਲ ਪਹਿਲਾਂ ਜੇ ਕੋਈ ਕਹਿੰਦਾ ਕਿ ਮੈਂ ਲੋਹੇ ਦੇ ਜਹਾਜ਼ ਵਿੱਚ ਬੈਠ ਕੇ ਉਡ ਜਾਵਾਂਗਾ ਤਾਂ ਦੁਨੀਆ ਉਸ ਦਾ ਮਜ਼ਾਕ ਉਡਾਉਂਦੀ।

ਪ੍ਰਿਥਵੀ ਦੀ ਸਤ੍ਹਾ ਤੋਂ 80 ਕਿਲੋਮੀਟਰ ਉਪਰ ਤੱਕ ਸਾਡਾ ਵਾਯੂਮੰਡਲ ਹੈ। ਉਸ ਤੋਂ ਉਪਰ 220 ਕਿਲੋਮੀਟਰ ਤੱਕ ਇਕ ਅਦ੍ਰਿਸ਼ ਗੋਲੇ ਨੇ ਪ੍ਰਿਥਵੀ ਨੂੰ ਚਾਰੇ ਪਾਸਿਓਂ ਘੇਰਿਆ ਹੋਇਆ ਹੈ, ਜਿਸ ਨੂੰ ਅਇਨੋ ਸਫੇਅਰ ਕਹਿੰਦੇ ਹਨ, ਜੋ ਆਇਨਜ਼ ਤੋਂ ਬਣਿਆ ਹੋਇਆ ਹੈ। ਇਸ ਆਇਨੇ ਸਫੇਅਰ ਦੇ ਕਣ ਬਿਜਲੀ ਨਾਲ ਚਾਰਜ ਹੁੰਦੇ ਹਨ। ਉਨ੍ਹਾਂ ਦੇ ਅਤੇ ਪ੍ਰਿਥਵੀ ਦੀ ਸਤ੍ਹਾ ਵਿਚਾਲੇ ਲਗਾਤਾਰ ਅਸਮਾਨੀ ਬਿਜਲੀ ਦਾ ਅਦਾਨ-ਪ੍ਰਦਾਨ ਹੁੰਦਾ ਰਹਿੰਦਾ ਹੈ। ਇਸ ਤਰ੍ਹਾਂ ਇੱਕ ਗਲੋਬਲ ਸਰਕਟ ਕੰਮ ਕਰਦਾ ਹੈ, ਜੋ ਅੱਖਾਂ ਨਾਲ ਦਿਖਾਈ ਨਹੀਂ ਦਿੰਦਾ, ਪਰ ਇੰਨੀ ਬਿਜਲੀ ਦਾ ਅਦਾਨ-ਪ੍ਰਦਾਨ ਹੁੰਦਾ ਹੈ ਕਿ ਪੂਰੀ ਦੁਨੀਆ ਦੀ 700 ਕਰੋੜ ਦੀ ਆਬਾਦੀ ਦੀ ਬਿਜਲੀ ਦੀ ਲੋੜ ਬਿਨਾਂ ਖਰਚ ਕੀਤੇ ਪੂਰੀ ਹੋ ਸਕਦੀ ਹੈ। ਉਪਰੋਕਤ ਕੌਮਾਂਤਰੀ ਸੰਸਥਾ ਦਾ ਇਹੀ ਉਦੇਸ਼ ਹੈ ਕਿ ਕਿਵੇਂ ਇਸ ਬਿਜਲੀ ਨੂੰ ਮਨੁੱਖਤਾ ਦੀ ਲੋੜ ਲਈ ਵਰਤੋਂ ਵਿੱਚ ਲਿਆਂਦਾ ਜਾਵੇ।



ਜਦੋਂ ਅਸਮਾਨ ਵਿੱਚ ਬਿਜਲੀ ਚਮਕਦੀ ਹੈ ਤਾਂ ਇਹ ਅਕਸਰ ਪਹਿਲਾਂ ਪਹਾੜਾਂ ਦੀਆਂ ਚੋਟੀਆਂ 'ਤੇ ਡਿੱਗਦੀ ਹੈ। ਡਾਕਟਰ ਕਪੂਰ ਦੱਸਦੇ ਹਨ ਕਿ ਇਸ ਬਿਜਲੀ ਨਾਲ 3000 ਡਿਗਰੀ ਸੈਂਟੀਗ੍ਰੇਡ ਦਾ ਤਾਪਮਾਨ ਪੈਦਾ ਹੁੰਦਾ ਹੈ, ਜਿਸ ਨਾਲ ਪਹਾੜ ਦੀ ਚੋਟੀ ਟੁਕੜੇ-ਟੁਕਵੇ ਹੋ ਜਾਂਦੀ ਹੈ। ਉਕਤ ਕੌਮਾਂਤਰੀ ਸੰਸਥਾ ਨੇ ਅਜੇ ਤੱਕ ਸਿਰਫ ਇੰਨੀ ਸਫਲਤਾ ਹਾਸਲ ਕੀਤੀ ਹੈ ਕਿ ਇਸ ਬਿਜਲੀ ਨਾਲ ਉਹ ਪਹਾੜਾਂ ਦੀਆਂ ਚੋਟੀਆਂ ਨੂੰ ਤੋੜ ਕੇ ਸਮਤਲ ਬਣਾਉਣ ਦਾ ਕੰਮ ਕਰਨ ਲੱਗੇ ਹਨ, ਜੋ ਕੰਮ ਹੁਣ ਤੱਕ ਡਾਇਨਾਮਾਈਟ ਕਰਦਾ ਸੀ।

ਨਿਊ ਯਾਰਕ ਦੀ ਮਸ਼ਹੂਰ ਇਮਾਰਤ ਇੰਪਾਇਰ ਸਟੇਟ ਬਿਲਡਿੰਗ ਦੀ ਚੋਟੀ 'ਤੇ ਜੋ ਤੜੀ ਚਾਲਕ ਲੱਗਾ ਹੈ, ਉਸ 'ਤੇ ਪੂਰੇ ਸਾਲ ਵਿੱਚ ਔਸਤਨ 300 ਵਾਰ ਬਿਜਲੀ ਡਿੱਗਦੀ ਹੈ, ਜਿਸ ਨੂੰ ਲਾਈਟਨਿੰਗ ਕੰਡਕਟਰ ਰਾਹੀਂ ਧਰਤੀ ਦੇ ਅੰਦਰ ਪਹੁੰਚਾ ਦਿੱਤਾ ਜਾਂਦਾ ਹੈ। ਭਾਰਤ ਵਿੱਚ ਵੀ ਤੁਸੀਂ ਅਨੇਕ ਇਮਾਰਤਾਂ 'ਤੇ ਅਜਿਹੇ ਤੜੀ ਚਾਲਕ ਦੇਖੇ ਹੋਣਗੇ, ਜੋ ਭਵਨਾਂ ਨੂੰ ਅਸਮਾਨੀ ਬਿਜਲੀ ਦੇ ਡਿੱਗਣ ਨਾਲ ਹੋਣ ਵਾਲੇ ਨੁਕਸਾਨ ਤੋਂ ਬਚਾਉਂਦੇ ਹਨ। ਜੇ ਇਸ ਬਿਜਲੀ ਨੂੰ ਜ਼ਮੀਨ ਦੇ ਅੰਦਰ ਨਾ ਲਿਜਾ ਕੇ ਅਡਾਪਟਰ ਲਾ ਕੇ ਉਸ ਦੇ ਪੈਰਾਮੀਟਰਜ਼ ਬਦਲ ਕੇ ਉਸ ਨੂੰ ਗਰਿੱਡ ਵਿੱਚ ਦੇ ਦਿੱਤਾ ਜਾਵੇ ਤਾਂ ਇਸ ਦੀ ਵੰਡ ਮਨੁੱਖੀ ਲੋੜਾਂ ਲਈ ਕੀਤੀ ਜਾ ਸਕਦੀ ਹੈ।

ਮੇਘਾਲਿਆ ਸੂਬਾ, ਜਿਵੇਂ ਨਾਂ ਤੋਂ ਹੀ ਸਪੱਸ਼ਟ ਹੈ, ਬੱਦਲਾਂ ਦਾ ਘਰ ਹੈ। ਇਥੇ ਦੁਨੀਆ ਵਿੱਚ ਸਭ ਤੋਂ ਜ਼ਿਆਦਾ ਮੀਂਹ ਪੈਂਦਾ ਹੈ ਤੇ ਸਭ ਤੋਂ ਜ਼ਿਆਦਾ ਬਿਜਲੀ ਡਿੱਗਦੀ ਹੈ। ਕਿਸੇ ਹਵਾਈ ਜਹਾਜ਼ ਨੂੰ ਇਸ ਬੱਦਲ ਵਿੱਚੋਂ ਜਾਣ ਦੀ ਇਜਾਜ਼ਤ ਨਹੀਂ ਹੁੰਦੀ, ਕਿਉਂਕਿ ਅਜਿਹਾ ਕਰਨ 'ਤੇ ਪੂਰਾ ਜਹਾਜ਼ ਅੱਗ ਦੀ ਭੇਟ ਚੜ੍ਹ ਸਕਦਾ ਹੈ। ਬੱਦਲ ਫਟਣਾ ਇੱਕ ਭਾਰੀ ਕੁਦਰਤੀ ਆਫਤ ਹੈ, ਜੋ ਉਤਰਾਖੰਡ ਵਿੱਚ ਵਾਪਰੀ ਸੀ, ਉਸ ਨੂੰ ਵੀ ਇਸ ਵਿਧੀ ਨਾਲ ਰੋਕਿਆ ਜਾ ਸਕਦਾ ਸੀ। ਜੇ ਹਿਮਾਲਿਆ ਦੀਆਂ ਚੋਟੀਆਂ 'ਤੇ ਇਲੈਕਟ੍ਰੀਕਲ ਕਨਵਰਜ਼ਨ ਯੂਨਿਟਸ ਲਾ ਦਿੱਤੇ ਜਾਣ ਅਤੇ ਇਸ ਤਰ੍ਹਾਂ ਸਿਰਜੇ ਗਏ ਬੱਦਲਾਂ ਤੋਂ ਪ੍ਰਾਪਤ ਬਿਜਲੀ ਨੂੰ ਗਰਿੱਡ ਨੂੰ ਦੇ ਦਿੱਤਾ ਜਾਵੇ ਤਾਂ ਉੱਤਰ-ਭਾਰਤ ਦੀ ਬਿਜਲੀ ਦੀ ਲੋੜ ਪੂਰੀ ਹੋ ਜਾਵੇਗੀ ਅਤੇ ਬੱਦਲ ਫਟਣ ਦੀ ਸਮੱਸਿਆ ਤੋਂ ਵੀ ਛੁਟਕਾਰਾ ਮਿਲ ਜਾਵੇਗਾ।

ਧਰਤੀ ਦੀ ਸਤ੍ਹਾ ਤੋਂ 50,000 ਕਿਲੋਮੀਟਰ ਉਪਰ ਧਰਤੀ ਦਾ ਚੁੰਬਕੀ ਕਵਰ, ਮੈਗਨੇਟੋਸਫੇਅਰ ਖਤਮ ਹੋ ਜਾਂਦਾ ਹੈ। ਇਸ ਪੱਧਰ 'ਤੇ ਸੂਰਜ ਤੋਂ ਆਉਂਦੀਆਂ ਸੂਰਜੀ ਹਵਾਵਾਂ ਦੇ ਬਿਜਲੀ ਕਵਰ ਦੇ ਕਣ (ਆਇਨਜ਼) ਉਤਰੀ ਤੇ ਦੱਖਣੀ ਧਰੁਵ ਤੋਂ ਧਰਤੀ ਵਿੱਚ ਪ੍ਰਵੇਸ਼ ਕਰਦੇ ਹਨ, ਜਿਨ੍ਹਾਂ ਨੂੰ ਅਰੋਰਾ ਲਾਈਟਸ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ। ਇਨ੍ਹਾਂ ਵਿੱਚ ਇੰਨੀ ਊਰਜਾ ਹੁੰਦੀ ਹੈ ਕਿ ਜੇ ਉਸ ਨੂੰ ਵੇਵ ਗਾਈਡਸ ਰਾਹੀਂ ਇਲੈਕਟ੍ਰੀਕਲ ਕਨਵਰਜ਼ਨ ਯੂਨਿਟ ਲਾ ਕੇ ਗਰਿੱਡ ਵਿੱਚ ਦਿੱਤਾ ਜਾਵੇ ਤਾਂ ਪੂਰੀ ਦੁਨੀਆ ਦੀ ਬਿਜਲੀ ਦੀ ਲੋੜ ਪੂਰੀ ਹੋ ਸਕਦੀ ਹੈ। ਡਾਕਟਰ ਕਪੂਰ ਸਵਾਲ ਕਰਦੇ ਹਨ ਕਿ ਭਾਰਤ ਸਰਕਾਰ ਦਾ ਵਿਗਿਆਨ ਤੇ ਤਕਨੀਕੀ ਮੰਤਰਾਲਾ ਕਿਉਂ ਸੁੱਤਾ ਪਿਆ ਹੈ।

# ਜਦੋਂ ਬੱਚਿਆਂ ਨੇ ਪਿੰਡ ਦੀ ਬਦਲੀ ਨੁਹਾਰ

-ਪ੍ਰਿੰ. ਵਿਜੈ ਕੁਮਾਰ

ਮੇਰਾ ਇਹ ਸੁਭਾਗ ਹੈ ਕਿ ਪਰਮਾਤਮਾ ਨੇ ਮੈਨੂੰ ਇਹ ਗੁਣ ਬਖਸ਼ਿਆ ਹੈ ਕਿ ਹਾਲਾਤ ਜਿਹੋ ਜਿਹੇ ਮਰਜ਼ੀ ਹੋਣ, ਆਪਣੇ ਉਦੇਸ਼ ਤੇ ਨਿਸ਼ਾਨੇ ਪ੍ਰਤੀ ਸਮਰਪਿਤ ਰਹੋ। ਹਿੰਮਤ ਨਾ ਹਾਰੋ। ਸਫਲਤਾ ਮਿਲੇ ਜਾਂ ਨਾ ਮਿਲੇ, ਝਰਨੇ ਵਾਂਗ ਵਹਿੰਦੇ ਰਹੋ। ਮੈਂ ਲੈਕਚਰਾਰ ਦੇ ਅਹੁਦੇ 'ਤੇ ਸੇਵਾ ਨਿਭਾਉਂਦਿਆਂ ਆਪਣੇ ਸਕੂਲ ਦੀ ਕੌਮੀ ਸੇਵਾ ਯੋਜਨਾ ਇਕਾਈ ਦਾ ਪ੍ਰੋਗਰਾਮ ਅਧਿਕਾਰੀ ਸੀ। ਇਸ ਯੋਜਨਾ ਹੇਠ ਮੈਂ ਆਪਣੇ ਵਿਦਿਆਰਥੀਆਂ ਨੂੰ ਲੈ ਕੇ ਪਿੰਡਾਂ 'ਚ ਇਕ ਅਤੇ ਦਸ ਦਿਨਾਂ ਕੌਮੀ ਸੇਵਾ ਯੋਜਨਾ ਕਪ ਲਾਉਂਦਾ ਸੀ। ਇਹ ਕੈਂਪ ਯਾਦਗਾਰੀ ਹੋ ਨਿੱਬੜਦੇ ਸਨ। ਅਸੀਂ ਕੈਂਪ ਦੌਰਾਨ ਸਿਰਫ ਪ੍ਰਾਜੈਕਟ ਨਹੀਂ ਕਰਦੇ, ਸਗੋਂ ਕੇਂਦਰ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਲੋਕਾਂ ਦੀ ਜਾਗਰੂਕਤਾ ਲਈ ਵੱਖ-ਵੱਖ ਗਤੀਵਿਧੀਆਂ ਵੀ ਕਰਦੇ ਸਾਂ। ਪਿੰਡਾਂ 'ਚ ਸਾਡੀ ਕੌਮੀ ਸੇਵਾ ਯੋਜਨਾ ਦੀ ਇਕਾਈ ਦੀ ਕਾਫੀ ਪ੍ਰਸਿੱਧੀ ਅਤੇ ਚੜ੍ਹਤ ਸੀ। ਪਿੰਡਾਂ ਦੇ ਪੰਚ ਸਰਪੰਚ ਆਪਣੇ ਪਿੰਡਾਂ 'ਚ ਕੌਮੀ ਸੇਵਾ ਯੋਜਨਾ ਕੈਂਪ ਲਾਉਣ ਲਈ ਪਹੁੰਚ ਕਰਦੇ ਸਨ। ਕਈ ਵਰ੍ਹੇ ਇਕੋ ਵੇਲੇ ਤਿੰਨ ਚਾਰ ਪਿੰਡਾਂ ਵੱਲੋਂ ਕੈਂਪ ਲਾਉਣ ਲਈ ਅਰਜ਼ੀਆਂ ਆਉਣ 'ਤੇ ਸਾਨੂੰ ਇਹ ਫੈਸਲਾ ਕਰਨਾ ਔਖਾ ਹੋ ਜਾਂਦਾ ਕਿ ਕਿਸ ਪਿੰਡ ਕੈਂਪ ਲਾਈਏ।

ਇਕ ਵਾਰੀ ਮੈਂ ਆਪਣੇ ਇਕ ਕਰੀਬੀ ਮਿੱਤਰ ਦੇ ਕਹਿਣ 'ਤੇ ਨੇੜਲੇ ਪਿੰਡ ਵਿੱਚ ਇਕ ਦਿਨਾ ਕੌਮੀ ਸੇਵਾ ਯੋਜਨਾ ਕੈਂਪ ਲਾ ਬੈਠਾ। ਪ੍ਰੋਗਰਾਮ ਅਨੁਸਾਰ ਮੈਂ ਸੱਠ ਕੁ ਵਿਦਿਆਰਥੀਆਂ ਨੂੰ ਲੈ ਕੇ ਸਵੇਰੇ ਨੌਂ ਵਜੇ ਪਿੰਡ ਜਾ ਪਹੁੰਚਿਆ। ਕੈਂਪ ਦਾ ਪ੍ਰਾਜੈਕਟ ਪਿੰਡ ਦੇ ਇਕ ਰਸਤੇ ਨੂੰ ਚੱਲਣ ਅਤੇ ਲੰਘਣ ਯੋਗ ਬਣਾਉਣਾ ਸੀ। ਅਸੀਂ ਉਸ ਪਿੰਡ ਵਿੱਚ ਕੈਂਪ ਲਾ ਬੈਠੇ, ਪਰ ਮੇਰਾ ਤੇ ਨਾਲ ਗਏ ਵਿਦਿਆਰਥੀਆਂ ਦਾ ਤਜਰਬਾ ਬਹੁਤ ਚੰਗਾ ਨਹੀਂ ਰਿਹਾ। ਪ੍ਰਾਜੈਕਟ ਵਾਲੀ ਥਾਂ ਕਾਫੀ ਪਥਰੀਲੀ ਸੀ। ਇਸ ਦੇ ਬਾਵਜੂਦ ਵਿਦਿਆਰਥੀ ਸ਼ਿੱਦਤ ਨਾਲ ਕੰਮ ਕਰ ਰਹੇ ਸਨ। ਪਿੰਡ ਵਾਲਿਆਂ ਨੇ ਬੱਚਿਆਂ ਨੂੰ ਚਾਹ ਪਾਣੀ ਲਈ ਕੀ ਪੁੱਛਣਾ ਸੀ, ਉਲਟਾ ਦੂਰ ਖੜੇ ਮੇਰੇ ਵਿਦਿਆਰਥੀਆਂ ਨੂੰ ਟਿੱਚਰਾਂ ਕਰ ਰਹੇ ਸਨ। ਕੋਈ ਕਹਿੰਦਾ ਸੀ ਕਿ ਬੱਚੇ ਸਕੂਲ ਪੜ੍ਹਨ ਆਉਂਦੇ ਹਨ ਜਾਂ ਮਜ਼ਦੂਰੀ ਕਰਨ। ਕਿਸੇ ਦੇ ਮੂੰਹੋਂ ਇਹ ਸ਼ਬਦ ਨਿਕਲ ਰਹੇ ਸਨ, 'ਕਿਵੇਂ ਮਜ਼ਦੂਰਾਂ ਵਾਂਗ ਲਾਏ ਹੋਏ ਨੇ ਲੋਕਾਂ ਦੇ ਬੱਚੇ, ਇਸ ਮਾਸਟਰ ਨੇ।' ਕੋਈ ਟਿੱਚਰ ਕਰਦਾ ਆਖ ਰਿਹਾ ਸੀ, 'ਵਿਹਲੇ ਹੋਣੇ ਘਰਾਂ ਤੋਂ। ਚੱਲੋ ਚੰਗਾ ਹੈ, ਘਰੀਂ ਵੀ ਗਲੀਆਂ ਛੇਤੜਨੀਆਂ ਸਨ, ਕਿਸੇ ਆਹਰੇ ਤਾਂ ਲੱਗੇ ਹੋਏ ਨੇ।'

ਉਨ੍ਹਾਂ ਦੇ ਵਿਅੰਗ ਸੁਣ ਕੇ ਮੈਨੂੰ ਗੁੱਸਾ ਚੜ੍ਹ ਰਿਹਾ ਸੀ। ਉਨ੍ਹਾਂ ਦੀਆਂ ਟਿੱਚਰਾਂ ਮੇਰੇ ਕੰਨਾਂ ਵਿੱਚ ਪੈ ਰਹੀਆਂ ਸਨ, ਪਰ ਮੈਂ ਸੁਣ ਕੇ ਅਣਸੁਣਿਆ ਕਰ ਰਿਹਾ ਸੀ। ਮੇਰੇ ਪੰਜਾਂ ਸੱਤਾਂ ਵਿਦਿਆਰਥੀਆਂ ਨੇ ਮੈਨੂੰ ਸ਼ਿਕਾਇਤ ਕੀਤੀ; ਸਰ, ਸਾਥੋਂ ਇਨ੍ਹਾਂ ਦੀਆਂ ਟਿੱਚਰਾਂ ਨਹੀਂ ਸੁਣ ਹੁੰਦੀਆਂ। ਮੈਂ ਆਪਣੇ ਵਿਦਿਆਰਥੀਆਂ ਨੂੰ ਫਿਰ ਇਹ ਕਹਿ ਕੇ ਸਮਝਾਇਆ ਕਿ ਜਿਹੜੇ ਲੋਕ ਅੱਜ ਸਾਡਾ ਮਜ਼ਾਕ ਉਡਾ ਰਹੇ ਨੇ, ਇਕ ਦਿਨ ਇਹੀ ਤੁਹਾਡੀ ਪਿੱਠ ਥਾਪੜਣਗੇ। ਹਿੰਮਤ ਰੱਖੋ। ਇਨ੍ਹਾਂ ਨੂੰ ਆਪਣੀਆਂ ਟਿੱਚਰਾਂ ਨੂੰ ਤੁਹਾਡੀ ਪ੍ਰਸ਼ੰਸਾ 'ਚ ਬਦਲਣਾ ਪਵੇਗਾ। ਅਸੀਂ ਦੋ ਤਿੰਨ ਹੋਰ ਕੌਮੀ ਸੇਵਾ ਯੋਜਨਾ ਕੈਂਪ ਲਾ ਕੇ ਉਸ ਪਿੰਡ ਦੇ ਰਾਹ ਨੂੰ ਚੱਲਣ ਯੋਗ ਬਣਾ ਦਿੱਤਾ। ਮੇਰੇ ਵਿਦਿਆਰਥੀਆਂ ਦੀ ਮਿਹਨਤ ਦੀ ਗੱਲ ਇਲਾਕੇ ਦੇ ਵਿਧਾਇਕ ਕੋਲ ਪਹੁੰਚੀ। ਉਹ ਕੱਚਾ ਰਸਤਾ ਸੜਕ ਵਿੱਚ ਬਦਲ ਗਿਆ। ਲੋਕਾਂ ਦੀ ਜ਼ਿੰਦਗੀ ਸੌਖੀ ਹੋ ਗਈ। ਪਿੰਡ ਦੇ ਉਨ੍ਹਾਂ ਲੋਕਾਂ ਨੂੰ ਏਹੀ ਬੰਦੇ ਚੇਤੇ ਆਉਣ ਲੱਗੇ, ਜਿਨ੍ਹਾਂ ਨੂੰ ਉਹ ਟਿੱਚਰਾਂ ਕਰਦੇ ਸਨ।

ਉਸ ਪਿੰਡ ਦਾ ਮਿਡਲ ਸਕੂਲ ਇਕ ਮੰਦਰ ਵਿੱਚ ਲੱਗਦਾ ਸੀ। ਪਿੰਡ ਵਾਲਿਆਂ ਨੇ ਇਕੱਠਿਆਂ ਹੋ ਕੇ ਸਕੂਲ ਦੀ ਇਮਾਰਤ ਬਣਾਉਣ ਲਈ ਜਗ੍ਹਾ ਦੇ ਦਿੱਤੀ। ਸਕੂਲ ਦੀ ਇਮਾਰਤ ਬਣਨੀ ਸੀ। ਮੇਰਾ ਉਹ ਕਰੀਬੀ ਦੋਸਤ ਅਧਿਆਪਕ ਪਿੰਡ ਦੇ ਲੋਕਾਂ ਨੂੰ ਲੈ ਕੇ ਸਕੂਲ ਆ ਗਿਆ। ਉਨ੍ਹਾਂ ਲੋਕਾਂ 'ਚ ਟਿੱਚਰਾਂ ਕਰਨ ਵਾਲੇ ਵੀ ਸ਼ਾਮਲ ਸਨ। ਮੈਂ ਚਾਹੁੰਦਾ ਸੀ ਕਿ ਉਨ੍ਹਾਂ ਲੋਕਾਂ ਨੂੰ ਉਹ ਦਿਨ ਯਾਦ ਕਰਾਵਾਂ, ਪਰ ਮੇਰੇ ਜਨੂੰਨ ਨੇ ਮੇਰੀ ਜ਼ੁਬਾਨ ਉੱਤੇ ਕੋਈ ਸ਼ਬਦ ਨਾ ਆਉਣ ਦਿੱਤਾ। ਮੈਂ ਉਨ੍ਹਾਂ ਵੱਲੋਂ ਦਿੱਤੀ ਕੈਂਪ ਦੀ ਅਰਜ਼ੀ ਮੁੱਖ ਦਫਤਰ ਨੂੰ ਭੇਜ ਦਿੱਤੀ। ਕੈਂਪ ਦੀ ਮਨਜ਼ੂਰੀ ਆ ਗਈ।

ਦਸੰਬਰ ਦੀਆਂ ਛੁੱਟੀਆਂ ਵਿੱਚ ਮੈਂ ਉਸ ਪਿੰਡ ਵਿੱਚ ਦਸ ਦਿਨਾਂ ਕੌਮੀ ਸੇਵਾ ਯੋਜਨਾ ਕੈਂਪ ਲਾ ਦਿੱਤਾ। ਉਹ ਕੈਂਪ ਮੇਰੀ ਜ਼ਿੰਦਗੀ ਦੀ ਅਭੁੱਲ ਯਾਦ ਬਣ ਗਿਆ। ਟਿੱਚਰਾਂ ਕਰਨ ਵਾਲਿਆਂ ਨੇ ਪਿੰਡ ਦੇ ਹੋਰ ਲੋਕਾਂ ਨੂੰ ਕੈਂਪ ਨਾਲ ਜੋੜ ਦਿੱਤਾ। ਇਕ ਕਾਰਵਾਂ ਬਣ ਗਿਆ। ਪਿੰਡ ਦੇ ਲੋਕ ਸਾਡੇ ਨਾਲ ਆ ਕੇ ਕੰਮ ਕਰਦੇ। ਦੁਪਹਿਰ ਦੇ ਲੈਕਚਰ ਸੈਸ਼ਨ ਵਿੱਚ ਆ ਕੇ ਬੈਠਦੇ। ਰਾਤ ਦੇ ਸੱਭਿਆਚਾਰਕ ਪ੍ਰੋਗਰਾਮ ਵਿੱਚ ਕੰਮ ਕਰਦੇ। ਪਿੰਡ ਵਿੱਚ ਸਮਾਜਿਕ ਬੁਰਾਈਆਂ ਦੇ ਖਿਲਾਫ ਰੈਲੀਆਂ ਕੱਢਦੇ। ਮੇਰੇ ਬੱਚਿਆਂ ਨੂੰ ਪਿੰਡ 'ਚੋਂ ਖਾਣ ਲਈ ਕਦੇ ਫਲ ਆਉਂਦੇ। ਕੋਈ ਮੱਕੀ ਦੀਆਂ ਰੋਟੀਆਂ ਤੇ ਸਾਗ ਭੇਜਦਾ। ਕੋਈ ਸ਼ਾਮ ਦੀ ਚਾਹ ਲਈ ਬਰੈਡ ਪਕੌੜੇ, ਬਿਸਕੁਟ ਤੇ ਪੇਸਟ੍ਰੀਆਂ ਭੇਜ ਦਿੰਦਾ। ਬੱਚਿਆਂ 'ਚ ਅਜਿਹਾ ਉਤਸ਼ਾਹ ਪੈਦਾ ਹੋਇਆ ਕਿ ਉਹ ਸਰੀਰ ਨੂੰ ਡੰਗਦੀ ਠੰਢ 'ਚ ਕੰਮ ਕਰਦੇ ਰਹਿੰਦੇ।

ਪਿੰਡ ਦੇ ਮਿਡਲ ਸਕੂਲ ਦੇ ਕਮਰਿਆਂ ਲਈ ਨੀਹਾਂ ਭਰੀਆਂ ਗਈਆਂ। ਕੈਂਪ ਨਾਲ ਪਿੰਡ ਦੇ ਲੋਕਾਂ ਦਾ ਇਕ ਜਨੂੰਨ ਜਿਹਾ ਪੈਦਾ ਹੋ ਗਿਆ। ਲੋਕ ਸੋਚਣ ਲੱਗੇ ਕਿ ਸਕੂਲ ਦੀ ਇਮਾਰਤ ਛੇਤੀ ਤੋਂ ਛੇਤੀ ਤਿਆਰ ਹੋਵੇ। ਸਕੂਲ ਮੰਦਰ 'ਚੋਂ ਨਿਕਲ ਕੇ ਇਮਾਰਤ 'ਚ ਲੱਗਣਾ ਸ਼ੁਰੂ ਹੋਵੇ। ਕੈਂਪ ਦੀ ਸਮਾਪਤੀ ਦਾ ਦਿਨ ਸੀ। ਮੈਂ ਬੱਚਿਆਂ ਦਾ ਕੰਮ ਤੇ ਪਿੰਡ ਵਾਲਿਆਂ ਦਾ ਉਤਸ਼ਾਹ ਦਿਖਾਉਣ ਲਈ ਦਿੱਲੀ ਤੋਂ ਅਧਿਕਾਰੀਆਂ ਨੂੰ ਬੁਲਾਇਆ ਹੋਇਆ ਸੀ। ਕੈਂਪ ਦੀ ਸਮਾਪਤੀ ਸਮਾਗਮ ਮੌਕੇ ਪਿੰਡ ਦੇ ਬਹੁਤ ਸਾਰੇ ਲੋਕ ਇਕੱਠੇ ਹੋਏ ਸਨ। ਸਮਾਗਮ ਰਾਤ ਦੇ ਦਸ ਵਜੇ ਤੱਕ ਚੱਲਦਾ ਰਿਹਾ। ਸੱਭਿਆਚਾਰਕ ਪ੍ਰੋਗਰਾਮ ਰਾਹੀਂ ਬੱਚਿਆਂ ਨੇ ਖੂਬ ਰੌਣਕਾਂ ਲਾਈਆਂ। ਪਿੰਡ ਦੇ ਲੋਕਾਂ ਨੇ ਵਰਖਾ ਵਾਂਗ ਰੁਪਏ ਵਰ੍ਹਾਏ। ਪਿੰਡ ਦੇ ਸਕੂਲ ਦੀ ਇਮ-ਾਰਤ ਲਈ ਉਨ੍ਹਾਂ ਨੇ ਤਿੰਨ ਲੱਖ ਰੁਪਏ ਇਕੱਠੇ ਕਰ ਲਏ। ਦਿੱਲੀ ਤੋਂ ਆਏ ਅਧਿਕਾਰੀ ਗੋਪਾਲ ਜੀ ਨੇ ਸਕੂਲ ਨੂੰ ਆਪਣੇ ਕੋਲੋਂ ਦਸ ਹਜ਼ਾਰ ਰੁਪਏ ਇਮਦਾਦ ਦਿੱਤੀ।

ਮੇਰੇ ਉਸ ਕੈਂਪ ਦੀ ਕਾਰਗੁਜ਼ਾਰੀ ਦਿੱਲੀ ਸਰਕਾਰ ਦੇ ਕਾਗਜ਼ਾਂ 'ਚ ਦਰਜ ਹੋਈ। ਮੈਨੂੰ ਮਨੁੱਖੀ ਵਸੀਲਿਆਂ ਬਾਰੇ ਮੰਤਰਾਲੇ ਵੱਲੋਂ ਦਿੱਲੀ ਦੇ ਵਿਗਿਆਨ ਭਵਨ ਵਿੱਚ 'ਇੰਦਰਾ ਗਾਂਧੀ ਕੌਮੀ ਸੇਵਾ ਯੋਜਨਾ ਪੁਰਸਕਾਰ' ਨਾਲ ਨਿਵਾਜਿਆ ਗਿਆ। ਉਹ ਦਿਨ ਅਤੇ ਯਤਨ ਅੱਜ ਵੀ ਮੇਰੀ ਜ਼ਿੰਦਗੀ ਦਾ ਹਿੱਸਾ ਬਣੇ ਹੋਏ ਹਨ।

## ਹਲਕਾ ਫੁਲਕਾ

ਇੱਕ ਵਿਦਿਆਰਥੀ, "ਮੈਨੂੰ ਚੋਰੀ ਦਾ ਟਿਫਿਨ ਖਾਣ 'ਚ ਬੜਾ ਮਜ਼ਾ ਆਉਂਦਾ ਹੈ।"
ਦੂਸਰਾ, "ਮੈਨੂੰ ਵੀ ਅਜਿਹਾ ਕਰਨਾ ਚੰਗਾ ਲੱਗਦਾ ਹੈ, ਪਰ ਅੱਜ ਕਿਸੇ ਨੇ ਮੇਰੇ ਹੀ ਟਿਫਿਨ 'ਤੇ ਹੱਥ ਸਾਫ ਕਰ ਕੇ ਮੇਰੇ ਸਾਰੇ ਲੱਡੂ ਖਾ ਲਏ।"
ਪਹਿਲਾ, "ਅੱਛਾ, ਉਹ ਨੀਲੇ ਰੰਗ ਦਾ ਟਿਫਿਨ ਤੇਰਾ ਸੀ?"

********

ਸੋਨੂੰ, "ਪਾਪਾ, ਪਾਪਾ ਮੈਂ ਸਵੇਰ ਤੋਂ ਪੜ੍ਹ ਰਿਹਾ ਹਾਂ।"
ਪਾਪਾ, "ਸ਼ਾਬਾਸ਼ ਬੇਟਾ, ਦੱਸੋ ਭਲਾ ਕੀ-ਕੀ ਪੜ੍ਹਿਆ?"
ਸੋਨੂੰ, "ਤਿੰਨ ਕਾਰਟੂਨ ਸਟੋਰੀਜ਼।"

********

ਡਾਕਟਰ (ਮਰੀਜ਼ ਨੂੰ), "ਤੁਸੀਂ ਇਸ ਦੁਨੀਆ 'ਚ ਬੱਸ ਸਿਰਫ ਦੋ-ਚਾਰ ਘੰਟੇ ਦੇ ਮਹਿਮਾਨ ਹੋ। ਕੀ ਤੁਸੀਂ ਮਰਨ ਤੋਂ ਪਹਿਲਾਂ ਕਿਸੇ ਨੂੰ ਦੇਖਣਾ ਚਾਹੁੰਦੇ ਹੋ?"
ਮਰੀਜ਼, "ਜੀ ਹਾਂ।"
ਡਾਕਟਰ, "ਕਿਸ ਨੂੰ?"
ਮਰੀਜ਼, "ਇੱਕ ਚੰਗੇ ਡਾਕਟਰ ਨੂੰ ਮਿਲਣਾ ਚਾਹੁੰਦਾ ਹਾਂ।"

********

ਇੱਕ ਕੁੜੀ ਦਾ ਵਿਆਹ ਹੋ ਰਿਹਾ ਸੀ। ਜਦੋਂ ਕੁੜੀ ਵੱਲੋਂ ਫੇਰੇ ਲੈਣ ਦੀ ਵਾਰੀ ਆਉਂਦੀ ਤਾਂ ਮੁੰਡਾ ਤੇਜ਼ੀ ਨਾਲ ਉਸ ਦੇ ਅੱਗੇ ਨਿਕਲ ਜਾਂਦਾ। ਵਾਰ-ਵਾਰ ਅਜਿਹਾ ਕਰਦੇ ਰਹਿਣ ਨਾਲ ਕੁੜੀ ਦੇ ਪਿਤਾ ਕਹਿਣ ਲੱਗੇ, "ਇਹ ਵਿਆਹ ਨਹੀਂ ਹੋ ਸਕਦਾ।"
ਮੁੰਡੇ ਦੇ ਚਾਚੇ ਨੇ ਉਨ੍ਹਾਂ ਨੂੰ ਸਮਝਾਇਆ, "ਚਿੰਤਾ ਕਰਨ ਵਾਲੀ ਗੱਲ ਨਹੀਂ ਹੈ। ਅਸਲ ਵਿੱਚ ਮੁੰਡਾ ਟਰੱਕ ਡਰਾਈਵਰ ਹੈ। ਇਸ ਲਈ ਇਸ ਨੂੰ ਓਵਰਟੇਕ ਕਰਨ ਦੀ ਆਦਤ ਹੈ।"

********

ਪਤਨੀ, "ਦੇਖੋ ਨਾ, ਸਾਡੇ ਗੁਆਂਢੀ ਨੇ 50 ਇੰਚ ਦੀ ਐੱਲ ਏ ਡੀ ਖਰੀਦੀ ਹੈ, ਤੁਸੀਂ ਵੀ ਖਰੀਦ ਕੇ ਲਿਆਓ ਨਾ।"
ਪਤੀ, "ਓ ਡਾਰਲਿੰਗ, ਜਿਸ ਦੇ ਕੋਲ ਤੇਰੇ ਵਰਗੀ ਸੋਹਣੀ ਘਰ ਵਾਲੀ ਹੋਵੇ, ਉਹ ਕਿਉਂ ਫਾਲਤੂ ਦਾ ਸਮਾਂ ਟੀ ਵੀ ਦੇਖਣ ਵਿੱਚ ਬਰਬਾਦ ਕਰੇਗਾ।"
ਪਤਨੀ, "ਓਹ! ਤੁਸੀਂ ਵੀ ਬੜੇ ਉਹ ਹੋ। ਤੁਹਾਡੇ ਲਈ ਗਰਮਾ-ਗਰਮ ਪਕੌੜੇ ਬਣਾ ਕੇ ਲਿਆਉਂਦੀ ਹਾਂ।"

# ਕੁੜੀਆਂ ਮੁੰਡਿਆਂ ਦਾ ਘਰੋਂ ਭੱਜਕੇ ਵਿਆਹ ਕਰਵਾਉਣਾ ਕਿੰਨਾ ਕੁ ਜਾਇਜ਼ ਤੇ ਸਹੀ ਫੈਸਲਾ

ਅੱਜ ਕੱਲ੍ਹ ਕਿਧਰੇ ਨਾ ਕਿਧਰੇ ਖਬਰ ਪੜ੍ਹਨ ਜਾਂ ਸੁਣਨ ਨੂੰ ਮਿਲ ਹੀ ਜਾਂਦੀ ਹੈ ਕਿ ਫਲਾਣੀ ਥਾਂ ਜਾਂ ਫਲਾਣੇ ਪਿੰਡ ਦੀ ਕੁੜੀ ਤੇ ਮੁੰਡਾ ਘਰੋਂ ਭੱਜ ਗਏ ਹਨ ।।ਫਿਰ ਸਾਰਿਆਂ ਦਾ ਇਹ ਸਵਾਲ ਇਹ ਹੁੰਦਾ ਹੈ ਕਿ ਉਹਨਾਂ ਕੋਰਟ ਮੈਰਿਜ਼ ਕਰਵਾ ਲਈ ਹੈ ਜਾਂ ਫਿਰ ਉਹਨਾਂ ਪੁਲਿਸ ਪ੍ਰੋਟੈਕਸ਼ਨ ਲਈ ਹੈ ।।ਬੇਸ਼ਕ ਕਨੂੰਨ ਇਹਨਾਂ ਦੇ ਹੱਕ ਵਿਚ ਖੜ੍ਹਾ ਹੈ, ਡਾ :ਅੰਬੇਡਕਰ ਨੇ ਇੰਟਰ ਕਾਸਟ ਵਿਆਹ ਕਰਾਉਣ ਦੀਆਂ ਦਲੀਲਾਂ ਵੀ ਦਿਤੀਆਂ ਹਨ ਤੇ ਕਨੂੰਨ ਵੀ ਬਣਾ ਦਿਤਾ । ਪਰ ਜੋ ਮੈ ਗੱਲ ਕਰਨ ਜਾ ਰਿਹਾ ਹਾਂ ਉਹ ਇਹ ਹੈ ਕਿ ਇਕ 18 -20 ਸਾਲ ਦੇ ਮੁੰਡੇ ਕੁੜੀ ਨੂੰ ਇਨਾ ਗਿਆਨ ਹੋ ਜਾਂਦਾ ਹੈ ਕਿ ਜੋ ਮੇਰੇ ਮਾਪੇ ਕਰਨਗੇ ਉਹ ਗਲਤ ਕਰਨਗੇ ਜੋ ਅਸੀਂ ਕਰ ਰਹੇ ਉਹ ਸਹੀ ਹੋਵੇਗਾ । ਬਿਲਕੁਲ ਇਹ ਗਲਤ ਗੱਲ ਹੈ ਜਿਹਨਾਂ ਮਾਪਿਆਂ ਨੇ ਬਚੇ ਨੂੰ ਜਨਮ ਦਿਤਾ ਪੜ੍ਹਾਇਆ ਲਿਖਾਇਆ ਸਾਰਾ ਪਾਲਣ ਪੋਸ਼ਣ ਕੀਤਾ ਕੀ ਉਹ ਬਚੇ ਵਾਸਤੇ ਵਰ ਤੇ ਘਰ ਸਹੀ ਨਹੀਂ ਭਾਲ ਕਰ ਸਕਣਗੇ । ਅੱਜ ਮਾਪੇ ਇਸ ਦੁ ਚਿਤੀ ਵਿਚ ਫਸੇ ਆਮ ਵੇਖੇ ਜਾ ਸਕਦੇ ਹਨ, ਬੜੇ ਲਾਡਾਂ ਪਿਆਰਾ ਨਾਲ ਪਾਲਿਆ ਧੀ ਪੁੱਤ ਜਦੋ ਮਾਪਿਆਂ ਦਾ ਨੱਕ ਵੱਢ ਕ ਘਰੋਂ ਭੱਜ ਕੇ ਵਿਆਹ ਕਰਵਾਉਣ ਚਲਾ ਜਾਂਦਾ ਹੈ ।।ਉਸ ਵਕਤ ਮਾਪਿਆਂ ਦੀ ਕੀ ਹਾਲਤ ਹੁੰਦੀ ਹੈ ਸ਼ਾਇਦ ਕਿਸੇ ਨੇ ਅੰਦਾਜ਼ਾ ਵੀ ਨਹੀਂ ਲਾਇਆ ਹੋਣਾ । ਚਲੋ ਜਾਣ ਵਾਲੇ ਚਲੇ ਗਏ ਪਰ ਜਿਸ ਸਮਾਜ ਵਿਚ ਅਸੀਂ ਰਹਿੰਦੇ ਹਾਂ ਉਹ ਇਨ੍ਹਾਂ ਅਜੇ ਵਿਕਸਤ ਨਹੀਂ ਹੋਇਆ ਕਿਉਂਕਿ ਸਾਡਾ ਦੇਸ਼ ਸ਼ਹਿਰਾਂ ਨਹੀਂ ਬਲਕਿ ਪਿੰਡ ਵਿਚ ਵਸਦਾ ਹੈ ।।ਪਿੰਡਾਂ ਦੀ ਸੋਚ ਬਦਲਣੀ ਬਹੁਤ ਔਖੀ ਹੈ ਕਿਉਂਕਿ ਬਹੁਤੇ ਲੋਕ ਅਨਪੜ੍ਹ ਵਸਦੇ ਨੇ ਤੇ ਅਨਪੜ੍ਹਾਂ ਨੂੰ ਇਜ਼ਤ ਦਾ ਬਹੁਤ ਖਿਆਲ ਹੁੰਦਾ ਹੈ ਉਹਨਾਂ ਨੂੰ ਇੱਜਤ ਤੋਂ ਵੱਧ ਕੇ ਹੋਰ ਕੋਈ ਜਿਆਦਾ ਚੀਜ਼ ਨਾਲ ਮੋਹ ਪਿਆਰ ਨਹੀਂ ਹੁੰਦਾ । ਉਹਨਾਂ ਦੀ ਸੋਚ ਇਹ ਹੈ ਕਿ ਮੁੰਡਾ ਹੋਵੇ ਜਾਂ ਕੁੜੀ ਉਹਨਾਂ ਦਾ ਵਿਆਹ ਉਹ ਆਪਣੇ ਰਿਵਾਜ਼ ਨਾਲ ਤੇ ਆਪਣੇ ਬਰਾਬਰ ਦੇ ਘਰ ਨਾਲ ਕਰਨਾ ਪਸੰਦ ਕਰਦੇ ਹਨ। ਸਭ ਤੋਂ ਵੱਡੀ ਗੱਲ ਉਹ ਆਪਣੀ ਜਾਤ ਤੋਂ ਬਾਹਰ ਕਿਸੇ ਹੋਰ ਜਾਤ ਵਿਚ ਵਿਆਹ ਲਈ ਰਾਜ਼ੀ ਨਹੀਂ ਹੁੰਦੇ ।।ਸ਼ਾਇਦ ਇਸ ਨੁ ਅਜਕਲ ਬਚੇ ਸਹੀ ਨਹੀਂ ਸਮਝਦੇ ਜਿਸ ਕਰਕੇ ਮੋਹ ਪਿਆਰ ਵਿਚ ਕਿਸੇ ਨਾਲ ਵੀ ਵਿਆਹ ਕਰਵਾਉਣ ਲਈ ਘਰੋਂ ਭੱਜ ਜਾਂਦੇ ਹਨ । ਅਗਰ ਕੋਈ ਮੁੰਡਾ ਕਮਾਊ ਲਗਦਾ ਹੈ ਤੁਸੀਂ ਸਮਝਦੇ ਹੋ ਕਿ ਇਹ ਸਾਰੀ ਉਮਰ ਮੇਨੂ ਰੋਟੀ ਖਵਾ ਸਕਦਾ ਹੈ ਫਿਰ ਵੀ ਕੋਈ ਗੱਲ ਨਹੀਂ ।।ਪਰ ਜਿਹੜਾ ਅਜੇ ਦਸ -ਬਾਰਾਂ ਜਮਾਤਾਂ ਵੀ ਨਹੀਂ ਪੜ੍ਹਿਆ ਉਹ ਕੀ ਉਸ ਕੁੜੀ ਦਾ ਬੋਝ ਸਾਰੀ ਉਮਰ ਕਿਵੇਂ ਚੁੱਕ ਸਕੇਗਾ ਕਦੀ ਵੀ ਨਹੀਂ । ਫਿਰ ਇਹੋ ਜਿਹੀਆਂ ਹਜ਼ਾਰਾਂ ਮਿਸਾਲਾਂ ਸਾਨੂੰ ਸਾਡੇ ਸਜੇ ਖੱਬੇ ਵੇਖਣ ਨੂੰ ਮਿਲਦੀਆਂ ਹਨ ਪਰ ਅਸੀਂ ਕਿਸੇ ਨੂੰ ਕੁਝ ਨਹੀਂ ਕਹਿ ਸਕਦੇ ਕਿਉਂਕਿ ਉਹ ਆਖ ਦਿੰਦੇ ਹਨ ਕਿ ਤੁਸੀਂ ਕੌਣ ਹੁੰਦੇ ਹੋ ਸਾਡੀ ਜਿੰਦਗੀ ਦੇ ਫੈਸਲੇ ਲੈਣ ਵਾਲੇ ।।ਆਪਾਂ ਇਹ ਵੀ ਸੁਣਿਆ ਹੈ ਕਿ ਜਲਦੀ ਵਿਚ ਲੈ ਫੈਸਲੇ ਜਿਆਦਾ ਤਰ ਘਾਤਕ ਸਾਬਿਤ ਹੁੰਦੇ ਹਨ ।।ਪਰ ਫਿਰ ਵੀ ਇਸ ਗੱਲ ਦੀ ਸਮਝ ਨਹੀਂ ਆਉਦੀ ਕਿ ਨਵੀ ਪੀੜ੍ਹੀ ਨੂੰ ਕੀ ਹੋ ਗਿਆ ਹੈ । ਤੁਹਾਨੂੰ ਲਗਦਾ ਨਹੀਂ ਕਿ ਜਿਆਦਾ ਪੱਛਮੀ ਦੇਸ਼ਾਂ ਦਾ ਪ੍ਰਭਾਵ ਸਾਡੇ ਲੋਕਾਂ ਤੇ ਭਾਰੂ ਹੁੰਦਾ ਜਾ ਰਿਹਾ ਹੈ ।।ਫਿਰ ਜਿਆਦਾ ਸਮਾਂ ਵੀ ਨਹੀਂ ਲਗਦਾ ਤੇ ਗੱਲ ਤਲਾਕਾਂ ਤਕ ਪਹੁੰਚ ਜਾਂਦੀ ਹੈ ਮੁੰਡਾ ਤਾਂ ਅਜੇ ਆਪਣੇ ਘਰ ਵਿਚ ਦੁਬਾਰਾ ਸਰਨ ਲੈ ਲੈਂਦਾ ਹੈ ਪਰ ਕੁੜੀ ਵਾਸਤੇ ਦੁਬਾਰਾ ਘਰ ਵਿਚ ਆਉਣਾ ਬਹੁਤ ਮੁਸਕਲ ਹੋ ਜਾਂਦਾ ਹੈ । ਜਿਸ ਕਰਕੇ ਕਈ ਕੁੜੀਆਂ ਮੌਤ ਨੂੰ ਗਲੇ ਲਗਾਉਣ ਤਕ ਪਹੁੰਚ ਜਾਂਦੀਆਂ ਹਨ ਤੇ ਕਈ ਹੋਰ ਰਾਹ ਅਪਣਾ ਲੈਂਦੀਆਂ ਹਨ ।।ਇਹ ਮਸਲਾ ਬੜਾ ਗੰਭੀਰ ਹੁੰਦਾ ਜਾ ਰਿਹਾ ਹੈ ਇਸ ਦਾ ਹਲ ਲੱਭਣਾ ਬਹੁਤ ਜਰੂਰੀ ਹੋ ਗਿਆ ਹੈ । ਪਤਾ ਨਹੀਂ ਕਿੰਨੇ ਕੁ ਮੁੰਡੇ ਕੁੜੀਆਂ ਇਸ ਬਿਮਾਰੀ ਦੇ ਸ਼ਿਕਾਰ ਹੋ ਚੁਕੇ ਹਨ ਤੇ ਅਜੇ ਹੋਰ ਹੁੰਦੇ ਜਾ ਰਹੇ ਹਨ ।।ਅਗਰ ਬੱਚੇ ਆਪਣਿਆਂ ਮਾਪਿਆਂ ਨੂੰ ਇਹ ਗੱਲ ਦਸ ਦੇਣ ਕਿ ਮੈ ਵਿਆਹ ਉਸ ਮੁੰਡੇ ਜਾਂ ਕੁੜੀ ਨਾਲ ਕਰਵਾਉਣਾ ਹੈ ਤਾਂ ਮਾਪੇ ਵੀ ਉਸ ਨਾਲ ਸਹਿਮਤ ਹੋ ਜਾਣ ਤੇ ਦੋਹਾਂ ਧਿਰਾਂ ਵਿਚ ਰਜ਼ਾਮੰਦੀ ਨਾਲ ਵਿਆਹ ਹੋ ਸਕਦਾ ਹੈ ।।ਇਹ ਜਰੂਰੀ ਨਹੀਂ ਤੁਸੀਂ ਘਰੋਂ ਭੱਜ ਕੇ ਹੀ ਵਿਆਹ ਕਰਵਾਉਣ ਨਾਲ ਮਾਪੇ ਵੀ ਸਹਿਮਤ ਹੋ ਣਗੇ । ਮਾਪਿਆਂ ਦੀ ਇੱਜਤ ਕਰਨਾ ਸਾਡਾ ਪਹਿਲਾ ਧਰਮ ਤੇ ਫਰਜ਼ ਹੈ ।।ਮਾਪਿਆਂ ਦਾ ਚਾਅ ਹੁੰਦਾ ਹੈ ਕਿ ਸਾਡੇ ਬਚੇ ਵਡੇ ਹੋਣ ਤੇ ਕਿਸੇ ਕਾਰੋਬਾਰ ਤੇ ਜਲਦੀ ਲਗ ਜਾਣ ਤੇ ਫਿਰ ਅਸੀਂ ਧੂਮ ਧਾਮ ਨਾਲ ਆਪਣੇ ਸ਼ਰੀਕੇ ਨੂੰ ਵਿਖਾ ਕੇ ਵਿਆਹ ਕਰੀਏ ।। ਪੜ੍ਹਨਾ ਲਿਖਣਾ ਇਹ ਨਹੀਂ ਸਿਖਾਉਦਾ ਕਿ ਅਸੀਂ ਆਪਣੇ ਮਾਪਿਆਂ ਨਾਲੋਂ ਜਿਆਦਾ ਸਿਆਣੇ ਹੋ ਗਏ ਹਾਂ ਤੇ ਮਾਪੇ ਬੇਕੂਫ਼ ਹੋ ਗਏ ਨੇ, ਹੁਣ ਅਸੀਂ ਉਹਨਾਂ ਦੀ ਕੋਈ ਗੱਲ ਨਹੀਂ ਮੰਨਨੀ ।। ਸਗੋਂ ਪੜ੍ਹੇ ਲਿਖੇ ਨੂੰ ਹੋਰ ਵੀ ਜਿਆਦਾ ਮਾਪਿਆਂ ਦੀ ਇੱਜਤ ਕਰਨੀ ਤੇ ਗੱਲ ਮੰਨਣੀ ਚਾਹੀਦੀ ਹੈ । ਅਗਰ ਅਸੀਂ ਇਸ ਗੱਲ ਦਾ ਗੋਰ ਨਾ ਕੀਤਾ ਤੇ ਭਵਿੱਖ ਵਿਚ ਹੋਰ ਵੀ ਨਤੀਜੇ ਗੰਭੀਰ ਹੋਣ ਦੀ ਸੰਭਾਵਨਾਂ ਹੋ ਸਕਦੀ ਹੈ।

ਸੂਬੇਦਾਰ ਜਸਵਿੰਦਰ ਸਿੰਘ
ਭੁਲੇਰੀਆ ਮਮਦੋਟ (ਫਿਰੋਜ਼ਪੁਰ
)ਸੰਪਰਕ 7589155501

# ਪਿਛਲੇ ਦਿਨਾਂ ਦੀਆਂ ਘਟਨਾਵਾਂ ਦਾ ਅਸਰ ਭਾਰਤ ਦੇ ਅਕਸ ਉਤੇ ਪੈ ਰਿਹੈ

-ਵਿਪਿਨ ਪੱਬੀ

ਪਿਛਲੇ ਕੁਝ ਸਮੇਂ ਦੀਆਂ ਘਟਨਾਵਾਂ ਦਾ ਅਸਰ ਤੇਜ਼ੀ ਨਾਲ ਉਭਰਦੇ ਵਿਸ਼ਵ ਕਾਰਕ ਅਤੇ ਲੋਕਤੰਤਰ ਦਾ ਝੰਡਾ ਲਹਿਰਾ ਰਹੇ ਭਾਰਤ ਦੇ ਅਕਸ ਉੱਤੇ ਪਿਆ ਹੈ। ਇੱਕ ਪਾਸੇ ਭਾਰਤੀ ਅਰਥ-ਵਿਵਸਥਾ ਉਦਾਸੀ ਦੇ ਦੌਰ 'ਚ ਹੈ, ਦੂਜੇ ਪਾਸੇ ਦੇਸ਼ ਇੱਕ ਤੋਂ ਬਾਅਦ ਇੱਕ ਸੰਕਟ ਨਾਲ ਜੂਝ ਰਿਹਾ ਹੈ। ਸਰਕਾਰ ਇੱਕੋ ਸਮੇਂ 'ਤੇ ਕਈ ਮੋਰਚਿਆਂ ਨੂੰ ਖੋਲ੍ਹ ਬੈਠੀ ਹੈ ਅਤੇ ਏਦਾਂ ਲੱਗਦਾ ਹੈ ਕਿ ਇੱਕ ਸੰਕਟ ਦੂਜੇ ਸੰਕਟ ਨੂੰ ਰਾਹ ਦੱਸ ਰਿਹਾ ਹੈ। ਚਾਹੇ ਜਾਣਬੁੱਝ ਕੇ ਧਿਆਨ ਭਟਕਾਇਆ ਜਾ ਰਿਹਾ ਹੈ ਜਾਂ ਸਰਕਾਰ ਨਵੇਂ ਵਿਕਸਿਤ ਹੋ ਰਹੇ ਹਾਲਾਤ ਉੱਤੇ ਕਾਬੂ ਪਾਉਣ ਲਈ ਅਯੋਗ ਦਿਸ ਰਹੀ ਹੈ, ਫਿਰ ਵੀ ਸਾਰੇ ਸਵਾਲ ਬਹਿਸ ਦਾ ਵਿਸ਼ਾ ਬਣੇ ਹੋਏ ਹਨ ਜਾਂ ਇੰਝ ਕਹੋ ਕਿ ਇਨ੍ਹਾਂ ਨੂੰ ਆਖਰ ਅਸੀਂ ਇਤਿਹਾਸਕਾਰਾਂ ਰਾਹੀਂ ਜਾਣ ਸਕਾਂਗੇ। ਇਥੇ ਕੋਈ ਖਦਸ਼ਾ ਨਹੀਂ ਹੈ ਕਿ ਦੇਸ਼ ਦੇ ਇਤਿਹਾਸ ਦਾ ਮੌਜੂਦਾ ਕਾਲਾ ਚੈਪਟਰ ਖਤਮ ਹੋਵੇਗਾ। ਮੋਦੀ ਦੀ ਅਗਵਾਈ ਵਾਲੀ ਸਰਕਾਰ ਦੇ ਦੂਜੇ ਕਾਰਜਕਾਲ ਦੇ ਲਈ ਭਾਜਪਾ ਦਾ ਵੋਟ ਫੀਸਦੀ ਵਧਿਆ ਹੈ। 2014 ਵਿੱਚ ਇਹ 31 ਫੀਸਦੀ ਸੀ, ਜਦ ਕਿ 2019 ਵਿੱਚ ਵਧ ਕੇ 37 ਫੀਸਦੀ ਹੋ ਗਿਆ। ਲੋਕ ਸਭਾ ਵਿੱਚ ਸੀਟਾਂ ਦੀ ਗਿਣਤੀ ਦਾ ਇੱਕ ਵੱਡਾ ਵਾਧਾ ਦਿੱਸਿਆ। ਗੱਠਜੋੜ ਸਰਕਾਰ ਦੀ ਵਾਪਸੀ ਦਾ ਮਤਲਬ ਇਹ ਹੋਇਆ ਕਿ ਦੇਸ਼ ਦੇ ਸੰਵਿਧਾਨਿਕ, ਸਮਾਜਿਕ ਅਤੇ ਸੱਭਿਆਚਾਰਕ ਪਹਿਲੂਆਂ 'ਚ ਸਖ਼ਤ ਬਦਲਾਅ ਕੀਤੇ ਜਾਣ। ਭਾਜਪਾ ਨੂੰ ਫਤਵਾ ਵੀ ਇਸੇ ਦਾ ਮਿਲਿਆ।

ਸਰਕਾਰ ਇਹ ਅਨੁਭਵ ਕਰਨ 'ਚ ਅਸਫਲ ਰਹੀ ਕਿ ਇਹ ਜਿੱਤ ਉੜੀ, ਬਾਲਾਕੋਟ ਦੀਆਂ ਘਟਨਾਵਾਂ, ਬਿਹਤਰ ਹੋ ਰਹੀ ਅਰਥ ਵਿਵਸਥਾ, ਸਾਡੇ ਕੌਮਾਂਤਰੀ ਸਹਿਯੋਗ ਵਰਗੇ ਤੱਤਾਂ ਦੇ ਮੇਲ ਅਤੇ ਰਾਹੁਲ ਗਾਂਧੀ ਦੀ ਅਗਵਾਈ ਵਾਲੇ ਗਰੀਬ, ਕਮਜ਼ੋਰ, ਖਿੱਲਰੀ ਹੋਈ ਤੇ ਨਿਰਾਸ਼ ਵਿਰੋਧੀ ਧਿਰ ਦਾ ਨਤੀਜਾ ਸੀ। ਕੁਝ ਵੀ ਹੋਵੇ, ਭਾਜਪਾ ਨੂੰ ਇਸ ਸਭ ਤੋਂ ਸਬਕ ਸਿੱਖਣਾ ਚਾਹੀਦਾ ਹੈ ਕਿਉਂਕਿ ਉਹ ਲਗਾਤਾਰ ਪੰਜ ਮੁੱਖ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਹਾਰਨ ਦੇ ਨਾਲ ਦੇਸ਼ ਵਿੱਚ ਲੋਕਾਂ ਦਾ ਸਰਕਾਰ ਤੋਂ ਮੋਹ ਭੰਗ ਦੇਖ ਰਹੀ ਹੈ। ਜੇ ਕੱਲ ਹੀ ਨਾ ਹੋਵੇਗਾ ਤਾਂ ਸਰਕਾਰ ਏਜੰਡੇ ਨੂੰ ਅੱਗੇ ਵਧਾ ਕੇ ਕੀ ਕਰੇਗੀ?


ਸੁਪਰੀਮ ਕੋਰਟ ਵੱਲੋਂ ਵਿਵਾਦਤ ਅਯੁੱਧਿਆ ਕੇਸ ਬਾਰੇ ਦਿੱਤੇ ਫੈਸਲੇ ਕਾਰਨ ਸਰਕਾਰ ਮੁਸ਼ਕਲ ਨਾਲ ਸਫਲ ਹੋਈ ਹੈ। ਉਸ ਤੋਂ ਬਾਅਦ ਉਸ ਨੇ ਇੱਕ ਦਮ ਹੋਰ ਅੱਗੇ ਵਧਾਉਂਦੇ ਹੋਏ ਆਰਟੀਕਲ-370 ਨੂੰ ਵਾਪਸ ਲੈ ਲਿਆ ਅਤੇ ਜੰਮੂ-ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਦੇਣ ਵਾਲੀ ਧਾਰਾ 35 ਨੂੰ ਰੱਦ ਕਰ ਦਿੱਤਾ। ਪੰਜ ਮਹੀਨਿਆਂ ਤੋਂ ਵੱਧ ਸਮੇਂ ਦੌਰਾਨ ਘਾਟੀ ਦੇ ਹਾਲਤ ਆਮ ਵਰਗੇ ਨਹੀਂ ਹੋਏ। ਇੰਟਰਨੈੱਟ ਤੇ ਸੋਸ਼ਲ ਨੈਟਵਰਕ 'ਤੇ ਪਾਬੰਦੀਆਂ ਜਾਰੀ ਰਹੀਆਂ। ਜੇ ਹਾਲਾਤ ਕਾਬੂ ਵਿੱਚ ਸਨ, ਜਿਵੇਂ ਸਰਕਾਰ ਦਾਅਵਾ ਕਰਦੀ ਹੈ ਤਾਂ ਇਸ ਨੂੰ ਛੇਤੀ ਸਾਰੀਆਂ ਸਹੂਲਤਾਂ ਨੂੰ ਬਹਾਲ ਕਰਨਾ ਚਾਹੀਦਾ ਹੈ।

ਆਸਾਮ ਵਿੱਚ ਨਾਜਾਇਜ਼ ਪ੍ਰਵਾਸੀਆਂ (ਜਿਨ੍ਹਾਂ ਨੂੰ ਮੁਸਲਮ ਕਿਹਾ ਜਾ ਰਿਹਾ ਹੈ) ਦੀ ਵੱਡੀ ਗਿਣਤੀ ਦੀ ਪਛਾਣ ਕਰਨ ਦੀ ਪ੍ਰਕਿਰਿਆ ਅਸਫਲ ਹੋਣ ਪਿੱਛੋਂ ਸਰਕਾਰ ਨੇ ਇੱਕ ਹੋਰ ਵਿਵਾਦਿਤ ਕਾਨੂੰਨ ਨਾਗਿਰਕਤਾ ਸੋਧ ਐਕਟ (ਸੀ ਏ ਏ) ਅਤੇ ਫਿਰ ਨੈਸ਼ਨਲ ਰਜਿਸਟਰ ਆਫ ਸਿਟੀਜਨਜ਼ (ਐਨ ਆਰ ਸੀ) ਪੂਰੇ ਦੇਸ਼ ਵਿੱਚ ਕੱਢ ਲਿਆਂਦਾ ਹੈ। ਆਸਾਮ ਵਿੱਚ ਐਨ ਆਰ ਸੀ ਵਿੱਚ 19 ਲੱਖ ਨਾਜਾਇਜ਼ ਪ੍ਰਵਾਸੀਆਂ ਦੀ ਪਛਾਣ ਕੀਤੀ, ਉਨ੍ਹਾਂ ਵਿੱਚ 12 ਲੱਖ ਹਿੰਦੂ ਨਿਕਲੇ ਹਨ।

ਲੋਕ ਸਭਾ ਅੰਦਰ ਤੇ ਬਾਹਰ ਸਰਕਾਰ ਨੇ ਦਾਅਵੇ ਕੀਤੇ ਕਿ ਸੀ ਏ ਏ ਅਤੇ ਐਨ ਆਰ ਸੀ ਨੂੰ ਜੋੜਿਆ ਗਿਆ ਹੈ, ਇਸ ਨੇ ਦੇਸ਼ ਭਰ ਵਿੱਚ ਨੌਜਵਾਨਾਂ ਨੂੰ ਗੁੱਸਾ ਚੜ੍ਹਾ ਦਿੱਤਾ। ਦੇਸ਼ ਨੇ ਸ਼ਾਇਦ ਹੀ ਏਦਾਂ ਦਾ ਰੋਸ ਵਿਖਾਵਾ ਪਹਿਲਾਂ ਦੇਖਿਆ ਹੋਵੇ। ਸਰਕਾਰ ਨੇ ਇਸ ਨੂੰ ਸੰਭਾਲਣ ਦੀ ਪੂਰੀ ਕੋਸ਼ਿਸ਼ ਕੀਤੀ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਗ੍ਰਹਿ ਮੰਤਰੀ ਦਾ ਖੰਡਨ ਕਰਦੇ ਹੋਏ ਬੋਲੇ ਕਿ ਇਸ ਮਤੇ 'ਤੇ ਕਦੇ ਵੀ ਚਰਚਾ ਨਹੀਂ ਹੋਈ। ਪ੍ਰਧਾਨ ਮੰਤਰੀ ਦੇ ਭਰੋਸੇ ਤੋਂ ਬਾਅਦ ਵੀ ਵਿਵਾਦ ਜਾਰੀ ਰਿਹਾ ਅਤੇ ਕਈ ਰਾਜਾਂ ਵਿੱਚ ਰੋਸ ਵਿਖਾਵੇ ਹੁੰਦੇ ਰਹੇ। ਇਸ ਤੋਂ ਬਾਅਦ ਜਾਮੀਆਂ ਮਿਲੀਆਂ ਇਸਲਾਮੀਆ ਅਤੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਵਿਦਿਆਰਥੀਆਂ ਨਾਲ ਨਜਿੱਠਣ ਵਿੱਚ ਕੇਂਦਰੀ ਗ੍ਰਹਿ ਮੰਤਰਾਲਾ ਦੇ ਸਿੱਧੇ ਕੰਟਰੋਲ ਵਾਲੀ ਦਿੱਲੀ ਪੁਲਸ ਦੇ ਪੱਖਪਾਤੀ ਅਤੇ ਫੁੱਟਪਾਊ ਵਤੀਰੇ ਨੇ ਰੌਲਾ-ਰੱਪਾ ਪੁਆਇਆ। ਵਿਦਿਆਰਥੀਆਂ 'ਤੇ ਗੋਲੀ ਅਤੇ ਉਨ੍ਹਾਂ ਦੇ ਪਿੱਛੇ ਭੱਜਦੀ ਅਤੇ ਡਾਂਗਾਂ ਵਰ੍ਹਾਉਂਦੀ ਹੋਈ ਪੁਲਸ ਦੀਆਂ ਤਸਵੀਰਆਂ ਅਤੇ ਵੀਡੀਓ ਸਾਹਮਣੇ ਆਏ। ਇਸ ਤੋਂ ਬਾਅਦ ਜੇ ਐਨ ਯੂ ਵਿੱਚ ਵਿਦਿਆਰਥੀਆਂ ਨੂੰ ਕੁੱਟਣ ਤੇ ਜਾਇਦਾਦ ਨੂੰ ਨੁਕਸਾਨ ਪੁਚਾਉਣ ਵਾਲੇ ਗੁੰਡਿਆਂ ਉਤੇ ਅੱਖਾਂ ਮੀਟ ਲਈਆਂ ਗਈਆਂ। ਇਨ੍ਹਾਂ ਘਟਨਾਵਾਂ ਨੇ ਵਿਸ਼ਵ ਵਿੱਚ ਭਾਰਤ ਦੇ ਲੋਕਤੰਤਰੀ ਅਕਸ ਨੂੰ ਦਾਗ ਲਾ ਦਿੱਤਾ ਹੈ।

ਪੱਖਪਾਤੀ ਪੁਲਸ ਨੇ ਇੱਕ ਕਦਮ ਅੱਗੇ ਵਧਾਉਂਦਿਆਂ ਜੇ ਐਨ ਯੂ ਵਿਦਿਆਰਥੀ ਯੂਨੀਅਨ ਦੀ ਪ੍ਰਧਾਨ ਦੇ ਵਿਰੁੱਧ ਕੇਸ ਦਰਜ ਕਰ ਲਿਆ, ਇਸ ਦੇ ਬਾਵਜੂਦ ਕਿ ਯੂਨੀਵਰਸਿਟੀ ਕੈਂਪਸ ਵਿੱਚ ਉਹ ਗੁੰਡਾ ਅਨਸਰਾਂ ਦੇ ਹਮਲੇ ਦਾ ਸ਼ਿਕਾਰ ਹੋਈ ਸੀ। ਆਉਂਦੇ ਸਮੇਂ ਵਿੱਚ ਚਿਹਰੇ ਤੋਂ ਵਗਦੇ ਖੂਨ ਦੀ ਤਸਵੀਰ ਹਮੇਸ਼ਾ ਲੋਕਾਂ ਨੂੰ ਯਾਦ ਰਹੇਗੀ। ਸਰਕਾਰ ਨੂੰ ਪ੍ਰਪੱਕਤਾ ਨਾਲ ਅਜਿਹੇ ਗੈਰ-ਜ਼ਰੂਰੀ ਸੰਘਰਸ਼ਾਂ ਤੋਂ ਬਚਣਾ ਚਾਹੀਦਾ ਹੈ। ਉਸ ਨੂੰ ਰੋਜ਼ਗਾਰ, ਵਿਕਾਸ, ਅਰਥ ਵਿਵਸਥਾ ਤੇ ਦੇਸ਼ ਦੀ ਤਰੱਕੀ ਵਰਗੇ ਮੁੱਦਿਆਂ 'ਤੇ ਜ਼ੋਰ ਦੇਣਾ ਚਾਹੀਦਾ ਹੈ।

## ਗੁਰਦੁਆਰਾ ਛੋਟਾ ਨਾਨਕਿਆਣਾ, ਹੁਜਰਾ ਸ਼ਾਹ ਮੁਕੀਮ, ਓਕਾੜਾ



ਇਹ ਪਾਵਨ ਅਸਥਾਨ ਹੁਜਰਾ ਸ਼ਾਹ ਮੁਕੀਮ ਸ਼ਹਿਰ ਤੋਂ ਬੋਗਾ ਅਵਾਨ ਜਾਣ ਵਾਲੀ ਸੜਕ ਉੱਤੇ ਹੈ। ਸ਼ਹਿਰ ਤੋਂ ਇਸ ਦੀ ਵਾਟ ਠੀਕ ਇੱਕ ਕਿਲੋਮੀਟਰ ਹੈ । ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਾਣਕ ਦੇਕੇ ਤੋਂ ਚੱਲ ਕੇ ਇੱਥੇ ਬਿਰਾਜੇ। ਕਦੇ ਇੱਥੇ ਬਹੁਤ ਖੂਬਸੂਰਤ ਗੁਰ ਅਸਥਾਨ ਸੀ, ਹੁਣ ਇਸ ਥਾ ਕੇਵਲ ਖੇਤ ਹਨ। ਲੋਕ ਅੱਜ ਵੀ ਇਸ ਥਾਂ ਨੂੰ ਛੋਟਾ ਨਾਨਕਿਆਣਾ ਕਰਕੇ ਜਾਣਦੇ ਹਨ। 9.5 ਘੁਮਾਉ ਜ਼ਮੀਨ ਇੱਥੇ ਇਸ ਦੇ ਨਾਮ ਹੈ । ਇਸ ਤੋਂ ਇਲਾਵਾ ਹੋਰ ਬਹੁਤ ਸਾਰੇ ਪਿੰਡਾ ਵਿੱਚ ਵੀ ਇਸ ਦੀ ਮਾਲਕੀ ਹੈ। ਅੱਸੂ ਅਤੇ ਕੱਤੇ ਨੂੰ ਮੇਲਾ ਜੁੜਦਾ ਹੁੰਦਾ ਸੀ। ਹੁਣ ਯਾਦਗਾਰ ਵਿੱਚੋਂ ਇੱਕ ਬੋਹੜ ਅਤੇ ਇੱਕ ਖੂਹ ਹੈ।

# ਦੁਨੀਆਂ ਲਈ ਚੁਣੌਤੀ ਬਣਿਆ ਈ-ਵੇਸਟ

-ਹਰੀ ਕ੍ਰਿਸ਼ਨ ਮਾਇਰ

ਇਲੈਕਟ੍ਰਾਨਿਕ ਕੂੜੇ ਨੂੰ ਈ-ਵੇਸਟ ਕਿਹਾ ਜਾਂਦਾ ਹੈ। ਪਿਛਲੇ ਦੋ ਦਹਾਕਿਆਂ ਤੋਂ ਐਨਾਲੌਗ ਤਕਨੀਕ ਦੀ ਥਾਂ ਡਿਜੀਟਲ ਤਕਨੀਕ ਨੇ ਲੈ ਲਈ ਹੈ। ਸਾਰੀ ਦੁਨੀਆ ਵਿੱਚ ਬਿਜਲਈ ਵਸਤਾਂ ਤੇ ਇਲੈਕਟ੍ਰਾਨਿਕ ਸਰਕਟਾਂ ਦੀ ਮੰਗ ਬਹੁਤ ਵਧੀ ਹੈ। ਇਲੈਕਟ੍ਰਾਨਿਕ ਸਰਕਟਾਂ ਦੀ ਵਰਤੋਂ ਕਾਰਨ ਇਨ੍ਹਾਂ ਦੀ ਟੁੱਟ-ਭੱਜ ਤੇ ਇਨਾਂ ਦੇ ਸੜਨ ਨਾਲ ਉਤਪੰਨ ਹੁੰਦਾ ਕੂੜਾ ਈ-ਵੇਸਟ ਅਖਵਾਉਂਦਾ ਹੈ। ਈ-ਵੇਸਟ ਵਿੱਚ ਵਰਤੇ ਤੇ ਮੁਰੰਮਤ ਵਾਲੇ ਕੰਪਿਊਟਰ, ਲੈਪਟਾਪ, ਟੈਲੀਵਿਜ਼ਨ, ਕੱਪੜੇ ਧੋਣ ਵਾਲੀਆਂ ਮਸ਼ੀਨਾਂ, ਮੋਬਾਈਲ ਫੋਨ, ਕੈਥੋਡ ਰੇਅ ਟਿਊਬਾਂ, ਟੇਪਾਂ, ਕੈਮਰੇ ਤੇ ਮਿਊਜ਼ਿਕ ਸਿਸਟਮ ਆਦਿ ਸ਼ੁਮਾਰ ਹਨ ਜਿਨ੍ਹਾਂ ਦੀ ਮਿਆਦ ਖਤਮ ਹੋ ਚੁੱਕੀ ਹੁੰਦੀ ਹੈ ਤੇ ਜੋ ਵਰਤਣ ਯੋਗ ਨਹੀਂ ਰਹਿੰਦੇ।





ਇੱਕ ਰਿਪੋਰਟ ਅਨੁਸਾਰ ਵਿਕਸਿਤ ਦੇਸ਼ਾਂ ਨੇ ਸਾਲ 2011 ਦੌਰਾਨ 215000 ਟਨ ਈ-ਕਬਾੜ ਘਾਨਾ ਨੂੰ ਘੱਲਿਆ ਸੀ। ਇਸ ਵਿੱਚ ਤੀਹ ਫੀਸਦੀ ਨਵੇਂ ਨਕੋਰ ਇਲੈਕਟ੍ਰਾਨਿਕ ਜੰਤਰ ਸ਼ਾਮਲ ਸਨ। ਸੱਤ ਫੀਸਦੀ ਉਹ ਕੂੜਾ ਕਬਾੜ ਸੀ ਜਿਸ ਨੂੰ ਛਾਂਟੀ ਕਰਨ ਵੇਲੇ ਰੱਦੀ ਬਣਾ ਦਿੱਤਾ ਗਿਆ ਸੀ। ਇਸ ਈ-ਵੇਸਟ ਦਾ ਅੱਸੀ ਫੀਸਦੀ ਹਿੱਸਾ ਮੂਲ ਰੂਪ ਵਿੱਚ ਘਾਨਾ ਦੀ ਜ਼ਮੀਨ ਥੱਲੇ ਦਬਾ ਦਿੱਤਾ ਗਿਆ।

ਇੱਕ ਵਾਤਾਵਰਣ ਬਚਾਓ ਸੰਸਥਾ ਦੀ ਰਿਪੋਰਟ ਮੁਤਾਬਕ ਇਲੈਕਟ੍ਰਾਨਿਕ ਕਚਰੇ 'ਚੋਂ 15 ਫੀਸਦੀ ਮੁੜ ਵਰਤਣ ਯੋਗ ਬਣਾਇਆ ਜਾ ਸਕਦਾ ਹੈ। ਬਾਕੀ ਦਾ 85 ਫੀਸਦੀ ਕਚਰਾ ਟੋਏ ਪੁੱਟ ਕੇ ਧਰਤੀ ਵਿੱਚ ਦੱਬ ਦਿੱਤਾ ਜਾਂਦਾ ਹੈ ਜਾਂ ਅੱਗ ਦੀ ਭੱਠੀ ਵਿੱਚ ਭਸਮ ਕਰ ਦਿੱਤਾ ਜਾਂਦਾ ਹੈ।

ਦੁਨੀਆ ਭਰ 'ਚ ਈ-ਕੂੜਾ ਪੈਦਾ ਕਰਨ ਵਿੱਚ ਅਮਰੀਕਾ ਸਭ ਤੋਂ ਮੋਹਰੀ ਹੈ। ਹਰ ਵਰ੍ਹੇ ਇਥੇ ਤੀਹ ਲੱਖ ਟਨ ਈ-ਕੂੜਾ ਪੈਦਾ ਹੁੰਦਾ ਹੈ। ਦੂਜੇ ਨੰਬਰ ਉਤੇ ਚੀਨ ਹਰ ਵਰ੍ਹੇ ਅੰਦਾਜ਼ਨ 23 ਲੱਖ ਟਨ ਈ-ਕਚਰਾ ਪੈਦਾ ਕਰਦਾ ਹੈ। ਭਾਰਤ ਹਰ ਵਰ੍ਹੇ ਅੰਦਾਜ਼ਨ ਚਾਰ ਲੱਖ ਟਨ ਈ-ਕੂੜਾ ਉਤਪਨ ਕਰਦਾ ਹੈ। ਚੀਨ ਦੇ ਸ਼ਾਂਤੋਊ ਖੇਤਰ ਵਿੱਚ ਗੁਈਯੂ ਵਿੱਚ ਇਲੈਕਟ੍ਰਾਨਿਕ ਕੂੜੇ ਦੀ ਪ੍ਰੋਸੈਸਿੰਗ ਦਾ ਸਭ ਤੋਂ ਵੱਡਾ ਉਦਯੋਗ ਚੱਲ ਰਿਹਾ ਹੈ। ਗੁਈਯ ਨੂੰ ਲੋਕ ਈ ਕਚਰੇ ਦੀ ਵਿਸ਼ਵ ਦੀ ਰਾਜਧਾਨੀ ਵੀ ਕਹਿੰਦੇ ਹਨ। ਇਥੇ ਡੇਢ ਲੱਖ ਤੋਂ ਵੱਧ ਕਾਰੀਗਰ ਅਤੇ ਕਾਮੇ ਈ ਕੂੜੇ ਦੀਆਂ ਵਰਕਸ਼ਾਪਾਂ 'ਚ ਦਿਨ ਦੇ ਸੋਲਾਂ ਸੋਲਾਂ ਘੰਟੇ ਕੰਮ ਕਰਦੇ ਹਨ। ਈ ਕੂੜੇ ਵਿੱਚੋਂ ਮੁੜ ਵਰਤੇ ਜਾ ਸਕਣ ਵਾਲੇ ਹਿੱਸੇ ਅਤੇ ਬਾਜ਼ਾਰ ਵਿੱਚ ਵਿਕ ਸਕਣ ਵਾਲੇ ਪੁਰਜ਼ੇ ਵੱਖ ਕਰਨ, ਮੁਢਲੀਆਂ ਚਿੱਪਾਂ ਨੂੰ ਸਰਕਟ ਬੋਰਡਾਂ ਤੋਂ ਉਤਾਰਨ, ਕੰਪਿਊਟਰ ਦੇ ਹੋਰ ਜੰਤਰਾਂ ਦੇ ਬਾਹਰੀ ਢਾਂਚੇ ਦੇ ਪਲਾਸਟਿਕ ਨੂੰ ਨਿੱਕੇ ਨਿੱਕੇ ਟੁਕੜਿਆਂ ਵਿੱਚ ਤੋੜ ਕੇ ਪੀਸਣ, ਤਾਰਾਂ ਤੋਂ ਤਾਂਬੇ ਕੇ ਛਿੱਲਣ ਅਤੇ ਕੁਤਰਨ ਉਪਰੰਤ ਤਾਂਬਾ ਵੱਖ ਕਰਨ ਲਈ ਵੱਖ-ਵੱਖ ਵਰਕਸ਼ਾਪਾਂ ਸਥਾਪਤ ਕੀਤੀਆਂ ਗਈਆਂ ਹਨ।

ਈ-ਕੂੜੇ ਵਿੱਚ 60 ਵੱਖੋ-ਵੱਖਰੇ ਤੱਤਾਂ ਦੀ ਮੌਜੂਦਗੀ ਦੀ ਨਿਸ਼ਾਨਦੇਹੀ ਹੋਈ ਹੈ। ਇਨ੍ਹਾਂ ਵਿੱਚੋਂ ਟੀਨ, ਤਾਂਬਾ, ਸਿਲੀਕਾਨ, ਬ੍ਰਿਲੀਅਮ, ਲੋਹਾ, ਕਾਰਬਨ ਅਤੇ ਐਲੂਮੀਨੀਅਮ ਆਦਿ ਕਈ ਤੱਤ ਸ਼ਾਮਲ ਹਨ। ਕੈਡਮੀਅਮ, ਪਾਰਾ, ਥੈਲੀਅਮ, ਸੋਨਾ, ਚਾਂਦੀ ਵੀ ਥੋੜ੍ਹੀ ਥੋੜ੍ਹੀ ਮਾਤਰਾ ਵਿੱਚ ਹੁੰਦੇ ਹਨ। ਕੂੜੇ ਤੋਂ ਪ੍ਰਾਪਤ ਧਾਤਾਂ ਦੀ ਮੁੜ ਵਰਤੋਂ ਹੋ ਸਕਦੀ ਹੈ। ਇਸ ਤੋਂ ਮਿਲੇ ਪੁਰਜ਼ੇ ਨਵੇਂ ਕੰਪਿਊਟਰ ਤਿਆਰ ਕਰਨ ਲਈ ਵਰਤ ਸਕਦੇ ਹਾਂ। ਇਨ੍ਹਾਂ ਨੂੰ ਬਾਜ਼ਾਰਾਂ ਵਿੱਚ ਵੇਚਿਆ ਵੀ ਜਾ ਸਕਦਾ ਹੈ।

ਭਾਰਤ ਵਿੱਚ ਦਸ ਸੂਬੇ ਸੱਤਰ ਫੀਸਦੀ ਈ-ਕੂੜਾ ਪੈਦਾ ਕਰਦੇ ਹਨ। ਸਾਰਿਆਂ ਤੋਂ ਵੱਧ ਈ-ਵੇਸਟ ਮਹਾਰਾਸ਼ਟਰ ਪੈਦਾ ਕਰਦਾ ਹੈ। ਇਸ ਤੋਂ ਬਾਅਦ ਤਾਮਿਲ ਨਾਡੂ, ਆਂਧਰਾ ਪ੍ਰਦੇਸ਼, ਉਤਰ ਪ੍ਰਦੇਸ਼, ਪੱਛਮੀ ਬੰਗਾ, ਦਿੱਲੀ, ਕਰਨਾਟਕ, ਗੁਜਰਾਤ, ਮੱਧ ਪ੍ਰਦੇਸ਼ ਤੇ ਪੰਜਾਬ ਆਉਂਦੇ ਹਨ। ਸ਼ਹਿਰਾਂ 'ਚੋਂ ਮੁੰਬਈ ਸਭ ਤੋਂ ਵਧੇਰੇ ਈ-ਕੂੜਾ ਪੈਦਾ ਕਰਦਾ ਹੈ। ਇਸ ਤੋਂ ਬਾਅਦ ਦਿੱਲੀ, ਬੰਗਲੌਰ, ਚੇਨਈ, ਕੋਲਕਾਤਾ, ਅਹਿਮਦਾਬਾਦ, ਹੈਦਰਾਬਾਦ, ਪੁਣੇ, ਸੂਰਤ, ਨਾਗਪੁਰ ਦੇ ਨਾਂਅ ਹਨ। ਇਸ ਦੇਸ਼ ਵਿੱਚ ਸੱਤਰ ਫੀਸਦੀ ਈ-ਵੇਸਟ ਸਰਕਾਰੀ, ਜਨਤਕ ਜਾਂ ਪ੍ਰਾਈਵੇਟ ਉਦਯੋਗਿਕ ਖੇਤਰ ਪੈਦਾ ਕਰਦੇ ਹਨ ਜਦੋਂ ਕਿ 15 ਫੀਸਦੀ ਨਿੱਜੀ ਘਰਾਂ ਅਤੇ 15 ਫੀਸਦੀ ਬਾਕੀ ਉਤਪਾਦਕਾਂ ਤੋਂ ਪੈਦਾ ਹੁੰਦਾ ਹੈ। ਇਸ ਈ-ਵੇਸਟ ਵਿੱਚ ਟੈਲੀਵਿਜ਼ਨ, ਡੀ ਟੀ ਪੀ ਸਰਵਰ ਅਤੇ ਮੋਬਾਈਲ ਸ਼ਾਮਲ ਹਨ। ਇਸ ਸਾਲ ਪੁਰਾਣੇ ਕੰਪਿਊਟਰਾਂ ਤੇ ਮੋਬਾਈਲਾਂ ਤੋਂ ਉਪਜਦਾ ਈ-ਵੇਸਟ 400 ਫੀਸਦੀ ਤੇ ਭਾਰਤ ਵਿੱਚ 500 ਫੀਸਦੀ ਵਧਣ ਦਾ ਖਤਰਾ ਹੈ।

ਯੂਨਾਈਟਿਡ ਨੇਸ਼ਨਜ਼ ਐਨਵਾਇਰਮੈਂਟ ਪ੍ਰੋਗਰਾਮ ਦੀ ਇੱਕ ਰਿਪੋਰਟ ਮੁਤਾਬਕ ਆਉਂਦੇ ਵਰ੍ਹਿਆਂ ਵਿੱਚ ਚੀਨ, ਭਾਰਤ, ਬਰਾਜ਼ੀਲ, ਮੈਕਸੀਕੋ ਅਤੇ ਕੁਝ ਹੋਰ ਮੁਲਕਾਂ ਨੂੰ ਵਾਤਾਵਰਣਕ ਤਬਦੀਲੀਆਂ ਅਤੇ ਸਿਹਤ ਸਮੱਸਿਆਵਾਂ ਨਾਲ ਜੂਝਣਾ ਪਵੇਗਾ। ਸਾਡੀ ਸਿਹਤ ਅਤੇ ਈ-ਵੇਸਟ-ਈ-ਵੇਸਟ ਅੱਜ ਮਨੁੱਖੀ ਸਿਹਤ ਲਈ ਬੜੀ ਵੱਡੀ ਸਮੱਸਿਆ ਬਣ ਚੁੱਕਾ ਹੈ। ਪੋਲੀਵਿਨਾਈਲ ਕੇਬਲ ਜਦੋਂ ਬਲਦਾ ਹੈ ਤਾਂ ਇਸ ਨੂੰ ਧ੍ਰਤੀ ਥੱਲੇ ਦੱਬਿਆ ਜਾਂਦਾ ਹੈ। ਇਹ ਡਾਈਆਕਸਿਨ ਛੱਡਦਾ ਹੈ, ਜੋ ਮਨੁੱਖਾਂ ਦੀ ਰੋਗਾਂ ਨਾਲ ਲੜਨ ਅਤੇ ਸੰਤਾਨ ਉਤਪਤੀ ਦੀ ਸਮਰੱਥਾ ਨੂੰ ਖੋਰਾ ਲਾਉਂਦਾ ਹੈ। ਪ੍ਰਕਾਸ਼ ਉਤਪੰਨ ਕਰਨ ਵਾਲੇ ਯੰਤਰਾਂ ਵਿੱਚ, ਫਲੈਟ ਸਕਰੀਨ ਡਿਸਪਲੇਅ 'ਚ ਵਰਤਿਆ ਜਾਂਦਾ ਪਾਰਾ ਗੁਰਦਿਆਂ ਨੂੰ ਨੁਕਸਾਨ ਪਹੁੰਚਾਉਂਦਾ ਹੈ ਅਤੇ ਨਸ ਪ੍ਰਬੰਧ ਨੂੰ ਵਿਗਾੜਦਾ ਹੈ। ਇਹ ਮਾਂ ਦੇ ਦੁੱਧ ਰਾਹੀਂ ਬੱਚੇ ਨਾਲ ਸੰਪਰਕ ਬਣਾ ਲੈਂਦਾ ਹੈ। ਬਿਜਲਈ ਵਸਤਾਂ ਵਿੱਚ ਜ਼ਹਿਰੀਲੇ ਪਦਾਰਥਾਂ ਦੀ ਮੌਜੂਦਗੀ ਦੀ ਇੱਕ ਲੰਬੀ ਸੂਚੀ ਬਣਾਈ ਜਾ ਸਕਦੀ ਹੈ।

ਈ-ਕਚਰਾ ਖੁੱਲ੍ਹੀ ਹਵਾ ਵਿੱਚ ਭੱਠੀ 'ਚ ਸਾੜਨ ਨਾਲ ਘਾਤਕ ਵਾਤਾਵਰਣ ਵਿਗਾੜ ਪੈਦਾ ਹੁੰਦੇ ਹਨ। ਸਿਹਤ ਲਈ ਮਾਰੂ ਅਲਾਮਤਾਂ ਸਿਰ ਚੁੱਕਦੀਆਂ ਹਨ। ਪੀਣ ਵਾਲਾ ਅਤੇ ਜ਼ਮੀਨ ਹੇਠਲਾ ਪਾਣੀ ਦੂਸ਼ਿਤ ਹੁੰਦਾ ਹੈ। ਹਵਾ, ਸਮੁੰਦਰੀ ਜੀਵ, ਪਸ਼ੂ ਤੇ ਮਨੁੱਖੀ ਜੀਵਨ ਬੁਰੀ ਤਰ੍ਹਾਂ ਪ੍ਰਭਾਵਤ ਹੁੰਦੇ ਹਨ। ਚੀਨ ਦੇ ਗੁਈਯੂ ਖੇਤਰ ਵਿੱਚ ਵਿਸ਼ੈਲੇ ਵਾਤਾਵਰਣ ਸੰਬੰਧੀ ਇੱਕ ਅਧਿਐਨ ਮੁਤਾਬਕ ਉਥੋਂ ਦੇ 82 ਫੀਸਦੀ ਬੱਚਿਆਂ ਦੇ ਖੂਨ ਵਿੱਚ ਸਿੱਕੇ ਦੀ ਬਹੁਤਾਤ ਹੈ, ਜੋ ਕੌਮਾਂਤਰੀ ਸੁਰੱਖਿਆ ਹੱਦ ਤੋਂ ਕਿਤੇ ਜ਼ਿਆਦਾ ਸੀ। ਇਸ ਨਾਲ ਬੱਚਿਆਂ ਦੇ ਆਈ ਕਿਊ 'ਤੇ ਮਾੜਾ ਅਸਰ ਪੈਂਦਾ ਹੈ। ਉਨ੍ਹਾਂ ਦਾ ਨਾੜੀ ਪ੍ਰਬੰਧ ਪ੍ਰਭਾਵਤ ਹੋ ਸਕਦਾ ਹੈ, ਜਿਨ੍ਹਾਂ ਬੱਚਿਆਂ ਦੇ ਖੂਨ ਵਿੱਚ ਸਿੱਕੇ ਦੀ ਬਹੁਤਾਤ ਸੀ, ਉਨ੍ਹਾਂ ਦੇ ਮਾਪੇ ਈ-ਕਚਰੇ ਦੀਆਂ ਵਾਰਕਸ਼ਾਪਾਂ ਵਿੱਚ ਮਜ਼ਦੂਰ ਸਨ। ਉਥੇ ਦੀਆਂ ਸੜਕਾਂ ਉਤੇ ਉਡਦੀ ਧੂੜ ਅਤੇ ਹਵਾ ਭਾਰੀ ਤੇ ਜ਼ਹਿਰੀਲੀਆਂ ਧਾਤਾਂ ਦੇ ਵਾਸ਼ਪਾਂ ਨਾਲ ਭਰਪੂਰ ਸੀ। ਖੇਤਾਂ ਵਿੱਚ ਫਸਲਾਂ ਵੀ ਈ-ਕਚਰੇ ਦੀ ਮਾਰ ਝੱਲ ਰਹੀਆਂ ਸਨ। ਵਿਕਸ਼ਤ ਦੇਸ਼ ਆਪਣਾ ਈ-ਕਚਰਾ ਚੋਰੀ ਛੁਪੇ ਗੈਰ ਕਾਨੂੰਨੀ ਢੰਗ ਨਾਲ ਸਮੁੰਦਰੀ ਜਹਾਜ਼ਾਂ ਵਿੱਚ ਗਰੀਬ ਏਸ਼ੀਅਨ ਮੁਲਕਾਂ ਨੂੰ ਭੇਜ ਰਹੇ ਹਨ। ਵਿਕਾਸਸ਼ੀਲ ਦੇਸ਼ ਇਸ ਈ-ਕੂੜੇ ਨੂੰ ਮੁੜ ਵਰਤੋਂ 'ਚ ਲਿਆਉਣ ਲਈ ਨੁਕਸਾਨਦੇਹ ਤਕਨੀਕਾਂ ਵਰਤਦੇ ਹਨ। ਆਪਣੇ ਮੁਲਕਾਂ ਦੀ ਹਵਾ ਨੂੰ ਕਾਰਸਿ-ਨੋਜਿਨ ਜ਼ਹਿਰਾਂ ਨਾਲ ਭਰ ਰਹੇ ਹਨ। ਸੀਵਰੇਜ ਰਾਹੀਂ ਇਹ ਜ਼ਹਿਰਾਂ ਸਮੰਦਰ ਤੀਕ ਜਾ ਪਹੁੰਚਦੀਆਂ ਹਨ। ਵਿਕਸਿਤ ਮੁਲਕ ਆਪਣੇ ਖੇਤਰ ਵਿੱਚ ਈ-ਕੂੜੇ ਦੀ ਰਿਸਾਈਕਲਿੰਗ ਕਿਉਂ ਨਹੀਂ ਕਰਦੇ? ਪੂਰੀ ਦੁਨੀਆ ਵਿੱਚ ਈ-ਕੂੜੇ ਨੂੰ ਸਮੇਟਣ ਲਈ ਕੋਈ ਠੋਸ ਯੋਜਨਾਬੰਦੀ, ਪ੍ਰਬੰਧ ਜਾਂ ਅਸੂਲ ਨਹੀਂ। ਬੱਸ ਗਰੀਬੀ ਦੂਰ ਕਰਨ ਦਾ ਪਾਖੰਡ ਸਿਰਜ ਕੇ ਈ-ਕਚਰਾ ਗਰੀਬ ਮੁਲਕਾਂ ਦੀ ਜ਼ਮੀਨ ਹੇਠ ਦੱਬਿਆ ਜਾ ਰਿਹਾ ਹੈ। ਲੋਕ ਚੇਤੰਨ ਤਾਂ ਹੋ ਰਹੇ ਹਨ, ਪਰ ਅਜੇ ਏਨੇ ਨਹੀਂ। ਇਸੇ ਲਈ ਐਨਵਾਇਰਮੈਂਟ ਗਰੀਨ ਪੀਸ ਸੰਸਥਾ ਨੇ 2008 ਵਿੱਚ ਆਕਲੈਂਡ ਬੰਦਰਗਾਹ ਤੋਂ ਸੈਂਸੂਈ ਆ ਰਿਹਾ ਈ-ਕਚਰੇ ਦਾ ਕੰਟੇਨਰ ਰਾਹ ਵਿੱਚ ਰੋਕ ਲਿਆ ਸੀ।

ਕੀ ਇਹ ਜ਼ੁਲਮ ਨਹੀਂ ਕਿ ਲੁਧਿਆਣਾ ਲਾਗੇ ਵਿਦੇਸ਼ਾਂ ਤੋਂ ਆਏ ਕਬਾੜ ਵਿੱਚ ਜਿਊਂਦੇ ਰਾਕਟ ਲਾਂਚਰ, ਹੱਥ ਗੋਲੇ ਮਿਲੇ ਸਨ। ਕੀ ਦਿੱਲੀ 'ਚ ਮਾਇਆਪੁਰੀ ਇਲਾਕੇ ਵਿੱਚ ਕੋਬਾਲਟ 60 ਦੀਆਂ ਵਿਕੀਰਨਾਂ ਦੀ ਤ੍ਰਾਸਦੀ ਖਤਰੇ ਦੀ ਘੰਟੀ ਨਹੀਂ ਵਜਾ ਰਹੀ। ਕੀ ਇਨ੍ਹਾਂ ਮੁਲਕਾਂ ਦੀ ਧਰਤੀ ਥੱਲੜੇ ਪਾਣੀ ਪਲੀਤ ਨਹੀਂ ਹੋਣਗੇ।

ਇਹ ਚਾਹੀਦਾ ਹੈ ਕਿ ਇਲੈਕਟ੍ਰਾਨਿਕ ਕੰਪਨੀਆਂ ਵਾਤਾਵਰਣ ਪੱਖੀ ਜੰਤਰ ਤਿਆਰ ਕਰਨ। ਆਪਣੇ ਤਿਆਰ ਕੀਤੇ ਸਾਜੋ ਸਾਮਾਨ ਦੀ ਮਿਆਦ ਪੂਰੀ ਹੋਣ ਪਿੱਛੋਂ ਈ-ਕਬਾੜ ਆਪ ਇਕੱਠਾ ਕਰਨ ਤੇ ਉਸ ਦੀ ਰੀਸਾਈਕਲ ਕਰਨ। ਈ ਕੂੜੇ ਨਾਲ ਨਿਪਟਣ ਲਈ ਸਖਤ ਕਾਨੂੰਨ ਬਣਾਏ ਜਾਣ। ਜਨਤਕ ਥਾਵਾਂ 'ਤੇ ਵੱਖਰੇ ਈ-ਕੂੜਾਦਾਨ ਹੋਣ। ਲੋਕ ਜਾਂ ਕੰਪਨੀਆਂ ਰਜਿਸਟਰਡ ਈ-ਸਾਈਕਲਿੰਗ ਇਕਾਈਆਂ ਕੋਲ ਈ-ਵੇਸਟ ਭੇਜਣ। ਇਹ ਘਰੇਲੂ ਕੂੜੇ ਵਿੱਚ ਨਾ ਸੁੱਟਿਆ ਜਾਵੇ। ਵਰਤੇ ਈ-ਉਪਕਰਨ, ਮੋਬਾਈਲ ਫੋਨ ਆਦਿ ਈ-ਵੇਸਟ ਇਕੱਤਰਨ ਕੇਂਦਰ ਰਾਹੀਂ ਇਕੱਤਰ ਕੀਤੇ ਜਾਣ। ਮਈ 2012 ਦਾ ਈ-ਵੇਸਟ ਮੈਨੇਜਮੈਂਟ ਅਤੇ ਹੈਂਡਲਿੰਗ ਕਾਨੂੰਨ ਉਤਪਾਦਕਾਂ ਅਤੇ ਖਪਤਕਾਰਾਂ 'ਤੇ ਸਖਤੀ ਨਾਲ ਲਾਗੂ ਕੀਤਾ ਜਾਵੇ। ਈ-ਕੂੜਾ ਵੇਚਣ ਵਾਲੇ ਮੁਲਕਾਂ ਉਪਰ ਨਜ਼ਰਸਾਨੀ ਹੋਣੀ ਚਾਹੀਦੀ ਹੈ।

# ਪੜ੍ਹਨਾ ਅਤੇ ਗੁੜ੍ਹਨਾ

-ਗੁਰਸ਼ਰਨ ਕੌਰ ਮੋਗਾ

ਦੋ ਕੁ ਮਹੀਨੇ ਪਹਿਲਾਂ ਗੱਡੀ ਰਾਹੀਂ ਮੋਗੇ ਤੋਂ ਚੰਡੀਗੜ੍ਹ ਜਾ ਰਹੇ ਸਾਂ। ਸੜਕ 'ਤੇ ਵਾਹਨ ਤੇਜ਼ੀ ਨਾਲ ਆਪੋ ਆਪਣੀ ਮੰਜ਼ਿਲ ਵੱਲ ਵਧ ਰਹੇ ਸਨ। ਇੱਕ ਇੱਕ ਲਾਈਨ 'ਚ ਅੱਠ ਜਾਂ ਦਸ ਗੱਡੀਆਂ ਦੌੜ ਰਹੀਆਂ ਸਨ। ਨੀਲੋਂ ਪੁਲ ਕੋਲ ਪਹੁੰਚ ਕੇ ਸਭ ਤੋਂ ਮੂਹਰਲੀ ਗੱਡੀ ਦੇ ਡਰਾਈਵਰ ਨੇ ਥੋੜ੍ਹਾ ਜਿਹਾ ਪਾਸੇ ਕਰ ਕੇ ਗੱਡੀ ਰੋਕੀ ਅਤੇ ਫਟਾਫਟ ਤਾਕੀ ਖੋਲ੍ਹ ਕੇ ਪਿੱਛੇ ਆਉਂਦੀਆਂ ਗੱਡੀਆਂ ਵੱਲੋਂ ਬੇਧਿਆਨਾ ਹੋ ਕੇ ਉਤਰਨ ਲੱਗਾ। ਪਿੱਛੇ ਆ ਰਹੇ ਸਾਰੇ ਵਾਹਨ ਮਸਾਂ ਸੰਭਲੇ। ਉਸ ਗੱਡੀ ਵਿੱਚੋਂ ਇੱਕ ਔਰਤ ਹੱਥ ਵਿੱਚ ਲਾਲ ਰੰਗ ਦੀ ਪੋਟਲੀ ਲੈ ਕੇ ਬਾਹਰ ਨਿਕਲੀ ਤੇ ਦੋਵੇਂ ਜਣੇ ਪੋਟਲੀ ਵਿਚਲਾ ਸਾਮਾਨ ਨਹਿਰ ਵਿੱਚ ਸੁੱਟਣ ਲੱਗੇ। ਬਾਅਦ ਵਿੱਚ ਲਾਲ ਕੱਪੜਾ ਵੀ ਸੁੱਟ ਦਿੱਤਾ। ਨਹਿਰ ਦਾ ਪਾਣੀ ਸਭ ਕੁਝ ਆਪਣੇ ਨਾਲ ਲੈ ਤੁਰਿਆ। ਹੈਰਾਨੀ ਵਾਲੀ ਗੱਲ ਇਹ ਸੀ ਕਿ ਉਹ ਜੋੜਾ ਨੌਜਵਾਨ ਸੀ ਅਤੇ ਪੜ੍ਹਿਆ ਲਿਖਿਆ ਜਾਪਦਾ ਸੀ।

ਆਪਣੇ ਬੇਟੇ ਨੂੰ ਗੱਡੀ ਆਰਾਮ ਨਾਲ ਚਲਾਉਣ ਦੀ ਨਸੀਹਤ ਦੇ ਕੇ ਮੈਂ ਆਪਣੇ ਬੀਤੇ ਵਿੱਚ ਗੁਆਚ ਗਈ। ਸਾਡੇ ਪਿੰਡ ਪ੍ਰਾਇਮਰੀ ਸਕੂਲ ਵਿੱਚ ਮੈਂ ਤੀਜੀ ਜਮਾਤ ਦੀ ਵਿਦਿਆਰਥਣ ਸੀ। ਸਾਡਾ ਸਕੂਲ ਮੁਸਲਮਾਨਾਂ ਦੇ ਕਬਰਿਸਤਾਨ ਉਤੇ ਬਣਾਇਆ ਹੋਇਆ ਸੀ, ਵਡੇਰਿਆਂ ਨੇ ਸਾਨੂੰ ਇਹੋ ਦੱਸਿਆ ਸੀ। ਸਕੂਲ ਬੜਾ ਖੁੱਲ੍ਹਾ ਡੁੱਲ੍ਹਾ ਸੀ ਅਤੇ ਇਮਾਰਤ ਤੋਂ ਥੋੜ੍ਹਾ ਜਿਹਾ ਅੱਗੇ ਕਿਆਰੀਆਂ ਬਣਾ ਕੇ ਬੜੇ ਸੁੰਦਰ ਫੁੱਲ ਬੂਟੇ ਲਾਏ ਹੁੰਦੇ ਸਨ। ਖੇਡ ਦੇ ਮੈਦਾਨ ਤੋਂ ਪਰ੍ਹੇ ਵੀ ਕੁਝ ਕਬਰਾਂ ਸਨ ਜਿੱਥੇ ਪਿੰਡ ਵਿੱਚ ਵੱਸਦਾ ਮੁਸਲਮਾਨ ਭਾਈਚਾਰਾ ਮੁਰਦੇ ਦਫਨਾਉਂਦਾ ਸੀ। ਇਨ੍ਹਾਂ ਕਬਰਾਂ ਉਤੇ ਮਲ੍ਹੇ ਉਗੇ ਹੋਏ ਸਨ। ਇਥੇ ਜਾਣ ਦੀ ਵਿਦਿਆਰਥੀਆਂ ਨੂੰ ਮਨਾਹੀ ਨਹੀਂ ਸੀ, ਪਰ ਕੁਝ ਸ਼ਰਾਰਤੀ ਬੱਚੇ ਅਧਿਆਪਕਾਂ ਦੀਆਂ ਨਜ਼ਰਾਂ ਤੋਂ ਬਚ ਕੇ ਅੱਧੀ ਛੁੱਟੀ ਵੇਲੇ ਬੇਰ ਤੋੜ ਕੇ ਖਾਂਦੇ। ਸਾਰੇ ਵਿਦਿਆਰਥੀਆਂ ਦੇ ਘਰ ਦਿਆਂ ਨੇ ਅਧਿਆਪਕਾਂ ਨੂੰ ਪੱਕੀ ਕੀਤੀ ਹੋਈ ਸੀ ਕਿ ਉਹ ਸਾਨੂੰ ਕਬਰਾਂ ਦੇ ਮਲ੍ਹਿਆਂ ਤੋਂ ਬੇਰ ਤੋੜ ਕੇ ਨਾ ਖਾਣ ਦੇਣ, ਖਾਸ ਕਰ ਕੇ ਹਸਨੇ ਦੀ ਕਬਰ 'ਤੇ ਉਗੀ ਬੇਰ ਦੇ ਤਾਂ ਬਿਲਕੁਲ ਨਹੀਂ ਕਿਉਂਕਿ ਹਸਨਾ ਔਂਤ ਮਰਿਆ ਸੀ। ਬੱਚਿਆਂ ਨੂੰ ਹਸਨੇ ਦਾ ਭੂਤ ਚਿੰਬੜ ਜਾਵੇਗਾ। ਅਧਿਆਪਕ ਪਿੰਡ ਦੇ ਲੋਕਾਂ ਨੂੰ ਹੂੰ ਹਾਂ ਕਰ ਛੱਡਦੇ, ਸਵੇਰ ਦੀ ਸਭਾ ਵਿੱਚ ਚਿਤਾਵਨੀ ਵੀ ਦੇ ਦਿੰਦੇ ਕਿ ਕੋਈ ਬੱਚਾ ਕਬਰਾਂ ਦੀਆਂ ਬੇਰੀਆਂ ਤੋਂ ਬੇਰ ਤੋੜ ਕੇ ਨਹੀਂ ਖਾਵੇਗਾ, ਕਿਉਂਕਿ ਉਸ ਦੇ ਬੇਰ ਗਲਘੋਟੂ ਹਨ, ਖਾ ਕੇ ਬਿਮਾਰ ਹੋ ਜਾਉਂਗੇ। ਬੱਚਿਆਂ ਨੂੰ ਉਸੇ ਬੇਰੀ ਦੇ ਬੇਰ ਸੁਆਦ ਲੱਗਦੇ ਸਨ। ਉਹ ਕਿਵੇਂ ਨਾ ਕਿਵੇਂ ਉਸੇ ਬੇਰੀ ਤੋਂ ਬੇਰ ਤੋੜ ਲਿਆਉਂਦੇ ਤੇ ਸਾਰੀ ਜਮਾਤ ਨਾਲ ਵੰਡ ਕੇ ਖਾਂਦੇ। ਇਸ ਤਰ੍ਹਾਂ ਵੰਡ ਕੇ ਖਾਣ ਨਾਲ ਏਕਾ ਉਪਜਦਾ ਤੇ ਕੋਈ ਵੀ ਘਰ ਜਾ ਕੇ ਬੇਰ ਖਾਣ ਦੀ ਗੱਲ ਨਾ ਦੱਸਦਾ। ਆਪਣੀ ਦਾਦੀ ਦੀ ਨਸੀਹਤ ਦੇ ਬਾਵਜੂਦ ਆਪਣੇ ਹਿੱਸੇ ਆਏ ਬੇਰ ਮੈਂ ਵੀ ਡਰਦੀ ਡਰਦੀ ਖਾ ਲੈਂਦੀ। ਕਦੇ ਵੀ ਕੋਈ ਵਿਦਿਆਰਥੀ ਬੇਰ ਖਾ ਕੇ ਬਿਮਾਰ ਨਹੀਂ ਸੀ ਹੋਇਆ। ਬੇਰ ਤੋੜਨ ਵਾਲੇ ਬੱਚੇ ਹੱਸ ਕੇ ਕਹਿੰਦੇ, 'ਹਸਨਾ ਨਿਆਣਿਆਂ ਨੂੰ ਕੁਝ ਨਹੀਂ ਕਹਿੰਦਾ, ਪਰ ਵੱਡਿਆਂ ਨੂੰ ਬੇਰੀ ਨੂੰ ਹੱਥ ਨਹੀਂ ਲਾਉਣ ਦਿੰਦਾ।'' ਅਧਿਆਪਕ ਆਪੋ ਵਿੱਚ ਗੱਲਾਂ ਕਰਦੇ ਕਹਿੰਦੇ, 'ਇਸ ਪਿੰਡ ਦੇ ਲੋਕ ਬੜੇ ਵਹਿਮੀ ਹਨ। ਆਪਣੇ ਕੋਲ ਚਾਰ ਸੌ ਬੱਚੇ ਅਤੇ ਦਸ ਬਾਰ੍ਹਾਂ ਜਣੇ ਆਪਾਂ ਸਾਰਾ ਦਿਨ ਸਕੂਲ ਵਿੱਚ ਹੀ ਰਹਿੰਦੇ ਹਾਂ, ਕੋਈ ਭੂਤ ਪ੍ਰੇਤ ਕਬਰਾਂ ਵਿੱਚੋਂ ਨਿਕਲ ਕੇ ਨਹੀਂ ਚਿੰਬੜਿਆ ਕਿਸੇ ਨੂੰ, ਬੇਰੀਆਂ ਵਿੱਚ ਕਿਹੜੇ ਭੂਤਨੇ ਤੁਰੇ ਫਿਰਦੇ ਆ?'' ਇਹ ਗੱਲ ਸੁਣ ਕੇ ਬੱਚੇ ਵੀ ਖੁਸ਼ ਹੋ ਜਾਂਦੇ।

ਦੂਜੀ ਗੱਲ ਸਾਡੇ ਘਰ ਮੱਝਾਂ ਚਰਾਉਣ ਵਾਲੇ ਮੁੰਡੇ ਤਾਰੇ ਨਾਲ ਸੰਬੰਧਤ ਹੈ। ਉਹ ਨੌਂ ਦਸ ਸਾਲਾਂ ਦਾ ਸਿਹਤ ਪੱਖੋਂ ਤਕੜਾ ਅਤੇ ਨਿਡਰ ਸੀ। ਸਾਡਾ ਪਿੰਡ ਬਠਿੰਡਾ ਬ੍ਰਾਂਚ ਨਹਿਰ ਕਿਨਾਰੇ ਵੱਸਿਆ ਸੀ। ਪਿੰਡ ਦੇ ਲੋਕ ਨਹਿਰ ਵਿੱਚ ਹੀ ਆਪਣੇ ਪਸ਼ੂਆਂ ਨੂੰ ਪਾਣੀ ਪਿਲਾਉਣ ਤੇ ਨਹਾਉਣ ਲਈ ਲਿਜਾਂਦੇ ਸਨ। ਤਾਰਾ ਵੀ ਮੱਝਾਂ ਉਥੇ ਲੈ ਜਾਂਦਾ। ਆਪਣੇ ਹਮਉਮਰ ਪਾਲੀਆਂ ਨਾਲ ਉਹ ਨਹਿਰ ਵਿੱਚ ਪਸ਼ੂਆਂ ਨੂੰ ਛੱਡ ਕੇ ਆਪ ਵੀ ਤਾਰੀਆਂ ਲਾਉਂਦਾ। ਇੱਕ ਦਿਨ ਉਹ ਮੱਝਾਂ ਨੁਹਾ ਕੇ ਲਿਆਇਆ ਤਾਂ ਉਸ ਨੇ ਆਪਣੇ ਝੋਲੇ ਵਿੱਚੋਂ ਲਾਲ ਤੇ ਹਰੇ ਰੰਗ ਦੀਆਂ ਚੂੜੀਆਂ ਕੱਢ ਕੇ ਸਾਨੂੰ ਦਿਖਾਈਆਂ। ਮੈਂ ਉਦੋਂ ਸੱਤਵੀਂ ਜਮਾਤ ਵਿੱਚ ਪੜ੍ਹਦੀ ਸਾਂ ਤੇ ਆਪਣੀਆਂ ਸਹੇਲੀਆਂ ਨਾਲ ਆਪਣੇ ਘਰ ਦੇ ਇੱਕ ਕਮਰੇ ਵਿੱਚ ਬੈਠੀ ਸਕੂਲ ਦਾ ਕੰਮ ਕਰ ਰਹੀ ਸੀ। ਤਾਰੇ ਨੇ ਦੱਸਿਆ ਕਿ ਉਸ ਨੇ ਇਹ ਚੂੜੀਆਂ, ਨਾਰੀਅਲ ਤੇ ਹੋਰ ਨਿੱਕ ਸੁੱਕ ਨਹਿਰ ਵਿੱਚੋਂ ਕੱਪੜੇ ਵਿੱਚ ਬੱਧਾ ਹੋਇਆ ਕੱਢਿਆ ਹੈ। ਨਾਰੀਅਲ ਅਤੇ ਚੂੜੀਆਂ ਕੱਢ ਕੇ ਬਾਕੀ ਸਭ ਕੁਝ ਫੇਰ ਨਹਿਰ ਵਿੱਚ ਰੋੜ੍ਹ ਦਿੱਤਾ। ਨਾਰੀਅਲ ਅਸੀਂ ਭੰਨ ਕੇ ਖਾ ਲਿਆ। ''ਚੂੜੀਆਂ ਮੈਂ ਆਪਣੀ ਭੈਣ ਛਿੰਦੋ ਨੂੰ ਦੇਵਾਂਗਾ। ਉਹ ਮਾਘੀ ਮੇਲੇ ਵੇਲੇ ਵੰਗਾਂ ਚੜ੍ਹਾਉਣ ਨੂੰ ਕਹਿੰਦੀ ਸੀ, ਪਰ ਮੇਰੀ ਬੇਬੇ ਨੇ ਉਸ ਨੂੰ ਪਵਾ ਕੇ ਨਹੀਂ ਦਿੱਤੀਆ। ਭੈਣੇ ਜੇ ਤੁਸੀਂ ਪਾਉਣੀਆਂ ਤਾਂ ਤੁਸੀਂ ਪਾ ਲਵੋ''। ਉਹ ਗੰਭੀਰ ਜਿਹਾ ਹੋ ਕੇ ਬੋਲਿਆ।

ਅਸੀਂ ਚੂੜੀਆਂ ਫੜ ਕੇ ਦੇਖੀਆਂ। ਮੇਰੀ ਇੱਕ ਦੋ ਸਹੇਲੀਆਂ ਹੱਥਾਂ ਵਿੱਚ ਪਾ ਕੇ ਛਣਕਾਉਣ ਲੱਗੀਆਂ। ਫਿਰ ਯਾਦ ਆਇਆ, ਕੱਲ੍ਹ ਨੂੰ ਸਕੂਲ ਜਾਣਾ ਹੈ ਅਤੇ ਸਕੂਲ ਵਿੱਚ ਚੂੜੀਆਂ ਪਾਉਣ ਤੋਂ ਮਨ੍ਹਾ ਕੀਤਾ ਹੋਇਆ ਹੈ, ਨਾਲੇ ਇਹ ਤਾਰੇ ਨੇ ਆਪਣੀ ਭੈਣ ਵਾਸਤੇ ਲਿਆਂਦੀਆਂ ਹਨ, ਇਸ ਲਈ ਇਹ ਛਿੰਦੋ ਨੂੰ ਹੀ ਮਿਲਣੀਆਂ ਚਾਹੀਦੀਆਂ ਹਨ। ਅਸੀਂ ਚੂੜੀਆਂ ਤਾਰੇ ਨੂੰ ਦੇ ਦਿੱਤੀਆਂ। ਆਪਣੇ ਘਰ ਜਾ ਕੇ ਤਾਰੇ ਨੇ ਚਾਈਂ ਚਾਈਂ ਛਿੰਦੋ ਨੂੰ ਚੂੜੀਆਂ ਪਵਾ ਦਿੱਤੀਆਂ। ਕਾਫੀ ਹਨੇਰੇ ਜਿਹੇ ਤਾਰੇ ਦੀ ਮਾਂ ਹਫਦੀ ਹੋਈ ਸਾਡੇ ਘਰ ਆਈ ਤੇ ਘਰਦਿਆਂ ਨੂੰ ਕਹਿਣ ਲੱਗੀ, ''ਤੁਹਾਡੇ ਬੱਚਿਆਂ ਨੇ ਟੂਣੇ ਦੀਆਂ ਚੀਜ਼ਾਂ ਨੂੰ ਹੱਥ ਲਾ ਲਏ ਹਨ। ਕੋਈ ਓਹੜ ਪੋਹੜ ਕਰੋ।'' ਉਸ ਨੇ ਇਹ ਵੀ ਦੱਸਿਆ ਕਿ ਉਸ ਨੇ ਤਾਰੇ ਨੂੰ ਚੰਗਾ ਫੈਂਟਾ ਚਾੜ੍ਹਿਆ ਹੈ ਅਤੇ ਛਿੰਦੋ ਤੋਂ ਚੂੜੀਆਂ ਲੁਹਾ ਕੇ ਬਾਹਰ ਸੁੱਟ ਦਿੱਤੀਆਂ ਹਨ। ਉਹ ਸਹਿਮੀ ਖੜ੍ਹੀ ਸੀ, ਸਾਨੂੰ ਬੱਚਿਆਂ ਨੂੰ ਪਤਾ ਸੀ ਕਿ ਤਾਰਾ ਪਹਿਲਾਂ ਵੀ ਨਹਿਰ ਵਿੱਚੋਂ ਨਾਰੀਅਲ ਕੱਢ ਕੇ ਖਾਂਦਾ ਸੀ, ਉਸ ਨੂੰ ਕਦੇ ਕੁਝ ਨਹੀਂ ਹੋਇਆ ਤੇ ਚੂੜੀਆਂ ਮੇਰੀਆਂ ਸਾਰੀਆਂ ਸਹੇਲੀਆਂ ਨੇ ਪਾ ਕੇ ਦੇਖੀਆਂ ਸਨ, ਜੋ ਸਹੀ ਸਲਾਮਤ ਸਨ। ਉਸ ਦੇ ਜਾਣ ਮਗਰੋਂ ਅਸੀਂ ਘਰ ਦਿਆਂ ਨੂੰ ਸਾਰੀ ਕਹਾਣੀ ਦੱਸ ਦਿੱਤੀ। ਠੰਢ ਦੀ ਰੁੱਤ ਵਿੱਚ ਸਾਨੂੰ ਉਸੇ ਵੇਲੇ ਨਹਾਉਣ ਦਾ ਹੁਕਮ ਮਿਲਿਆ, ਜੋ ਸਾਨੂੰ ਨਾ ਚਾਹੁੰਦਿਆਂ ਵੀ ਪੂਰਾ ਕਰਾ ਪਿਆ। ਸਾਡਾ ਵਿਸ਼ਵਾਸ ਫਿਰ ਵੀ ਮਹਾਨ ਵਿਗਿਆਨੀ ਗਲੀਲਿਓ ਜਿੰਨਾ ਪੱਕਾ ਸੀ ਕਿ ਟੂਣੇ ਨਾਲ ਕੁਝ ਨਹੀਂ ਹੁੰਦਾ।



# ਖ਼ਬਰਾਂ ਪੰਜਾਬ ਦੀਆਂ





## ਮਹਾਰਾਜਾ ਰਣਜੀਤ ਸਿੰਘ ਦਾ ਨਾਂਅ ਵਿਸ਼ਵ ਦੇ ਪਹਿਲੇ ਦਸ ਮਹਾਨ ਆਗੂਆਂ ਵਿੱਚ ਸ਼ਾਮਲ

*** ਬੀ ਬੀ ਸੀ ਦੇ ਹਿਸਟਰੀ ਮੈਗਜ਼ੀਨ ਦੀ ਰਿਪੋਰਟ**



ਚੰਡੀਗੜ੍ਹ, 13 ਜਨਵਰੀ (ਪੋਸਟ ਬਿਊਰੋ)- ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਨਾਂਅ ਵਿਸ਼ਵ ਦੇ ਪਹਿਲੇ ਦਸ ਮਹਾਨ ਆਗੂਆਂ ਵਿੱਚ ਸ਼ਾਮਲ ਹੋਇਆ ਪਤਾ ਲੱਗਾ ਹੈ। ਬ੍ਰਿਟਿਸ਼ ਬਰਾਡਕਾਸਟਿੰਗ ਕਾਰਪੋਰੇਸ਼ਨ (ਬੀ ਬੀ ਸੀ) ਦੇ ਹਿਸਟਰੀ ਮੈਗਜ਼ੀਨ ਨੇ ਵਿਸ਼ਵ ਇਤਿਹਾਸ ਦੇ ਮਹਾਨ ਆਗੂਆਂ ਵਿੱਚ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਨਾਂਅ ਪਹਿਲੇ ਦਸ ਮਹਾਨ ਆਗੂਆਂ ਵਿੱਚ ਸ਼ਾਮਲ ਕੀਤਾ ਹੈ ਅਤੇ ਇਹ ਪੰਜਾਬ ਲਈ ਯਕੀਨੀ ਤੌਰ 'ਤੇ ਮਾਣ ਵਾਲੀ ਗੱਲ ਹੈ।

ਪਤਾ ਲੱਗਾ ਹੈ ਕਿ ਇਸ ਸਮੁੱਚੀ ਖੋਜ ਦਾ ਆਧਾਰ ਸ਼ਾਸਕਾਂ ਦੀ ਕਾਰਜਸ਼ੈਲੀ, ਜੰਗੀ ਮੁਹਾਰਤ, ਲੋਕ ਨੀਤੀਆਂ, ਫੌਜੀ ਆਧੁਨਿਕੀਕਰਨ, ਆਰਥਿਕ ਅਤੇ ਵਪਾਰਕ ਨੀਤੀਆਂ ਨੂੰ ਬਣਾਇਆ ਗਿਆ ਸੀ। ਇਸ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੇ ਸਦਾ ਆਪੋ ਵਿੱਚ ਝਗੜਦੇ ਰਹਿਣ ਵਾਲੇ ਰਜਵਾੜਿਆਂ ਨੂੰ ਜਿੱਤ ਕੇ ਇੱਕ ਸ਼ਾਨਦਾਰ ਤੇ ਪੂਰਾ ਸੈਕੂਲਰ ਰਾਜ ਕਾਇਮ ਕੀਤਾ ਸੀ ਅਤੇ ਕਿਸੇ ਨੂੰ ਧਰਮ ਬਦਲਣ ਲਈ ਨਹੀਂ ਕਿਹਾ, ਨਾ ਕਿਸੇ ਨੂੰ ਮੌਤ ਦੀ ਸਜ਼ਾ ਦਿੱਤੀ ਸੀ। ਉਨ੍ਹਾਂ ਦੀਆਂ ਪ੍ਰਾਪਤੀਆਂ ਇਸ ਤੋਂ ਬਹੁਤ ਜ਼ਿਆਦਾ ਹਨ। ਜਦੋਂ ਉਨ੍ਹਾਂ ਰਾਜਨੀਤੀ ਵਿੱਚ ਪੈਰ ਧਰਿਆ, ਪੰਜਾਬ ਪੰਜ ਪਾਸਿਆਂ ਤੋਂ ਵੈਰੀਆਂ ਨਾਲ ਘਿਰਿਆ ਹੋਇਆ ਸੀ। ਪੂਰੇ ਚਾਲ੍ਹੀ ਵਰ੍ਹੇ ਉਸ ਨੇ ਕਿਸੇ ਨੂੰ ਪੰਜਾਬ ਵੱਲ ਝਾਕਣ ਨਹੀਂ ਦਿੱਤਾ, ਪਰ ਉਨ੍ਹਾਂ ਦੀ ਮੌਤ ਤੋਂ ਬਾਅਦ ਜਦੋਂ ਪੰਜਾਬੀ ਰਾਜ ਗਿਆ, ਅੱਜ ਤੱਕ ਨਹੀਂ ਮਿਲ ਸਕਿਆ।

ਭਾਰਤ ਦੇ ਇਤਿਹਾਸ ਵਿੱਚ ਮਹਾਰ-ਾਜਾ ਰਣਜੀਤ ਸਿੰਘ ਦੀ ਮਹੱਤਤਾ ਦਾ ਕੋਈ ਖਾਸ ਜ਼ਿਕਰ ਨਹੀਂ। ਪੰਜਾਬੀਆਂ ਨੇ ਵੀ ਮਹਾਰਾਜਾ ਰਣਜੀਤ ਸਿੰਘ ਦੀ ਬਹੁਤੀ ਸਾਰ ਨਹੀਂ ਲਈ। ਬੀ ਬੀ ਸੀ ਨੇ ਪੰਜਾਬੀ ਲੋਕਾਂ ਨੂੰ ਉਨ੍ਹਾਂ ਦੇ ਇਤਿਹਾਸ ਬਾਰੇ ਉਹ ਦੱਸਿਆ ਹੈ, ਜੋ ਅਸਲ ਵਿੱਚ ਉਨ੍ਹਾਂ ਨੂੰ ਖੁਦ ਸਾਰੇ ਸੰਸਾਰ ਨੂੰ ਦੱਸਣਾ ਚਾਹੀਦਾ ਸੀ।

## ਗੁਰਬਾਣੀ ਪ੍ਰਸਾਰਨ ਬਾਰੇ ਜਥੇਦਾਰ ਅਕਾਲ ਤਖਤ ਨੇ ਸ਼੍ਰੋਮਣੀ ਕਮੇਟੀ ਤੇ ਚੈਨਲ ਨੂੰ ਸਮਝੌਤੇ ਦੇ ਦਸਤਾਵੇਜ਼ ਭੇਜਣ ਲਈ ਕਿਹਾ

ਅੰਮ੍ਰਿਤਸਰ, 13 ਜਨਵਰੀ (ਪੋਸਟ ਬਿਊਰੋ)- ਸ੍ਰੀ ਹਰਮੰਦਰ ਸਾਹਿਬ ਤੋਂ ਗੁਰਬਾਣੀ ਕੀਰਤਨ ਅਤੇ ਹੁਕਮਨਾਮਾ ਇਕੋ ਚੈਨਲ ਦੇ ਰਾਹੀਂ ਟੈਲੀਕਾਸਟ ਕਰਨ ਦੇ ਅਧਿਕਾਰਾਂ ਬਾਰੇ ਚੱਲਦੇ ਵਿਵਾਦ ਨੂੰ ਗੰਭੀਰਤਾ ਨਾਲ ਲੈਂਦਿਆਂ ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸੰਬੰਧਤ ਪ੍ਰਾਈਵੇਟ ਚੈਨਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ ਜੀ ਪੀ ਸੀ) ਨੂੰ ਇਸ ਦੇ ਦਸਤਾਵੇਜ਼ਾਂ ਦੇ ਵੇਰਵੇ ਭੇਜਣ ਦੇ ਆਦੇਸ਼ ਦਿੱਤੇ ਹਨ।

ਅਕਾਲ ਤਖ਼ਤ ਸਾਹਿਬ ਦੇ ਸੂਤਰਾਂ ਅਨੁਸਾਰ ਇਸ ਕੇਸ ਬਾਰੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਦੋਵਾਂ ਧਿਰਾਂ ਨੂੰ ਹਦਾਇਤ ਕੀਤੀ ਹੈ ਕਿ ਉਹ ਸਾਰੀ ਜਾਣਕਾਰੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਨੂੰ ਭੇਜਣ। ਇਸ ਵਿਵਾਦ ਬਾਰੇ ਸਿੱਖ ਸੰਗਤ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਵੱਡੀ ਗਿਣਤੀ ਵਿੱਚ ਸ਼ਿਕਾਇਤਾਂ ਕੀਤੀਆਂ ਹਨ, ਜਿਨ੍ਹਾਂ ਦੇ ਆਧਾਰ ਉਤੇ ਉਨ੍ਹਾਂ ਨੇ ਇਸ ਮਾਮਲੇ ਦਾ ਨੋਟਿਸ ਲਿਆ ਹੈ। ਲੋਕ ਇਨਸਾਫ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਬਲਦੇਵ ਸਿੰਘ ਸਿਰਸਾ ਨੇ ਕਿਹਾ ਹੈ ਕਿ ਪੀ ਟੀ ਸੀ ਚੈਨਲ ਆਪਣੇ



ਅਧਿਕਾਰਾਂ ਸਬੰਧੀ ਗ਼ਲਤ ਦਾਅਵਾ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਕਿਸੇ ਕੋਲ ਗੁਰਬਾਣੀ ਨੂੰ ਵੇਚਣ ਦਾ ਅਧਿਕਾਰ ਹੀ ਨਹੀਂ ਹੈ, ਏਦਾਂ ਕਰਨਾ ਤਾਂ ਗੁਰੂ ਨਾਨਕ ਦੇਵ ਜੀ ਦੇ ਗੁਰਬਾਣੀ ਹਰ ਮਨੁੱਖ ਮਾਤਰ ਤੱਕ ਪੁਚਾਉਣ ਦੇ ਘਰ-ਘਰ ਅੰਦਰ ਧਰਮਸਾਲ ਵਾਲੇ ਉਪਦੇਸ਼ ਦੀ ਉਲੰਘਣਾ ਹੈ। ਉਨ੍ਹਾਂ ਕਿਹਾ ਕਿ ਗੁਰਬਾਣੀ ਦੇ ਪ੍ਰਚਾਰ ਪ੍ਰਸਾਰ 'ਤੇ ਰੋਕ ਲਾਉਣ ਦੀ ਇਹ ਮੰਦਭਾਗੀ ਕੋਸ਼ਿਸ਼ ਕੀਤੀ ਗਈ ਹੈ ਅਤੇ ਗੁਰਬਾਣੀ ਵੇਚਣ ਦੀਆਂ ਕੋਸ਼ਿਸ਼ਾਂ ਬਰਦਾਸ਼ਤ ਨਹੀਂ ਕੀਤੀਆਂ ਜਾਣਗੀਆਂ ਅਤੇ ਉਹ ਸੰਗਤ ਨੂੰ ਇਸ ਕਾਰਵਾਈ ਖ਼ਿਲਾਫ਼ ਜਾਗਰੂਕ ਕਰਨ ਦੇ ਨਾਲ ਕਾਨੂੰਨੀ ਕਾਰਵਾਈ ਵੀ ਕਰਨਗੇ। ਸਾਬਕਾ ਡਿਪਟੀ ਸਪੀਕਰ ਬੀਰਦਵਿੰਦਰ ਸਿੰਘ ਨੇ ਸ੍ਰੀ ਹਰਿਮੰਦਰ ਸਾਹਿਬ ਤੋਂ ਹੁਕਮਨਾਮੇ ਦੇ ਪ੍ਰਸਾਰਨ ਉਤੇ ਪੀ ਟੀ ਸੀ ਨੈਟਵਰਕ ਵੱਲੋਂ ਆਪਣਾ ਹੱਕ ਜਤਾਏ ਜਾਣ 'ਤੇ ਹੈਰਾਨੀ ਪ੍ਰਗਟ ਕਰਦਿਆਂ ਕਿਹਾ ਕਿ ਸ਼ਬਦ ਸਿੱਖ ਚੇਤਨ ਲਈ ਅਧਿਆਤਮਿਕ ਪ੍ਰੇਰਨਾ ਅਤੇ ਸਿੱਖੀ ਦੀ ਕੁਲ ਰਚਨਾ ਦਾ ਬੁਨਿਆਦੀ ਸਰੋਤ ਹੈ, ਇਸ ਲਈ ਇਸ ਉੱਤੇ ਕਿਸੇ ਦਾ ਨਿੱਜੀ ਅਧਿਕਾਰ ਨਹੀਂ ਹੋ ਸਕਦਾ। ਉਨ੍ਹਾਂ ਕਿਹਾ ਕਿ ਪ੍ਰਸਾਰਨ ਸਬੰਧੀ ਹੋਏ ਸਮਝੌਤੇ ਨੂੰ ਜਨਤਕ ਕਰਨਾ ਚਾਹੀਦਾ ਹੈ।

## ਮੌਸਮ ਖਰਾਬੀ ਕਾਰਨ ਫਲਾਈਟ ਆਦਮਪੁਰ ਏਅਰਪੋਰਟ ਪਹੁੰਚ ਕੇ ਵੀ ਲੈਂਡ ਨਹੀਂ ਕਰ ਸਕੀ

*** ਜਹਾਜ਼ ਉੱਤਰੇ ਬਿਨਾਂ ਦਿੱਲੀ ਪਰਤਿਆ**




ਜਲੰਧਰ, 13 ਜਨਵਰੀ (ਪੋਸਟ ਬਿਊਰੋ)- ਭਾਰੀ ਬਰਸਾਤ, ਕੜਕਦੀ ਬਿਜਲੀ ਤੇ ਲੋ ਵਿਜ਼ਿਬਿਲਟੀ ਕਾਰਨ ਲੋਹੜੀ ਵਾਲੇ ਦਿਨ ਦਿੱਲੀ ਤੋਂ ਆਈ ਫਲਾਈਟ ਏਅਰਪੋਰਟ ਤੱਕ ਪਹੁੰਚਣ ਦੇ ਬਾਵਜੂਦ ਲੈਂਡ ਨਹੀਂ ਕਰ ਸਕੀ ਤੇ ਦਿੱਲੀ ਪਰਤ ਗਈ। ਇਸ ਨਾਲ ਸਵਾਰੀਆਂ ਨੂੰ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ।

ਵਰਨਣ ਯੋਗ ਹੈ ਕਿ ਅੱਜ ਆਦਮ-ਪੁਰ ਵਿਚ ਬਾਰਸ਼ ਅਤੇ ਖ਼ਰਾਬ ਮੌਸਮ ਦੀ ਹਾਲਤ ਸਵੇਰੇ ਤੋਂ ਸੀ। ਪਤਾ ਲੱਗਾ ਹੈ ਕਿ ਫਲਾਈਟ ਦੀ ਲੈਂਡਿੰਗ ਤੋਂ ਪਹਿਲਾਂ ਇਕਦਮ ਮੀਂਹ ਤੇਜ਼ ਹੋ ਗਿਆ, ਜਿਸ ਕਾਰਨ ਰੰਨਵੇ ਦੀ ਵਿਜ਼ਿਬਿਲਟੀ ਵੀ ਘੱਟ ਹੋ ਗਈ। ਇਸ ਦੌਰਾਨ ਬਿਜਲੀ ਵੀ ਕੜਕਦੀ ਰਹਿਣ ਕਾਰਨ ਜਹਾਜ਼ ਲੈਂਡ ਨਾ ਕਰ ਸਕਿਆ ਅਤੇ ਉਸ ਨੂੰ ਦਿੱਲੀ ਨੂੰ ਮੁੜਨਾ ਪਿਆ। ਇਸ ਨਾਲ ਨਾ ਸਿਰਫ ਜਲੰਧਰ ਆਉਣ ਵਾਲੇ, ਸਗੋਂ ਏਥੋਂ ਦਿੱਲੀ ਜਾ ਰਹੇ ਯਾਤਰੀਆਂ ਨੂੰ ਵੀ ਨਿਰਾਸ਼ ਹੋ ਕੇ ਮੁੜਨਾ ਪਿਆ। ਜਾਣ ਵਾਲੇ ਮੁਸਾਫਰ ਫਲਾਈਟ ਦੇ ਲਗਪਗ ਸਮੇਂ ਉੱਤੇ ਆਉਣ ਕਾਰਨ ਆਦਮਪੁਰ ਏਅਰਪੋਰਟ ਪਹੁੰਚ ਚੁੱਕੇ ਸਨ। ਫਲਾਈਟ ਲੈਂਡ ਨਾ ਹੋਣ ਕਾਰਨ ਆਦਮਪੁਰ ਦਿੱਲੀ ਫਲਾਈਟ ਵੀ ਕੈਂਸਲ ਹੋ ਗਈ।

## ਗਾਇਕ ਸਿੱਧੂ ਮੂਸੇਵਾਲਾ ਦੇ ਹਿੰਸਕ ਗੀਤਾਂ ਵਿਰੁੱਧ ਡੀ ਜੀ ਪੀ ਨੂੰ ਸ਼ਿਕਾਇਤ

ਚੰਡੀਗੜ੍ਹ, 13 ਜਨਵਰੀ (ਪੋਸਟ ਬਿਊਰੋ)- ਮਾਈ ਭਾਗੋ ਬਾਰੇ ਵਿਵਾਦਤ ਗੀਤ ਗਾਉਣ ਕਾਰਨ ਪਹਿਲਾਂ ਹੀ ਆਲੋਚਨਾ ਦਾ ਕੇਂਦਰ ਬਣੇ ਰਹੇ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਉੱਤੇ ਇਸ ਵਾਰੀ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਦੀ ਉਲੰਘਣਾ ਦੇ ਦੋਸ਼ ਲੱਗੇ ਹਨ। ਚੰਡੀਗੜ੍ਹ ਦੇ ਜਨਹਿਤ ਪਟੀਸ਼ਨਾਂ ਕਰਨ ਵਾਲੇ ਵਕੀਲ ਹਰੀ ਚੰਦ ਅਰੋੜਾ ਨੇ ਇਸ ਬਾਰੇ ਪੰਜਾਬ ਪੁਲਸ ਦੇ ਮੁਖੀ (ਡੀ ਜੀ ਪੀ) ਨੂੰ ਸ਼ਿਕਾਇਤ ਭੇਜ ਕੇ ਕਾਰਵਾਈ ਦੀ ਮੰਗ ਕੀਤੀ ਹੈ।



ਐਡਵੋਕੇਟ ਅਰੋੜਾ ਨੇ ਇਸ ਬਾਰੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਪ੍ਰੀਤ ਮੋਹਿੰਦਰ ਸਿੰਘ ਬਨਾਮ ਪੰਜਾਬ ਸਰਕਾਰ ਅਤੇ ਹੋਰਨਾਂ ਵਾਲੇ ਕੇਸ ਦੇ 22 ਜੁਲਾਈ 2019 ਨੂੰ ਆਏ ਫੈਸਲੇ ਦਾ ਹਵਾਲਾ ਦੇ ਕੇ ਸ਼ਿਕਾਇਤ ਵਿੱਚ ਕਿਹਾ ਹੈ ਕਿ ਹਾਈ ਕੋਰਟ ਨੇ ਇਸ ਫੈਸਲੇ ਵਿੱਚ ਸਪੱਸ਼ਟ ਕਿਹਾ ਹੈ ਕਿ ਪੰਜਾਬ, ਹਰਿਆਣਾ ਅਤੇ ਕੇਂਦਰੀ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਦੇ ਡੀ ਜੀ ਪੀ ਨੂੰ ਨਿਰਦੇਸ਼ ਦਿੱਤੇ ਜਾਂਦੇ ਹਨ ਕਿ ਉਹ ਆਪੋ ਆਪਣੇ ਅਧਿਕਾਰ ਖੇਤਰਾਂ ਅੰਦਰ ਸ਼ਰਾਬ, ਨਸ਼ਿਆਂ ਤੇ ਹਿੰਸਾ ਨੂੰ ਪ੍ਰਫੁੱਲਤ ਕਰਦੇ ਗੀਤ ਗਾਉਣ ਅਤੇ ਲਾਈਵ ਸ਼ੋਅ ਨਾ ਹੋਣ ਦੇਣਾ ਯਕੀਨੀ ਕਰਨ। ਹਾਈ ਕੋਰਟ ਦੇ ਇਸੇ ਫੈਸਲੇ ਵਿੱਚ ਇਹ ਵੀ ਸਪੱਸ਼ਟ ਕੀਤਾ ਗਿਆ ਹੈ ਕਿ ਸੰਬੰਧਤ ਇਲਾਕਿਆਂ ਦੇ ਜ਼ਿਲਾ ਮੈਜਿਸਟਰੇਟ, ਐੱਸ ਐੱਸ ਪੀ ਅਤੇ ਐੱਸ ਪੀ ਇਨ੍ਹਾਂ ਹੁਕਮਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਦੇ ਪਾਬੰਦ ਹੋਣਗੇ। ਇਸ ਸ਼ਿਕਾਇਤ ਵਿੱਚ ਕਿਹਾ ਗਿਆ ਹੈ ਕਿ ਗਾਇਕ ਸਿੱਧੂ ਮੂਸੇਵਾਲਾ ਦੇ ਗੀਤ ਪੰਜਾਬ ਹਰਿਆਣਾ ਹਾਈ ਕੋਰਟ ਦੇ ਉਨ੍ਹਾਂ ਹੁਕਮਾਂ ਦੀ ਸਿੱਧੀ ਉਲੰਘਣਾ ਹਨ। ਇਸ ਕਰ ਕੇ ਇਸ ਮਾਮਲੇ ਵਿੱਚ ਇਸ ਗਾਇਕ ਵਿਰੁੱਧ ਕਾਨੂੰਨ ਮੁਤਾਬਕ ਬਣਦੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਸ਼ਿਕਾਇਤ ਵਿੱਚ ਡੀ ਜੀ ਪੀ ਪੰਜਾਬ ਨੂੰ ਕਾਰਵਾਈ ਲਈ ਦਸ ਦਿਨਾਂ ਦਾ ਅਲਟੀਮੇਟਮ ਦੇ ਕੇ ਐਡਵੋਕੇਟ ਅਰੋੜਾ ਨੇ ਕਿਹਾ ਕਿ ਅਜਿਹਾ ਨਾ ਹੋਣ ਦੀ ਸੂਰਤ ਵਿੱਚ ਉਹ ਪੰਜਾਬ ਹਰਿਆਣਾ ਹਾਈ ਕੋਰਟ ਵਿੱਚ ਅਦਾਲਤੀ ਮਾਣਹਾਨੀ ਦੀ ਪਟੀਸ਼ਨ ਦਾਇਰ ਕਰਨਗੇ।

## ਲੁਟੇਰੀ ਲਾੜੀ ਦੇ ਖਿਲਾਫ ਮਾਮਲਾ ਦਰਜ




ਨਾਭਾ, 13 ਜਨਵਰੀ (ਪੋਸਟ ਬਿਊਰੋ)- ਇਥੇ ਥਾਣਾ ਸਦਰ ਦੀ ਪੁਲਸ ਨੇ ਜਗਦੀਪ ਸਿੰਘ ਪੁੱਤਰ ਰਘਬੀਰ ਸਿੰਘ ਵਾਸੀ ਪਿੰਡ ਸਮਲਾ ਦੀ ਸ਼ਿਕਾਇਤ ਉੱਤੇ ਪਿੰਡ ਡਕੋਲੀ, ਡੇਰਾਬਸੀ ਦੇ ਬੀਰ ਸਿੰਘ, ਉਸ ਦੀ ਪਤਨੀ ਬਲਜੀਤ ਕੌਰ, ਬੇਟੇ ਕਾਲਾ ਸਿੰਘ ਅਤੇ ਬੇਟੀ ਮਨਪ੍ਰੀਤ ਕੌਰ ਦੇ ਖਿਲਾਫ ਠੱਗੀ ਦਾ ਮਾਮਲਾ ਦਰਜ ਕੀਤਾ ਹੈ।

ਪੁਲਸ ਅਧਿਕਾਰੀਆਂ ਦੇ ਦੱਸਣ ਅਨੁਸਾਰ ਜਗਦੀਪ ਸਿੰਘ ਦਾ ਵਿਆਹ 10 ਅਕਤੂਬਰ 2018 ਨੂੰ ਮਨਪ੍ਰੀਤ ਕੌਰ ਨਾਲ ਹੋਇਆ ਸੀ। ਉਸ ਤੋਂ 15 ਦਿਨਾਂ ਬਾਅਦ ਮਨਪ੍ਰੀਤ ਕੌਰ ਨੇ ਪਤੀ, ਸੱਸ ਅਤੇ ਸਹੁਰੇ ਨਾਲ ਕਲੇਸ਼ ਸ਼ੁਰੂ ਕਰ ਦਿੱਤਾ। ਫਿਰ ਝਗੜੇ ਤੋਂ ਬਾਅਦ 20 ਹਜ਼ਾਰ ਰੁਪਏ, ਕੱਪੜੇ, ਗਹਿਣੇ ਅਤੇ ਹੋਰ ਸਾਮਾਨ ਲੈ ਕੇ ਪੇਕੇ ਚਲੀ ਗਈ ਤੇ ਮਨਪ੍ਰੀਤ ਕੌਰ ਦਾ ਨਾਂ ਬਦਲ ਕੇ ਉਸ ਦੇ ਮਾਪਿਆਂ ਨੇ ਤਲਾਕ ਕਰਵਾਏ ਬਿਨਾਂ ਇਕ ਹੋਰ ਲੜਕੇ ਨਾਲ ਵਿਆਹ ਕਰ ਦਿੱਤਾ ਅਤੇ ਉਸ ਦੇ ਮਾਪਿਆਂ ਨੇ ਜਗਦੀਪ ਸਿੰਘ ਅਤੇ ਉਸ ਦੇ ਰਿਸ਼ਤੇਦਾਰਾਂ ਖਿਲਾਫ ਤੰਗ ਕਰਨ ਦੀ ਸ਼ਿਕਾਇਤ ਪੁਲਸ ਨੂੰ ਕਰ ਦਿੱਤੀ ਅਤੇ ਫਿਰ ਇਕ ਲੱਖ ਰੁਪਏ ਲੈ ਕੇ ਸਮਝੌਤਾ ਕਰ ਲਿਆ।

ਬਾਅਦ ਦੀ ਜਾਂਚ ਵਿੱਚ ਪਤਾ ਲੱਗਾ ਕਿ ਇਸ ਲੜਕੀ ਦਾ ਵੱਖ-ਵੱਖ ਲੜਕਿਆਂ ਨਾਲ ਪਹਿਲਾਂ ਵਿਆਹ ਕਰਵਾਇਆ ਜਾਂਦਾ ਤੇ ਫਿਰ ਤੰਗ ਕਰਨ ਦਾ ਦੋਸ਼ ਲਾ ਕੇ ਪੈਸੇ ਲੈ ਕੇ ਮਾਮਲਾ ਮੁਕਾਇਆ ਜਾਂਦਾ ਹੈ। ਇਸ ਤੋਂ ਬਾਅਦ ਕੇਸ ਦਰਜ ਕੀਤਾ ਗਿਆ ਹੈ। ਪੁਲਸ ਨੇ ਗ੍ਰਿਫ਼ਤਾਰੀ ਲਈ ਛਾਪੇਮਾਰੀ ਵੀ ਕੀਤੀ ਹੈ। ਸਥਾਨਕ ਡੀ ਐੱਸ ਪੀ ਅਨੁਸਾਰ ਮਾਪਿਆਂ ਨੇ ਲੜਕੀ ਦਾ ਨਾਂ ਬਦਲ ਕੇ ਉਸ ਦਾ 4 ਥਾਂ ਵਿਆਹ ਕੀਤਾ ਅਤੇ ਉਸ ਦੇ 2 ਲੜਕੇ ਵੀ ਹੋਏ ਹਨ। ਇਕ ਲੜਕਾ ਮਨਪ੍ਰੀਤ ਕੌਰ ਦੇ ਕੋਲ ਹੈ। ਦੂਜਾ ਪਹਿਲੀ ਥਾਂ ਵਾਲੇ ਸਹੁਰਿਆਂ ਨੇ ਰੱਖ ਲਿਆ ਸੀ। ਇਸ ਵਿਆਹ ਕਾਰਨ ਠੱਗਿਆ ਗਿਆ ਲੜਕਾ ਖੇਤੀ ਕਰਦਾ ਹੈ। ਪੀੜਤ ਜਗਦੀਪ ਸਿੰਘ (24 ਸਾਲ) ਨੇ ਦੱਸਿਆ ਕਿ ਮੇਰਾ ਪਹਿਲਾ ਵਿਆਹ ਪੇਧਨ ਪਿੰਡ ਵਿਚ ਹੋਇਆ ਸੀ। ਤਲਾਕ ਪਿੱਛੋਂ ਮੈਂ ਦੂਜਾ ਵਿਆਹ ਮਨਪ੍ਰੀਤ ਕੌਰ ਨਾਲ ਕਰਾਇਆ, ਜੋ ਜਾਅਲਸਾਜ਼ ਨਿਕਲੀ। ਉਸ ਔਰਤ ਦੇ ਚਾਰੇ ਵਿਆਹਾਂ ਦੇ ਸਬੂਤ ਪੁਲਸ ਨੂੰ ਦੇ ਦਿੱਤੇ ਹਨ। ਪੁਲਸ ਦੋਸ਼ੀਆਂ ਦੀ ਗ੍ਰਿਫਤਾਰੀ ਲਈ ਛਾਪੇਮਾਰੀ ਕਰ ਰਹੀ ਹੈ।

## ਨਸ਼ਾ ਤਸਕਰੀ ਵਿੱਚ ਪੰਜ ਪੁਲਸੀਏ ਦੋਸ਼ੀ ਕਰਾਰ

ਲੁਧਿਆਣਾ, 13 ਜਨਵਰੀ (ਪੋਸਟ ਬਿਊਰੋ)- ਸਥਾਨਕ ਅਦਾਲਤ ਨੇ ਨਸ਼ਾ ਤਸਕਰੀ ਦੇ ਮਾਮਲੇ ਵਿੱਚ ਨੌਜਵਾਨ ਨੂੰ ਝੂਠਾ ਫਸਾਉਣ ਵਾਲੇ ਪੰਜ ਪੁਲਸ ਮੁਲਾਜ਼ਮਾਂ ਨੂੰ ਦੋਸ਼ੀ ਕਰਾਰ ਦਿੱਤਾ ਹੈ। ਅਦਾਲਤ ਨੇ ਜਿਨ੍ਹਾਂ ਪੁਲਸ ਮੁਲਾਜ਼ਮਾਂ ਨੂੰ ਦੋਸ਼ੀ ਕਰਾਰ ਦਿੱਤਾ ਹੈ, ਉਨ੍ਹਾਂ ਵਿੱਚ ਡੀ ਐਸ ਪੀ ਕੰਵਰਪਾਲ ਸਿੰਘ, ਏ ਐਸ ਆਈ ਗੁਰਮੀਤ ਸਿੰਘ, ਰਾਮ ਜੀ ਦਾਸ, ਮਨਜਿੰਦਰ ਸਿੰਘ, ਹੈਡ ਕਾਂਸਟੇਬਲ ਭਗਤ ਸਿੰਘ ਸ਼ਾਮਲ ਹਨ। ਅਦਾਲਤ ਨੇ ਇਨ੍ਹਾਂ ਖ਼ਿਲਾਫ਼ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤੇ ਤੇ ਪੁਲਸ ਕਮਿਸ਼ਨਰ ਰਾਹੀਂ ਇਨ੍ਹਾਂ ਨੂੰ 31 ਜਨਵਰੀ ਤੱਕ ਗ੍ਰਿਫ਼ਤਾਰ ਕਰਕੇ ਅਦਾਲਤ ਵਿੱਚ ਪੇਸ਼ ਕਰਨ ਦੇ ਹੁਕਮ ਦਿੱਤੇ ਹਨ। ਪਤਾ ਲੱਗਾ ਹੈ ਕਿ ਪੁਲਸ ਨੇ ਪੰਜ ਜੂਨ 2018 ਨੂੰ ਬਲਜੀਤ ਸਿੰਘ ਵਾਸੀ ਸਿੱਧਵਾਂ ਬੇਟ ਨੂੰ ਗ੍ਰਿਫ਼ਤਾਰ ਕਰ ਕੇ ਦਾਅਵਾ ਕੀਤਾ ਸੀ ਕਿ ਉਹ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਦਾ ਹੈ। ਸੂਚਨਾ ਮਿਲਣ ਉਤੇ ਜਦੋਂ ਪੁਲਸ ਵਾਲੇ ਬਲਜੀਤ ਸਿੰਘ ਦੇ ਘਰ ਗਏ ਤਾਂ ਬਲਜੀਤ ਸਿੰਘ ਫਰਾਰ ਹੋ ਗਿਆ, ਪਰ ਅਗਲੇ ਦਿਨ ਛੇ ਜੁਲਾਈ ਨੂੰ ਪੁਲਸ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਉਸ ਤੋਂ 208 ਗ੍ਰਾਮ ਨਸ਼ੀਲਾ ਪਦਾਰਥ ਬਰਾਮਦ ਹੋਣ ਦਾ ਦਾਅਵਾ ਕੀਤਾ ਸੀ। ਅਦਾਲਤ ਵਿੱਚ ਸਰਕਾਰੀ ਵਕੀਲ ਇਨ੍ਹਾਂ ਦੋਸ਼ਾਂ ਨੂੰ ਸਾਬਤ ਕਰਨ ਵਿੱਚ ਅਸਫ਼ਲ ਰਹੇ। ਇਸ ਪਿੱਛੋਂ ਅਦਾਲਤ ਨੇ ਫੈਸਲਾ ਦਿੱਤਾ ਕਿ ਪੁਲਸ ਨੇ ਉਸ ਨੌਜਵਾਨ ਨੂੰ ਸਾਜਿਸ਼ ਤਹਿਤ ਝੂਠਾ ਫਸਾਇਆ ਸੀ।

## ਚੌਕੀ ਇੰਚਾਰਜ ਅਤੇ ਦਲਾਲ 11000 ਰਿਸ਼ਵਤ ਲੈਂਦੇ ਕਾਬੂ

ਬਠਿੰਡਾ, 13 ਜਨਵਰੀ (ਪੋਸਟ ਬਿਊਰੋ)- ਵਿਜੀਲੈਂਸ ਬਿਊਰੋ ਦੀ ਟੀਮ ਨੇ ਭੁੱਚੋ ਮੰਡੀ ਥਾਣਾ ਦੇ ਚੌਕੀ ਇੰਚਾਰਜ ਅਤੇ ਇੱਕ ਦਲਾਲ ਨੂੰ ਕੋਰਟ ਵਿੱਚ ਵਾਹਨ ਸਪੁਰਦਗੀ ਦੀ ਰਿਪੋਰਟ ਦੇਣ ਦੇ ਬਦਲੇ 11000 ਰੁਪਏ ਦੀ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਕਾਬੂ ਕੀਤਾ ਹੈ। ਇਸ ਸੰਬੰਧ ਵਿੱਚ ਕੇਸ ਦਰਜ ਕੀਤਾ ਗਿਆ ਹੈ।

ਐੱਸ ਐੱਸ ਪੀ ਵਿਜੀਲੈਂਸ ਵਿਭਾਗ ਵਰਿੰਦਰ ਸਿੰਘ ਬਰਾੜ ਨੂੰ ਜਗਜੀਤ ਸਿੰਘ ਵਾਸੀ ਤੁੰਗਵਾਲੀ ਜ਼ਿਲਾ ਬਠਿੰਡਾ ਨੇ ਸ਼ਿਕਾਇਤ ਦਿੱਤੀ ਸੀ ਕਿ ਉਸ ਦਾ ਮੋਟਰ ਸਾਈਕਲ ਥਾਣਾ ਨਥਾਣਾ ਪੁਲਸ ਦੇ ਕਬਜ਼ੇ ਵਿੱਚ ਸੀ। ਇਸ ਦੀ ਕੋਰਟ ਵਿੱਚ ਸੁਣਵਾਈ ਚੱਲ ਰਹੀ ਸੀ। ਜਗਜੀਤ ਸਿੰਘ ਨੇ ਮੋਟਰ ਸਾਈਕਲ ਪੁਲਸ ਦੇ ਕਬਜ਼ੇ 'ਚੋਂ ਰਿਲੀਜ਼ ਕਰਾਉਣ ਲਈ ਅਦਾਲਤ ਵਿੱਚ ਅਰਜ਼ੀ ਲਾਈ ਸੀ। ਅਦਾਲਤ ਨੇ ਇਸ ਬਾਰੇ ਪੁਲਸ ਰਿਪੋਰਟ ਦੇਣ ਲਈ ਕਿਹਾ ਸੀ। ਇਸ ਸੰਬੰਧ ਵਿੱਚ ਸ਼ਿਕਾਇਤ ਕਰਤਾ ਨੇ ਚੌਕੀ ਭੁੱਚੋ ਵਿੱਚ ਅਰਜ਼ੀ ਦਿੱਤੀ ਤਾਂ ਇਸ ਕੇਸ ਨੂੰ ਪੁਲਸ ਵੱਲੋਂ ਜਾਣਬੁੱਝ ਕੇ ਲਟਕਾਇਆ ਜਾਂਦਾ ਰਿਹਾ। ਫਿਰ ਉਸ ਨੂੰ ਇੱਕ ਪ੍ਰਾਈਵੇਟ ਦਲਾਲ ਰਾਮਜੀ ਲਾਲ ਵਾਸੀ ਭੁੱਚੋ ਮੰਡੀ ਮਿਲਿਆ। ਉਸ ਨੇ ਕਿਹਾ ਕਿ ਉਹ ਥਾਣਾ ਭੁੱਚੋ ਦੇ ਮੁਖੀ ਤੋਂ ਇਸ ਦੀ ਰਿਪੋਰਟ ਜਲਦੀ ਬਣਵਾ ਦੇਵੇਗਾ ਅਤੇ ਉਸ ਦਾ ਮੋਟਰ ਸਾਈਕਲ ਕੋਰਟ ਵਿੱਚ 13 ਜਨਵਰੀ ਨੂੰ ਹੋਣ ਵਾਲੀ ਸੁਣਵਾਈ ਤੋਂ ਪਹਿਲਾਂ ਰਿਲੀਜ਼ ਕਰਵਾ ਦੇਵੇਗਾ। ਇਸ ਕੰਮ ਲਈ ਉਸ ਨੇ 15000 ਰੁਪਏ ਥਾਣਾ ਇੰਚਾਰਜ ਲਈ ਮੰਗੇ, ਜਦ ਕਿ ਆਪਣੇ ਲਈ ਵੱਖਰੇ ਇੱਕ ਹਜ਼ਾਰ ਰੁਪਏ ਦੀ ਮੰਗ ਰੱਖੀ। ਗੱਲਬਾਤ ਦੇ ਬਾਅਦ ਮਾਮਲਾ 10000 ਰੁਪਏ ਥਾਣਾ ਇੰਚਾਰਜ ਤੇ ਇੱਕ ਹਜ਼ਾਰ ਰੁਪਏ ਦਲਾਲ ਨੂੰ ਦੇਣਾ ਤੈਅ ਹੋ ਗਿਆ। ਵਿਜੀਲੈਂਸ ਟੀਮ ਨੇ ਟਰੈਕ ਲਾਇਆ ਅਤੇ ਮੁਲਜ਼ਿਮ ਨੂੰ ਗ੍ਰਿਫਤਾਰ ਕਰ ਲਿਆ।

## ਦੋ ਕੇਸਾਂ ਵਿੱਚ ਟਰੱਸਟ ਦੇ ਚੇਅਰਮੈਨ ਦੇ ਦੁਬਾਰਾ ਗ੍ਰਿਫ਼ਤਾਰੀ ਵਾਰੰਟ ਜਾਰੀ

ਜਲੰਧਰ, 13 ਜਨਵਰੀ (ਪੋਸਟ ਬਿਊਰੋ)- ਜ਼ਿਲ੍ਹਾ ਖਪਤਕਾਰ ਫੋਰਮ ਨੇ ਇਕ ਵਾਰ ਫਿਰ ਇੰਪਰੂਵਮੈਂਟ ਟਰੱਸਟ ਜਲੰਧਰ ਦੇ ਚੇਅਰਮੈਨ ਦਲਜੀਤ ਸਿੰਘ ਆਹਲੂਵਾਲੀਆਂ ਦੇ ਖਿਲਾਫ ਦੋ ਵੱਖ-ਵੱਖ ਕੇਸਾਂ ਵਿੱਚ 10 ਫਰਵਰੀ ਤੱਕ ਲਈ ਗ੍ਰਿਫ਼ਤਾਰੀ ਵਾਰੰਟ ਜਾਰੀ ਕਰ ਦਿੱਤੇ ਹਨ। ਇਹ ਟਰੱਸਟ ਅਜਿਹੇ ਕੇਸਾਂ ਕਰ ਕੇ ਚਰਚਾ ਵਿੱਚ ਰਹਿੰਦਾ ਹੈ।

ਤਾਜ਼ਾ ਕੇਸਾਂ ਵਿੱਚੋਂ ਇੱਕ ਕੇਸ ਜੀ ਜੀ ਐਸ ਐਵਿਨਿਊ ਦਾ ਹੈ ਜਿਸ ਵਿੱਚ ਅਲਾਟੀ ਸਵਰਗੀ ਡੀ ਡੀ ਜੋਤੀ ਨੂੰ ਐਲ ਡੀ ਪੀ ਕੋਟੇ ਵਿੱਚ ਦੋ ਪਲਾਟ ਅਲਾਟ ਹੋਏ ਸਨ। ਦਸੰਬਰ 2009 'ਚ ਪਹਿਲੀ ਕਿਸ਼ਤ 1,51,125 ਜਮਾਂ ਕਰਵਾਉਣ ਦੇ ਬਾਵਜੂਦ ਉਨ੍ਹਾਂ ਨੂੰ ਪਲਾਟਾਂ ਦਾ ਕਬਜ਼ਾ ਇਹ ਕਹਿ ਕੇ ਨਹੀਂ ਦਿੱਤਾ ਗਿਆ ਕਿ ਅਜੇ ਇਨ੍ਹਾਂ ਪਲਾਟਾਂ ਦੀ ਜਾਂਚ ਚੱਲ ਰਹੀ ਹੈ। ਉਨ੍ਹਾਂ ਤੋਂ ਬਾਅਦ ਉਨ੍ਹਾਂ ਦੇ



ਲੜਕੇ ਵਿਕਰਮ ਜੋਤੀ ਨੇ 1 ਜਨਵਰੀ 2017 ਵਿੱਚ ਜ਼ਿਲ੍ਹਾ ਖਪਤਕਾਰ ਫੋਰਮ ਵਿੱਚ ਕੇਸ ਕੀਤਾ ਸੀ। ਜ਼ਿਲ੍ਹਾ ਖਪਤਕਾਰ ਫੋਰਮ ਦੇ ਆਦੇਸ਼ ਮੁਤਾਬਕ ਉਨ੍ਹਾਂ ਨੂੰ ਮੁਆਵਜ਼ਾ, ਕਾਨੂੰਨੀ ਖਰਚਾ ਤੇ ਦੋ ਪਲਾਟ ਨਾ ਦੇਣ 'ਤੇ ਉਨ੍ਹਾਂ ਦੀ ਦੁਬਾਰਾ ਪਾਈ ਅਰਜ਼ੀ 'ਤੇ ਜ਼ਿਲ੍ਹਾ ਖਪਤਕਾਰ ਫੋਰਮ ਨੇ 10 ਜਨਵਰੀ ਤੱਕ ਹੁਕਮਾਂ ਦੀ ਪਾਲਣਾ ਕਰਦੇ ਹੋਏ ਚੇਅਰਮੈਨ ਦੀ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤੇ ਹਨ।

ਦੂਜਾ ਮਾਮਲਾ ਪ੍ਰੇਮ ਵਾਲੀਆ ਪਤਨੀ ਮਦਨ ਗੋਪਾਲ ਵਾਲੀਆਂ ਅਰਬਨ ਅਸਟੇਟ ਵਾਸੀ ਦਾ ਹੈ, ਜਿਨ੍ਹਾਂ ਨੂੰ ਸੂਰੀਆ ਐਨਕਲੇਵ ਐਕਸਟੈਨਸ਼ਨ ਵਿੱਚ 152 ਸੀ ਵਿੱਚ 100 ਗਜ ਦਾ ਪਲਾਟ ਮਿਲਿਆ ਸੀ। ਉਨ੍ਹਾਂ ਨੇ ਇਸ ਦੀ 21,56,125 ਰੁਪਏ ਰਕਮ ਜਮਾਂ ਕਰਵਾ ਦਿੱਤੀ ਸੀ। ਪਲਾਟ ਨਾ ਮਿਲਣ 'ਤੇ ਉਹ ਵੀ ਜ਼ਿਲ੍ਹਾ ਖਪਤਕਾਰ ਫੋਰਮ ਵਿੱਚ ਚਲੇ ਗਏ। ਫੋਰਮ ਦੇ 8 ਜੁਲਾਈ 2019 ਨੂੰ ਜਾਰੀ ਆਦੇਸ਼ 'ਚ ਸਾਰੀਆਂ ਸਹੂਲਤਾਂ ਨਾਲ ਫਲੈਟ, ਮੁਆਵਜ਼ਾ, ਕਾਨੂੰਨੀ ਖਰਚਾ ਦੋ ਮਹੀਨੇ ਵਿੱਚ ਦੇਣ ਲਈ ਕਿਹਾ ਸੀ ਪਰ ਇਸ 'ਤੇ ਅਮਲ ਨਾ ਕਰਨ ਤੋਂ ਬਾਅਦ ਫੋਰਮ ਨੇ 10 ਫਰਵਰੀ ਤੱਕ ਆਦੇਸ਼ 'ਤੇ ਅਮਲ ਨਾ ਕਰਨ 'ਤੇ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤੇ ਹਨ।

## 25 ਹਜ਼ਾਰ ਦੇ ਚਲਾਣ 'ਤੇ ਡਰਾਈਵਰ ਨੇ ਕਿਹਾ, ਆਟੋ ਹੀ ਰੱਖ ਲਓ

ਜਲੰਧਰ, 13 ਜਨਵਰੀ (ਪੋਸਟ ਬਿਊਰੋ)- ਬਸ ਸਟੈਂਡ ਨੇੜੇ ਕੱਲ੍ਹ ਦੁਪਹਿਰ ਟਰੈਫਿਕ ਪੁਲਸ ਦੇ ਇੰਸਪੈਕਟਰ ਰਮੇਸ਼ ਲਾਲ ਨੇ ਬਿਨਾਂ ਪਰਮਿਟ ਤੇ ਓਵਰਲੋਡਿੰਗ ਕਰਨ ਵਾਲੇ ਆਟੋ ਦੇ ਚਲਾਨ ਕੱਟੇ। ਇੱਕ ਆਟੋ ਦਾ 25 ਹਜ਼ਾਰ ਦਾ ਚਲਾਨ ਕੱਟਿਆ ਗਿਆ। ਆਟੋ ਚਾਲਕ ਨੇ ਪੁੱਛਿਆ ਕਿ ਕਿੰਨੇ ਦਾ ਚਲਾਨ ਹੋਵੇਗਾ। ਇੰਸਪੈਕਟਰ ਨੇ ਕਿਹਾ: 25 ਹਜ਼ਾਰ ਦਾ ਚਲਾਨ ਭੁਗਤਣਾ ਹੋਵੇਗਾ। ਇੰਨਾ ਜੁਰਮਾਨਾ ਸੁਣਦੇ ਹੀ ਆਟੋ ਚਾਲਕ ਰਮੇਸ਼ ਲਾਲ ਦਾ ਸਿਰ ਚਕਰਾ ਗਿਆ। ਉਸ ਨੇ ਕਿਹਾ, ਤੁਸੀਂ ਆਟੋ ਰੱਖ ਲਓ। ਮੇਰੇ ਕੋਲੋਂ ਇੰਨਾ ਜੁਰਮਾਨਾ ਨਹੀਂ ਦਿੱਤਾ ਜਾਏਗਾ।

ਵਰਨਣ ਯੋਗ ਹੈ ਕਿ ਅੱਜ ਕੱਲ੍ਹ ਟਰੈਫਿਕ ਪੁਲਸ ਵੱਲੋਂ ਆਟੋ ਚਾਲਕਾਂ ਉੱਤੇ ਨਕੇਲ ਕੱਸਣ ਦੇ ਲਈ 20 ਦਿਨ ਤੋਂ ਮੁਹਿੰਮ ਚਲਾਈ ਜਾ ਰਹੀ ਹੈ ਅਤੇ





ਰੋਜ਼ 10-15 ਆਟੋ ਦੇ ਚਲਾਨ ਅਤੇ ਇੰਪਾਊਂਡ ਕੀਤੇ ਜਾ ਰਹੇ ਹਨ। ਪੁਲਸ ਦਾ ਕਹਿਣਾ ਹੈ ਕਿ ਆਟੋ ਪਲਿਊਸ਼ਨ ਅਤੇ ਜਾਮ ਦਾ ਕਾਰਨ ਬਣਦੇ ਹਨ। ਇੰਸਪੈਕਟਰ ਰਮੇਸ਼ ਲਾਲ ਨੇ ਦੱਸਿਆ ਕਿ ਡੀ ਸੀ ਪੀ ਨਰੇਸ਼ ਡੋਗਰਾ ਅਤੇ ਏ ਡੀ ਸੀ ਪੀ ਗਗਨੇਸ਼ ਕੁਮਾਰ ਦੇ ਹੁਕਮ 'ਤੇ ਟਰੈਫਿਕ ਵਿਵਸਥਾ ਸੁਧਾਰਨ ਲਈ ਆਟੋ ਦੇ ਚਲਾਨ ਕੱਟੇ ਜਾ ਰਹੇ ਹਨ। ਰੋਜ਼ 10-15 ਆਟੋ ਦੇ ਚਲਾਨ ਅਤੇ ਇੰਪਾਊਂਡ ਕੀਤੇ ਜਾਂਦੇ ਹਨ। ਇੱਕ ਹਫਤੇ ਵਿੱਚ 100 ਦੇ ਕਰੀਬ ਆਟੋ ਨੂੰ ਇੰਪਾਊਂਡ ਕੀਤਾ ਜਾ ਚੁੱਕਾ ਹੈ। ਜਿਸ ਆਟੋ ਚਾਲਕ ਦਾ 25 ਹਜ਼ਾਰ ਰੁਪਏ ਦਾ ਚਲਾਨ ਹੋਇਆ, ਉਸ ਦਾ ਆਟੋ ਵੀ ਪੁਲਸ ਲਾਈਨ ਵਿੱਚ ਜਮ੍ਹਾ ਕਰਵਾ ਦਿੱਤਾ ਗਿਆ ਹੈ। ਬਿਨਾਂ ਪਰਮਿਟ ਅਤੇ ਓਵਰਲੋਡਿੰਗ ਕਰਨ ਵਾਲੇ ਆਟੋ ਚਾਲਕ ਸੁਧਾਰ ਕਰਨ ਲੱਗੇ ਹਨ। ਓਵਰਲੋਡਿੰਗ ਨਾਲ ਹਾਦਸੇ ਦਾ ਡਰ ਰਹਿੰਦਾ ਹੈ। ਜਿੰਨੇ ਵੀ ਆਟੋ ਇੰਪਾਊਂਡ ਕੀਤੇ ਗਏ ਹਨ, ਉਨ੍ਹਾਂ ਨੂੰ ਨਵੇਂ ਮੋਟਰ ਵਹੀਕਲ ਐਕਟ ਦੇ ਤਹਿਤ ਜੁਰਮਾਨਾ ਲਾਇਆ ਜਾਏਗਾ।


## ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੋਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ

ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com

647-739-4641
346-714-0224



## ਦੋ ਸੌ ਸਿੱਖਿਆ ਮਾਹਰਾਂ ਨੇ ਹੁੱਲੜਬਾਜ਼ੀ ਲਈ ਖੱਬੇ ਪੱਖੀ ਜ਼ਿੰਮੇਵਾਰ ਠਹਿਰਾਏ

ਨਵੀਂ ਦਿੱਲੀ, 13 ਜਨਵਰੀ (ਪੋਸਟ ਬਿਊਰੋ)- ਭਾਰਤ ਦੇ 200 ਤੋਂ ਜ਼ਿਆਦਾ ਸਿੱਖਿਆ ਮਾਹਿਰਾਂ ਨੇ ਕੱਲ੍ਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਦੇਸ਼ 'ਚ ਵਿਗੜਦੇ ਅਕਾਦਮਿਕ ਮਾਹੌਲ ਲਈ ਖੱਬੇ ਪੱਖੀ ਵਰਕਰਾਂ ਦੇ ਇੱਕ ਛੋਟੇ ਗਰੁੱਪ ਦੀਆਂ ਸਰਗਰਮੀਆਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਪੱਤਰ ਲਿਖਣ ਵਾਲਿਆਂ ਵਿੱਚ ਕਈ ਯੂਨੀਵਰਸਿਟੀਆਂ ਦੇ ਚਾਂਸਲਰ ਵੀ ਸ਼ਾਮਲ ਹਨ। ਇਨ੍ਹਾਂ ਸਿੱਖਿਆ ਮਾਹਿਰਾਂ ਨੇ ਮੋਦੀ ਨੂੰ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ (ਜੇ ਐਨ ਯੂ) ਸਮੇਤ ਦੇਸ਼ ਭਰ ਦੀਆਂ ਵੱਖ-ਵੱਖ ਸਿੱਖਿਆ ਸੰਸਥਾਵਾਂ ਵਿੱਚ ਹੋ ਰਹੇ ਵਿਰੋਧ ਪ੍ਰਦਰਸ਼ਨਾਂ 'ਚ ਦਖ਼ਲ ਦੇਣ ਦੀ ਅਪੀਲ ਕੀਤੀ ਹੈ ਤਾਂ ਜੋ ਛੇਤੀ ਤੋਂ ਛੇਤੀ ਕੈਂਪਸ ਵਿੱਚ ਸ਼ਾਂਤਮਈ ਮਾਹੌਲ ਬਹਾਲ ਹੋ ਸਕੇ।

ਪ੍ਰਧਾਨ ਮੰਤਰੀ ਨੂੰ ਲਿਖੇ ਪੱਤਰ ਵਿੱਚ ਇਨ੍ਹਾਂ ਸਿੱਖਿਆ ਮਾਹਰਾਂ ਨੇ ਕਿਹਾ ਹੈ: 'ਸਾਡਾ ਮੰਨਣਾ ਹੈ ਕਿ ਵਿਦਿਆਰਥੀ ਰਾਜਨੀਤੀ ਦੇ ਨਾਂ ਉੱਤੇ ਇੱਕ ਵਿਨਾਸ਼ਕਾਰੀ ਧੁਰ ਖੱਬੇ ਪੱਖੀ ਏਜੰਡੇ ਨੂੰ ਅੱਗੇ ਵਧਾਇਆ ਜਾ ਰਿਹਾ ਹੈ ਅਤੇ ਜੇ ਐਨ ਯੂ ਤੋਂ ਲੈ ਕੇ ਜਾਮੀਆਂ ਤੱਕ, ਏ ਐਮ ਯੂ ਤੋਂ ਲੈ ਕੇ ਜਾਧਵਪੁਰ ਯੂਨੀਵਰਸਿਟੀ ਤੱਕ ਕੰਪਲੈਕਸਾਂ 'ਚ ਪਿਛਲੇ ਦਿਨੀਂ ਵਾਪਰੀਆਂ ਘਟਨਾਵਾਂ ਸਾਨੂੰ ਖੱਬੇ ਪੱਖੀ ਵਰਕਰਾਂ ਦੇ ਛੋਟੇ ਤੋਂ ਛੋਟੇ ਗਰੁੱਪ ਦੀ ਸ਼ਰਾਰਤ ਦੇ ਕਾਰਨ ਬਦਤਰ ਹੁੰਦੇ ਅਕਾਦਮਿਕ ਮਾਹੌਲ ਪ੍ਰਤੀ ਸਾਵਧਾਨ ਕਰਦੀਆਂ ਹਨ।' ਖੱਬੇ ਪੱਖੀ ਵੱਲ ਝੁਕਾਅ ਰੱਖਣ ਵਾਲੇ ਗਰੁੱਪਾਂ ਨੂੰ ਦੀ ਸਖ਼ਤ ਆਲੋਚਨਾ ਕਰਦਿਆਂ ਇਨ੍ਹਾ ਸਿੱਖਿਆ ਮਾਹਰਾਂ ਨੇ ਕਿਹਾ ਹੈ ਕਿ ਖੱਬੇ ਪੱਖੀ ਸਿਆਸਤ ਵੱਲੋਂ ਥੋਪੀ ਗਈ ਸੈਂਸਰਸ਼ਿਪ ਦੇ ਕਾਰਨ ਜਨ ਸੰਵਾਦ ਕਰਨਾ ਜਾਂ ਆਜ਼ਾਦ ਰੂਪ 'ਚ ਬੋਲਣਾ ਮੁਸ਼ਕਲ ਹੋ ਗਿਆ ਹੈ। ਖੱਬੇ ਪੱਖੀਆਂ ਦੀ ਗੜ੍ਹਾਂ ਵਿੱਚ ਹੜਤਾਲ, ਧਰਨਾ ਅਤੇ ਬੰਦ ਆਮ ਗੱਲ ਹੋ ਗਈ ਹੈ। ਇਸ ਪੱਤਰ ਵਿੱਚ ਕਿਹਾ ਗਿਆ ਹੈ ਕਿ ਖੱਬੇ ਪੱਖੀ ਵਿਚਾਰਧਾਰਾ ਅਨੁਸਾਰ ਨਾ ਹੋਣ ਉਤੇ ਲੋਕਾਂ ਨੂੰ ਨਿੱਜੀ ਰੂਪ 'ਚ ਨਿਸ਼ਾਨਾ ਬਣਾਉਣ, ਜਨਤਕ ਚਿੱਕੜ ਉਛਾਲੀ ਤੇ ਤੰਗ ਕਰਨ ਦੀਆਂ ਘਟਨਾਵਾਂ ਵੱਧੀਆਂ ਹਨ। ਇਸ ਤਰ੍ਹਾਂ ਸਿਆਸਤ ਨਾਲ ਸਭ ਤੋਂ ਬੁਰੀ ਤਰ੍ਹਾਂ ਗ਼ਰੀਬ ਤੇ ਹਾਸ਼ੀਏ 'ਤੇ ਮੌਜੂਦ ਭਾਈਚਾਰਿਆਂ ਦੇ ਵਿਦਿਆਰਥੀ ਪ੍ਰਭਾਵਿਤ ਹੋ ਰਹੇ ਹਨ। ਇਸ ਵਿੱਚ ਕਿਹਾ ਗਿਆ ਹੈ, 'ਇਹ ਵਿਦਿਆਰਥੀ ਸਿੱਖਣ ਅਤੇ ਆਪਣੇ ਲਈ ਬਿਹਤਰ ਭਵਿੱਖ ਬਣਾਉਣ ਦਾ ਮੌਕਾ ਗੁਆ ਦੇਣਗੇ।

## ਜੰਮੂ-ਕਸ਼ਮੀਰ ਦੇ ਡੀ ਐਸ ਪੀ ਅਤੇ ਅੱਤਵਾਦੀਆਂ ਵਿਚਕਾਰ 12 ਲੱਖ ਦੀ ਡੀਲ ਹੋਈ ਨਿਕਲੀ

ਸ੍ਰੀਨਗਰ, 13 ਜਨਵਰੀ (ਪੋਸਟ ਬਿਊਰੋ)- ਜੰਮੂ-ਕਸ਼ਮੀਰ 'ਚ ਕੁਲਗਾਮ ਦੋ ਅੱਤਵਾਦੀਆਂ ਨਾਲ ਫੜੇ ਗਏ ਡੀ ਐਸ ਪੀ ਦਵਿੰਦਰ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਮੁੱਢਲੀ ਪੁੱਛਗਿੱਛ 'ਚ ਪਤਾ ਲੱਗਾ ਹੈ ਕਿ ਡੀ ਐਸ ਪੀ ਦੀ ਕਾਰ ਵਿੱਚ ਸਵਾਰ ਦੋਵਾਂ ਅੱਤਵਾਦੀਆਂ ਨਾਲ 12 ਲੱਖ ਰੁਪਏ ਦਾ ਸੌਦਾ ਹੋਇਆ ਹੋਈ ਸੀ, ਜਿਸ ਦੇ ਬਦਲੇ ਉਹ ਉਨ੍ਹਾਂ ਅੱਤਵਾਦੀਆਂ ਨੂੰ ਚੰਡੀਗੜ੍ਹ ਸੁਰੱਖਿਅਤ ਲਿਜਾਣ ਵਾਲਾ ਸੀ। ਏਹੀ ਨਹੀਂ, ਇਹ ਕੰਮ ਕਰਨ ਲਈ ਡੀ ਐੱਸ ਪੀ ਨੇ ਬਕਾਇਦਾ ਚਾਰ ਦਿਨਾਂ ਦੀ ਛੁੱਟੀ ਵੀ ਲਈ ਸੀ। ਜੰਮੂ-ਕਸ਼ਮੀਰ ਪੁਲਸ ਤੇ ਅੱਤਵਾਦੀਆਂ ਵਿਚਾਲੇ ਗਠਜੋੜ ਨਾਲ ਸੁਰੱਖਿਆ ਏਜੰਸੀਆਂ ਵੀ ਚਕਰਾ ਗਈਆਂ ਹਨ ਅਤੇ ਇਸ ਸੂਰਤ 'ਚ ਇਨ੍ਹਾਂ ਦੀ ਗੰਢਤੁਪ ਦੀਆਂ ਪਰਤਾਂ ਖੋਲ੍ਹਣ ਦੀ ਜ਼ਿਮੇਵਾਰੀ ਅੱਗੋਂ ਆਈ ਬੀ ਅਤੇ ਰਾਅ ਵਰਗੀਆਂ ਕੇਂਦਰੀ ਏਜੰਸੀਆਂ ਨੂੰ ਸੌਂਪ ਦਿੱਤੀ ਗਈ ਦੱਸੀ ਜਾਂਦੀ ਹੈ। ਜਾਣਕਾਰ ਸੂਤਰਾਂ ਮੁਤਾਬਕ ਖਤਰਨਾਕ ਅੱਤਵਾਦੀਆਂ ਲਈ ਹਥਿਆਰਾਂ ਦੀ ਡੀਲ ਕਰਵਾਉਣ ਦਾ



ਜ਼ਿੰਮਾ ਇਸ ਡੀ ਐਸ ਪੀ ਕੋਲ ਸੀ। ਅਜੇ ਇਸ ਬਾਰੇ ਸੁਰੱਖਿਆ ਏਜੰਸੀਆਂ ਪੁੱਛਗਿੱਛ ਕਰ ਰਹੀਆਂ ਹਨ, ਜਿਸ ਵਿੱਚ ਵੱਡੇ ਖੁਲਾਸੇ ਵੀ ਹੋ ਸਕਦੇ ਹਨ। ਇਸ ਪੁੱਛਗਿੱਛ ਦੇ ਆਧਾਰ 'ਤੇ ਸੁਰੱਖਿਆ ਬਲਾਂ ਨੇ ਸ੍ਰੀਨਗਰ ਦੇ ਖਮਨੂ ਅਤੇ ਬਡਗਾਮ ਸਮੇਤ ਕਸ਼ਮੀਰ 'ਚ ਅੱਧਾ ਦਰਜਨ ਟਿਕਾਣਿਆਂ 'ਤੇ ਛਾਪੇਮਾਰੀ ਕੀਤੀ ਅਤੇ ਖ਼ਤਰਨਾਕ ਕੁਝ ਹਥਿਆਰ ਬਰਾਮਦ ਕੀਤੇ ਹਨ। ਜਾਂਚ ਏਜੰਸੀਆਂ ਅਜੇ ਇਸ ਸਬੰਧੀ ਕੁਝ ਵੀ ਦੱਸਣ ਤੋਂ ਬਚ ਰਹੀਆਂ ਹਨ। ਜਾਂਚ ਅਧਿਕਾਰੀਆਂ ਅਨੁਸਾਰ ਪੁੱਛਗਿੱਛ ਪੂਰੀ ਹੋਣ ਪਿੱਛੋਂ ਹੀ ਪੂਰੇ ਕੇਸ ਦਾ ਪਰਦਾ ਫ਼ਾਸ਼ ਕੀਤਾ ਜਾਵੇਗਾ। ਕੱਲ੍ਹ ਜੰਮੂ-ਕਸ਼ਮੀਰ ਪੁਲਸ ਦੇ ਆਈ ਜੀ ਵਿਜੈ ਕੁਮਾਰ ਨੇ ਕਿਹਾ ਕਿ ਡੀ ਐਸ ਪੀ ਦਵਿੰਦਰ ਸਿੰਘ ਨੇ ਘਿਨਾਉਣਾ ਅਪਰਾਧ ਕੀਤਾ ਹੈ। ਉਹ ਸ੍ਰੀਨਗਰ ਹਵਾਈ ਅੱਡੇ ਵਰਗੀ ਸੰਵੇਦਨਸ਼ੀਲ ਥਾਂ ਤਾਇਨਾਤ ਸੀ। ਕੱਲ੍ਹ ਤੱਕ ਇਸ ਦਾ ਅੰਦਾਜ਼ਾ ਵੀ ਨਹੀਂ ਸੀ ਕਿ ਉਹ ਅਜਿਹੇ ਕੰਮ ਵਿੱਚ ਸ਼ਾਮਲ ਹੋਵੇਗਾ। ਉਨ੍ਹਾਂ ਨੇ ਇਹ ਵੀ ਕਿਹਾ ਕਿ ਪੂਰੀ ਪੁਲਸ ਨੂੰ ਇਸ ਲਈ ਦੋਸ਼ੀ ਠਹਿਰਾਉਣਾ ਠੀਕ ਨਹੀਂ। ਜਾਣਕਾਰ ਸੂਤਰਾਂ ਦਾ ਕਹਿਣਾ ਹੈ ਕਿ ਨਵੀਦ ਨੇ ਰਵਾਨਾ ਹੋਣ ਤੋਂ ਪਹਿਲਾਂ ਆਪਣੇ ਭਰਾ ਨੂੰ ਫੋਨ ਕੀਤਾ ਸੀ ਅਤੇ ਉਹ ਫੋਨ ਪਹਿਲਾਂ ਸੁਰੱਖਿਆ ਏਜੰਸੀਆਂ ਨੇ ਸਰਵਿਲਾਂਸ ਉਤੇ ਲਾਇਆ ਹੋਇਆ ਸੀ। ਇਸ ਦੇ ਬਾਅਦ ਹੀ ਵਾਹਨ ਨੂੰ ਰੋਕਿਆ ਗਿਆ ਸੀ। ਦੱਸਿਆ ਜਾ ਰਿਹਾ ਹੈ ਕਿ ਨਵੀਦ ਤੇ ਉਸ ਦੇ ਸਾਥੀ ਦੇ ਹਥਿਆਰਾਂ ਦਾ ਸੌਦਾ ਸਾਂਬਾ ਵਿੱਚ ਹੋਣ ਵਾਲਾ ਸੀ। ਇਸ ਤੋਂ ਬਾਅਦ ਦੋਵੇਂ ਅੱਤਵਾਦੀ ਕੁਝ ਮਹੀਨੇ ਚੰਡੀਗੜ੍ਹ 'ਚ ਠਹਿਰਨ ਵਾਲੇ ਸਨ। ਅਫਸਰਾਂ ਅਨੁਸਾਰ ਉਨ੍ਹਾਂ ਤੋਂ ਪੁੱਛਗਿੱਛ ਦੇ ਆਧਾਰ 'ਤੇ ਉਨ੍ਹਾਂ ਦੇ ਮਨਸੂਬਿਆਂ ਦਾ ਪਤਾ ਲੱਗਾ ਸਕੇਗਾ।

### ਮੋਦੀ ਦਾ ਬੰਗਾਲ ਸਰਕਾਰ 'ਤੇ ਹਮਲਾ

## ਕੱਟ ਤੇ ਕਮਿਸ਼ਨ ਨਾ ਮਿਲਣ ਕਾਰਨ ਕੇਂਦਰੀ ਯੋਜਨਾਵਾਂ ਨੂੰ ਮਮਤਾ ਲਾਗੂ ਨਹੀਂ ਕਰਦੀ

ਕੋਲਕਾਤਾ, 13 ਜਨਵਰੀ (ਪੋਸਟ ਬਿਊਰੋ)- ਕੋਲਕਾਤਾ ਪੋਰਟ ਟਰੱਸਟ ਦੇ 150ਵੇਂ ਸਥਾਪਨਾ ਦਿਵਸ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੱਛਮੀ ਬੰਗਾਲ ਵਿੱਚ ਭ੍ਰਿਸ਼ਟਾਚਾਰ ਦਾ ਮੁੱਦਾ ਉਠਾਇਆ ਅਤੇ ਮਮਤਾ ਸਰਕਾਰ 'ਤੇ ਹਮਲਾ ਕਰਦਿਆਂ ਕਿਹਾ ਕਿ ਪੱਛਮੀ ਬੰਗਾਲ ਸਰਕਾਰ ਕੇਂਦਰ ਦੀਆਂ ਯੋਜਨਾਵਾਂ ਨੂੰ ਲਾਗੂ ਨਹੀਂ ਕਰਦੀ ਕਿਉਂਕਿ ਇਨ੍ਹਾਂ ਯੋਜਨਾਵਾਂ 'ਚ ਨਾ ਕੱਟ ਮਿਲਦਾ ਹੈ, ਨਾ ਕਮਿਸ਼ਨ ਅਤੇ ਨਾ ਸਿੰਡੀਕੇਟ ਕੰਮ ਕਰ ਸਕਦਾ ਹੈ।



ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਉਜਵਲਾ ਯੋਜਨਾ ਹੇਠ ਪੱਛਮੀ ਬੰਗਾਲ ਵਿੱਚ ਨੱਬੇ ਲੱਖ ਲੋਕਾਂ ਨੂੰ ਲਾਭ ਮਿਲਿਆ ਹੈ। ਇਨ੍ਹਾਂ ਵਿੱਚੋਂ 35 ਲੱਖ ਤੋਂ ਵੱਧ ਭੈਣਾਂ ਆਦਿਵਾਸੀ ਤੇ ਦਲਿਤ ਹਨ। ਨਰਿੰਦਰ ਮੋਦੀ ਨੇ ਨਵੇਂ ਨਾਗਰਿਕਤਾ ਸੋਧ ਕਾਨੂੰਨ ਦਾ ਮਜ਼ਬੂਤੀ ਨਾਲ ਬਚਾਅ ਕਰਦੇ ਹੋਏ ਕਿਹਾ ਕਿ ਇਸ 'ਤੇ ਪੈਦਾ ਹੋਏ ਵਿਵਾਦ ਨੇ ਦੁਨੀਆ ਨੂੰ ਪਾਕਿਸਤਾਨ ਦੇ ਦਮਨ ਦੀ ਹਕੀਕਤ ਦਿਖਾ ਦਿੱਤੀ ਹੈ। ਉਨ੍ਹਾਂ ਨੇ ਇਸ ਗੱਲ 'ਤੇ ਨਿਰਾਸ਼ਾ ਜ਼ਾਹਿਰ ਕੀਤੀ ਹੈ ਕਿ ਨਾਗਰਿਕਤਾ ਸੋਧ ਕਾਨੂੰਨ 'ਤੇ ਨੌਜਵਾਨਾਂ ਦੇ ਇੱਕ ਵਰਗ ਨੂੰ ਗੁੰਮਰਾਹ ਕੀਤਾ ਗਿਆ ਹੈ ਜਿਸ ਦਾ ਮਕਸਦ ਨਾਗਰਿਕਤਾ ਲੈਣਾ ਨਹੀਂ, ਸਗੋਂ ਨਾਗਰਿਕਤਾ ਦੇਣਾ ਹੈ। ਪ੍ਰਧਾਨ ਮੰਤਰੀ ਨੇ ਕਿਹਾ, ਇਹ ਕਾਨੂੰਨ ਕਿਸੇ ਦੀ ਨਾਗਰਿਕਤਾ ਖੋਹਣ ਬਾਰੇ ਨਹੀਂ, ਨਾਗਰਿਕਤਾ ਦੇਣ ਲਈ ਹੈ। ਅੱਜ ਕੌਮੀ ਯੂਥ ਦਿਵਸ ਉੱਤੇ ਮੈਂ ਪੱਛਮੀ ਬੰਗਾਲ, ਪੂਰਬ, ਉੱਤਰ ਦੇ ਨੌਜਵਾਨਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਨਾਗਰਿਕਤਾ ਦੇਣ ਲਈ ਰਾਤੋ-ਰਾਤ ਬਣਿਆ ਕਾਨੂੰਨ ਨਹੀਂ, ਸਾਨੂੰ ਸਭ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਦੁਨੀਆ ਦੇ ਕਿਸੇ ਵੀ ਦੇਸ਼ ਦਾ, ਕਿਸੇ ਵੀ ਧਰਮ ਦਾ ਵਿਅਕਤੀ ਜੋ ਭਾਰਤ ਤੇ ਉਸ ਦੇ ਸੰਵਿਧਾਨ ਵਿੱਚ ਯਕੀਨ ਰੱਖਦਾ ਹੈ, ਢੁੱਕਵੀਂ ਪ੍ਰਕਿਰਿਆ ਜ਼ਰੀਏ ਭਾਰਤੀ ਨਾਗਰਿਕਤਾ ਲਈ ਅਪਲਾਈ ਕਰ ਸਕਦਾ ਹੈ। ਇਸ ਵਿੱਚ ਕੋਈ ਸਮੱਸਿਆ ਨਹੀਂ। ਪੂਰਬ-ਉੱਤਰ ਦੇ ਲੋਕਾਂ ਦੀਆਂ ਚਿੰਤਾਵਾਂ ਸ਼ਾਂਤ ਕਰਨ ਦੀ ਕੋਸ਼ਿਸ਼ ਵਿੱਚ ਮੋਦੀ ਨੇ ਇਸ ਖੇਤਰ ਨੂੰ 'ਸਾਡਾ ਮਾਣ' ਦੱਸਿਆ। ਉਨ੍ਹਾ ਨੇ ਕਿਹਾ ਕਿ ਮਹਾਤਮਾ ਗਾਂਧੀ ਨੇ ਵੀ ਧਾਰਮਿਕ ਤੌਰ 'ਤੇ ਪ੍ਰੇਸ਼ਾਨ ਹੋਣ ਕਾਰਨ ਇਥੇ ਆਉਣ ਵਾਲੇ ਲੋਕਾਂ ਨੂੰ ਭਾਰਤੀ ਨਾਗਰਿਕਤਾ ਦੇਣ ਦਾ ਪੱਖ ਲਿਆ ਸੀ ਅਤੇ ਇਸ ਸਰਕਾਰ ਨੇ ਆਜ਼ਾਦੀ ਸੈਨਾਨੀਆਂ ਦੀਆਂ ਇੱਛਾਵਾਂ ਦੀ ਪੂਰਤੀ ਕੀਤੀ ਹੈ।

ਪੂਰਬ-ਉੱਤਰ ਵਿੱਚ ਨਵੇਂ ਕਾਨੂੰਨ ਦੇ ਵਿਰੋਧ ਵਿੱਚ ਪ੍ਰਦਰਸ਼ਨਾਂ ਦਾ ਹਵਾਲਾ ਦਿੰਦੇ ਹੋਏ ਮੋਦੀ ਨੇ ਇਲਾਕੇ ਦੇ ਲੋਕਾਂ ਦੀ ਵਿਸ਼ੇਸ਼ ਪਛਾਣ ਅਤੇ ਸਭਿਅਤਾ ਦੀ ਰਾਖੀ ਕਰਨ ਦੀ ਵਚਨਬੱਧਤਾ ਦੋਹਰਾਉਂਦਿਆਂ ਕਿਹਾ ਕਿ ਨਵਾਂ ਕਾਨੂੰਨ ਉਨ੍ਹਾਂ ਦੇ ਹਿੱਤ ਨੂੰ ਨੁਕਸਾਨ ਨਹੀਂ ਪੁਚਾਏਗਾ।

## ਦੋ ਦੋਸਤਾਂ ਨੇ ਆਪੋ ਆਪਣੀ ਪਤਨੀ ਨੂੰ ਮਾਰਨ ਦੀ ਯੋਜਨਾ ਵਿੱਚ ਇਕ-ਦੂਸਰੇ ਨਾਲ ਸਾਂਝ ਪਾਈ

ਜੈਪੁਰ, 13 ਜਨਵਰੀ (ਪੋਸਟ ਬਿਊਰੋ)- ਆਪਣੀ ਪਤਨੀ ਤੇ 21 ਮਹੀਨੇ ਦੇ ਪੁੱਤਰ ਦੇ ਕਤਲ ਦਾ ਦੋਸ਼ੀ ਅਤੇ ਜੈਪੁਰ ਏਅਰਪੋਰਟ ਦੇ ਇੰਡੀਅਨ ਆਇਲ ਦਾ ਮੈਨੇਜਰ ਰੋਹਿਤ ਤਿਵਾੜੀ ਦਸ ਦਿਨਾਂ ਤੋਂ ਇਨ੍ਹਾਂ ਦੋਵਾਂ ਨੂੰ ਮਾਰਨ ਦੀ ਯੋਜਨਾ ਬਣਾ ਰਹਾ ਸੀ। ਇਕ ਜਨਵਰੀ ਨੂੰ ਰੋਹਿਤ ਤਿਵਾੜੀ ਨੇ ਪਤਨੀ ਅਤੇ ਬੇਟੇ ਦੀ ਹੱਤਿਆ ਕਰਨ ਲਈ ਦੋਸ਼ੀ ਸੌਰਭ ਨੂੰ 20 ਹਜ਼ਾਰ ਰੁਪਏ ਦੇਣ ਦੇ ਨਾਲ ਉਸ ਦੀ ਪਤਨੀ ਦੀ ਹੱਤਿਆ ਲਈ ਸਹਿਯੋਗ ਕਰਨ ਦਾ ਵਾਅਦਾ ਕੀਤਾ ਸੀ।

ਪਤਾ ਲੱਗਾ ਹੈ ਕਿ ਰੋਹਿਤ ਤਿਵਾੜੀ ਵਾਂਗ ਸੌਰਭ ਦਾ ਵੀ ਆਪਣੀ ਪਤਨੀ ਨਾਲ ਵਿਵਾਦ ਚੱਲਦਾ ਸੀ। ਦੋਵੇਂ ਆਪੋ-ਆਪਣੀ ਪਤਨੀ ਨੂੰ ਮਾਰਨਾ ਚਾਹੁੰਦੇ ਸਨ। ਜੈਪੁਰ ਦੇ ਡੀ ਐੱਸ ਪੀ ਰਾਹੁਲ ਜੈਨ ਨੇ ਦੱਸਿਆ ਕਿ ਇਸ ਦੋਹਰੇ ਹੱਤਿਆ ਕਾਂਡ ਵਿੱਚ ਹਰੀ ਸਿੰਘ ਨਾਂ ਦੇ ਇਕ ਵਿਅਕਤੀ ਨੂੰ ਐਤਵਾਰ ਦੁਪਹਿਰੇ ਗ੍ਰਿਫ਼ਤਾਰ ਕੀਤਾ ਗਿਆ। ਉਹ ਸੌਰਭ ਦਾ ਜੀਜਾ ਹੈ। ਇਸ ਦੇ ਨਾਲ ਪੁਲਿਸ ਨੂੰ ਰੋਹਿਤ ਦੀ ਮ੍ਰਿਤਕ ਪਤਨੀ ਸ਼ਵੇਤਾ ਦੇ ਮੋਬਾਈਲ ਦੀ ਸਿਮ ਵੀ ਮਿਲ ਗਈ। ਸ਼ਵੇਤਾ ਦੀ ਹੱਤਿਆ ਕਰ ਕੇ ਉਸ ਦਾ ਮੋਬਾਈਲ ਆਪਣੇ ਨਾਲ ਲੈ ਗਏ ਸੌਰਭ ਨੇ ਇਹ ਸਿਮ ਆਪਣੇ ਕੋਲ ਰੱਖ ਲਿਆ ਸੀ। ਪੁਲਿਸ ਦੀ ਪੁੱਛਗਿੱਛ ਦੇ ਦੌਰਾਨ ਰੋਹਿਤ ਅਤੇ ਸੌਰਭ ਨੇ ਮੰਨਿਆ ਕਿ ਦੋਵਾਂ ਦੀ ਆਪੋ-ਆਪਣੀ ਪਤਨੀ ਨਾਲ ਅਣਬਣ ਚੱਲਦੀ ਸੀ। ਦੋਵੇਂ ਹੀ ਆਪਣੇ ਪਰਿਵਾਰ ਨਾਲ ਜੁੜੀ ਹਰ ਗੱਲ ਇਕ-ਦੂਸਰੇ ਨਾਲ ਸ਼ੇਅਰ ਕਰਦੇ ਸਨ। ਦੋਵੇਂ ਆਪੋ-ਆਪਣੀਆਂ ਪਤਨੀਆਂ ਨੂੰ ਮਾਰਨ ਤੋਂ ਬਾਅਦ ਦੂਸਰਾ ਵਿਆਹ ਕਰ ਕੇ ਨਵਾਂ ਜੀਵਨ ਸ਼ੁਰੂ ਕਰਨਾ ਚਾਹੁੰਦੇ ਸਨ। 7 ਜਨਵਰੀ ਨੂੰ ਜੈਪੁਰ ਦੇ ਜਗਤਪੁਰਾ ਇਲਾਕੇ ਵਿੱਚ ਯੂਨੀਕ ਟਾਵਰ ਵਿੱਚ ਰੋਹਿਤ ਤਿਵਾੜੀ ਦੀ ਪਤਨੀ ਸ਼ਵੇਤਾ ਦਾ ਕਤਲ ਕਰ ਕੇ ਉਸ ਦੇ 21 ਮਹੀਨੇ ਦੇ ਪੁੱਤਰ ਸ਼੍ਰੇਅਮ ਨੂੰ ਅਗਵਾ ਕੀਤਾ ਗਿਆ। ਤਿੰਨ ਦਿਨ 150 ਪੁਲਿਸ ਮੁਲਾਜ਼ਮਾਂ ਨੇ ਜਾਂਚ ਕਰ ਕੇ ਇਸ ਕਤਲ ਕੇਸ ਦੀ ਗੁੱਥੀ ਸੁਲਝਾ ਲਈ। ਇਸ ਹੱਤਿਆ ਕਾਂਡ ਦਾ ਮੁੱਖ ਸਾਜ਼ਿਸ਼ ਘਾੜਾ ਰੋਹਿਤ ਤਿਵਾੜੀ ਨਿਕਲਿਆ। ਰੋਹਿਤ ਨਾਲ ਹੋਈ ਪੁੱਛਗਿੱਛ ਮਗਰੋਂ ਉਸ ਦੇ ਜਾਣਕਾਰ ਸੌਰਭ ਨੂੰ ਫੜਿਆ ਗਿਆ। ਸੌਰਭ ਨੇ ਸ਼ਵੇਤਾ ਤੇ ਸ਼੍ਰੇਅਮ ਦੀ ਹੱਤਿਆ ਕੀਤੀ ਸੀ।

## ਇੰਟਰਨੈਟ ਬੰਦ ਕਰਨ ਨਾਲ ਭਾਰਤ ਨੂੰ ਕਰੋੜਾਂ ਰੁਪੈ ਦਾ ਨੁਕਸਾਨ ਝੱਲਣਾ ਪਿਆ

ਨਵੀਂ ਦਿੱਲੀ, 13 ਜਨਵਰੀ (ਪੋਸਟ ਬਿਊਰੋ)- ਭਾਰਤੀ ਅਰਥ ਵਿਵਸਥਾ ਨੂੰ ਇੰਟਰਨੈੱਟ ਬੰਦ ਹੋਣ ਨਾਲ ਵੱਡਾ ਨੁਕਸਾਨ ਚੁੱਕਣਾ ਪਿਆ ਹੈ। ਸਾਲ 2019 ਵਿੱਚ ਦੇਸ਼ ਵਿੱਚ ਕਰੀਬ 4,196 ਘੰਟੇ ਇੰਟਰਨੈੱਟ ਬੰਦ ਰਿਹਾ, ਜਿਸ ਕਾਰਨ ਦੇਸ਼ ਨੂੰ ਕਰੀਬ 9,245 ਕਰੋੜ ਰੁਪਏ ਦਾ ਨੁਕਸਾਨ ਹੋਇਆ। ਇੰਟਰਨੈੱਟ ਬੰਦ ਹੋਣ ਨਾਲ ਸਭ ਤੋਂ ਵੱਧ ਨੁਕਸਾਨ ਹੋਣ ਵਾਲੇ ਦੇਸ਼ਾਂ ਵਿੱਚ ਇਰਾਨ ਅਤੇ ਇਰਾਕ ਤੋਂ ਬਾਅਦ ਭਾਰਤ ਤੀਜੇ ਨੰਬਰ ਉੱਤੇ ਹੈ।



ਇੰਟਰਨੈੱਟ ਸਰਚ ਫਾਰਮ ਟੌਪ 10 ਵੀ ਪੀ ਐਨ ਦੀ ਗਲੋਬਲ ਕਾਸਟ ਆਫ ਇੰਟਰਨੈੱਟ ਸ਼ਟਡਾਉਨ ਦੀ ਰਿਪੋਰਟ ਮੁਤਾਬਕ ਵਿਸ਼ਵ ਵੱਧਰ ਉੱਤੇ ਇੰਟਰਨੈੱਟ ਬੰਦ ਹੋਣ ਉੱਤੇ ਸਾਲ 2019 ਵਿੱਚ 8.05 ਬਿਲਿਅਨ ਡਾਲਰ ਦਾ ਨੁਕਸਾਨ ਹੋਇਆ ਹੈ, ਜਿਹੜਾ ਸਾਲ 2015-16 ਦੀ ਤੁਲਨਾ ਵਿੱਚ ਸਾਲ 2019 ਵਿੱਚ 235 ਫੀਸਦੀ ਵਧ ਚੁੱਕਾ ਹੈ। ਸਾਲ 2019 ਵਿੱਚ ਕਰੀਬ 106 ਵਾਰ ਇੰਟਰਨੈੱਟ ਬੰਦ ਕੀਤਾ ਗਿਆ। ਵਾਰ ਵਾਰ ਇੰਟਰਨੈੱਟ ਬੰਦ ਕੀਤੇ ਜਾਣ ਦੇ ਕੇਸਾਂ ਵਿੱਚ ਭਾਰਤ ਬਾਕੀ ਦੇਸ਼ਾਂ ਦੇ ਮੁਕਾਬਲੇ ਅੱਗੇ ਹੈ। ਸਾਲ 2019 ਵਿੱਚ ਇਰਾਕ ਵਿੱਚ ਸਭ ਤੋਂ ਵੱਧ ਇੰਟਰਨੈੱਟ ਬੰਦ ਕੀਤਾ ਗਿਆ। ਇਸ ਦੇ ਬੰਦ ਹੋਣ ਨਾਲ ਇਰਾਕ ਨੂੰ ਕਰੀਬ 2.3 ਅਰਬ ਡੌਲਰ ਦਾ ਨੁਕਸਾਨ ਹੋਇਆ। ਦੂਸਰੇ ਨੰਬਰ ਉੱਤੇ ਸੂਡਾਨ ਨੂੰ ਇਸ ਦੇ ਬੰਦ ਹੋਣ ਕਾਰਨ 1.7 ਅਰਬ ਡਾਲਰ ਦਾ ਨੁਕਸਾਨ ਹੋਇਆ। ਇੰਟਰਨੈੱਟ ਬੰਦ ਕਰਨ ਵਿੱਚ ਭਾਰਤ ਤੀਜੇ ਸਥਾਨ ਉੱਤੇ ਹੈ। ਦੁਨਿਆ ਵਿੱਚ ਬੀਤੇ ਸਾਲ ਇੰਟਰਨੈੱਟ ਬੰਦ ਹੋਣ ਦੀਆਂ 122 ਮੁੱਖ ਘਟਨਾਵਾਂ ਹੋਈਆਂ, ਜਿਨ੍ਹਾਂ ਵਿੱਚ ਭਾਰਤ ਵਿੱਚ ਕਰੀਬ 100 ਛੋਟੀਆਂ-ਵੱਡੀਆਂ ਇੰਟਰਨੈੱਟ ਬੰਦ ਹੋਣ ਦੀਆਂ ਘਟਨਾਵਾਂ ਹੋਈਆਂ ਹਨ। ਇੰਟਰਨੈੱਟ ਬੰਦ ਹੋਣ ਨਾਲ ਸਭ ਤੋਂ ਵੱਧ ਅਸਰ ਵਾਟਸਐਪ ਉੱਤੇ ਰਿਹਾ। ਇਸ ਤੋਂ ਬਾਅਦ ਫੇਸਬੁੱਕ ਅਤੇ ਯੂਟਿਊਬ ਪ੍ਰਭਾਵਤ ਰਿਹਾ।

ਟੌਪ 10 ਵੀ ਪੀ ਐਨ ਦੀ ਰਿਪੋਰਟ ਮੁਤਾਬਕ ਦੁਨੀਆ ਵਿੱਚ ਪਿਛਲੇ ਸਾਲ ਵਾਟਸਐਪ ਦਾ ਕਰੀਬ 6,236 ਘੰਟੇ ਕੰਮ ਰੁਕਿਆ ਰਿਹਾ। ਭਾਰਤ ਦੇ ਨਾਲ ਸ੍ਰੀ ਲੰਕਾ ਅਤੇ ਸੂਡਾਨ ਵਰਗੇ ਦੇਸ਼ ਇਸ ਤੋਂ ਕਾਫੀ ਪ੍ਰਭਾਵਤ ਰਹੇ। ਵਾਟਸਐਪ ਤੋਂ ਬਾਅਦ ਸਭ ਤੋਂ ਵੱਧ ਨੁਕਸਾਨ ਫੇਸਬੁੱਕ ਨੂੰ ਹੋਇਆ। ਗਲੋਬਲ ਪੱਧਰ ਉਤੇ ਸਾਲ 2019 ਚ ਵਿੱਫੇਸਬੁੱਕ 6,208 ਘੰਟੇ ਬੰਦ ਰਿਹਾ। ਦੂਜੇ ਪਾਸੇ ਇੰਸਟਾਗ੍ਰਾਮ 6,193 ਘੰਟੇ ਅਤੇ ਟਵੀਟਰ 5,860 ਅਤੇ ਯੂਟਿਊਬ 684 ਘੰਟੇ ਇੰਟਰਨੈੱਟ ਬੰਦ ਹੋਣ ਕਾਰਨ ਬੰਦ ਰਿਹਾ। ਰਿਪੋਰਟਾਂ ਮੁਤਾਬਕ ਭਾਰਤ ਦੇ ਸਾਰੇ ਰਾਜਾਂ ਵਿੱਚ ਸਾਲ 2012 ਤੋਂ 2017 ਵਿਚਾਲੇ ਇੰਟਰਨੈੱਟ ਬੰਦ ਹੋਣ ਦਾ 3 ਅਰਬ ਡਾੱਲਰ ਦਾ ਨੁਕਸਾਨ ਹੋਇਆ। ਰਾਜਾਂ ਵਿੱਚੋਂ ਸਭ ਤੋਂ ਵੱਧ ਨੁਕਸਾਨ ਗੁਜਰਾਤ ਨੂੰ 117.75 ਲੱਖ ਡਾੱਲਰ ਹੋਇਆ ਹੈ। ਜੰਮੂ ਕਸ਼ਮੀਰ ਵਿੱਚ 61.02 ਲੱਖ ਡਾਲਰ, ਰਾਜਸਥਾਨ ਵਿੱਚ 18.29 ਲੱਖ, ਉੱਤਰ ਪ੍ਰਦੇਸ਼ ਵਿੱਚ 5.3 ਲੱਖ, ਹਰਿਆਣਾ ਵਿੱਚ 42.92 ਲੱਖ, ਬਿਹਾਰ ਵਿੱਚ 5.19 ਲੱਖ ਡਾਲਰ ਦਾ ਨੁਕਸਾਨ ਹੋਇਆ।

## 40 ਲੱਖ ਦੀ ਫਿਰੌਤੀ ਲਈ ਦੋਸਤ ਨੂੰ ਅਗਵਾ ਕਰਕੇ ਗਲਾ ਦਬਾ ਕੇ ਕਤਲ ਕੀਤਾ

ਪੁਣੇ, 13 ਜਨਵਰੀ (ਪੋਸਟ ਬਿਊਰੋ)- ਮਹਾਰਾਸ਼ਟਰ ਦੇ ਪੁਣੇ ਸ਼ਹਿਰ ਵਿੱਚ 40 ਲੱਖ ਰੁਪਏ ਦੀ ਫਿਰੌਤੀ ਲਈ ਇੱਕ 17 ਸਾਲਾ ਲੜਕੇ ਦਾ ਉਸ ਦੇ ਦੋਸਤ ਨੇ ਅਗਵਾ ਕਰ ਕੇ ਹੱਤਿਆ ਕਰ ਦਿੱਤੀ। ਅਬਦੂਲਾਹਦ ਸਿਦੀਕੀ ਨਾਮ ਦੇ ਮੁੰਡੇ ਦੀ ਲਾਸ਼ ਕੱਲ੍ਹ ਇਥੇ ਸਾਵਿਤਰੀਬਾਈ ਫੂਲੇ ਪੁਣੇ ਯੂਨੀਵਰਸਿਟੀ ਦੇ ਕੰਪਲੈਕਸ ਵਿੱਚ ਮਿਲੀ ਸੀ।



ਪੁਲਸ ਨੇ ਦੱਸਿਆ ਕਿ ਦੋਸ਼ੀ ਉਮਰ ਨਾਸਿਰ ਸ਼ੇਖ (20) ਆਪਣੇ ਦੋਸਤ ਸਿਦੀਕੀ ਨੂੰ ਪਾਰਟੀ ਦੇ ਬਹਾਨੇ ਕੱਲ੍ਹ ਸ਼ਾਮ ਪਿੰਪਰੀ ਚਿੰਚਵਾੜ ਦੇ ਦਾਪੋਡੀ ਇਲਾਕੇ ਵਿੱਚ ਲੈ ਗਿਆ। ਘੁੰਮਣ ਮਗਰੋਂ ਉਹ ਉਸ ਯੂਨੀਵਰਸਿਟੀ ਵਿੱਚ ਲੈ ਗਿਆ ਜਿੱਥੇ ਉਸ ਨੇ ਗਲਾ ਦਬਾ ਕੇ ਉਸ ਦੀ ਹੱਤਿਆ ਕਰ ਦਿੱਤੀ। ਉਸ ਦੇ ਬਾਅਦ ਸ਼ੇਖ ਨੇ ਸਿਦੀਕੀ ਦੇ ਮੋਬਾਈਲ ਫੋਨ ਦੀ ਵਰਤੋਂ ਕਰ ਕੇ ਸਿਦੀਕੀ ਦੇ ਇੱਕ ਦੋਸਤ ਨੂੰ ਬੁਲਾਇਆ ਅਤੇ ਸਿਦੀਕੀ ਦੇ ਵੱਡੇ ਭਰਾ ਨੂੰ ਸਿਦੀਕੀ ਦੇ ਅਗਵਾ ਦੀ ਖ਼ਬਰ ਦੇਣ ਨੂੰ ਕਿਹਾ। ਜਦੋਂ ਸਿਦੀਕੀ ਦੇ ਭਰਾ ਨੇ ਫੋਨ ਕੀਤਾ ਤਾਂ ਸ਼ੇਖ ਨੇ ਉਸ ਤੋਂ 40 ਲੱਖ ਰੁਪਏ ਦੀ ਮੰਗ ਕੀਤੀ। ਉਸ ਦੇ ਬਾਅਦ ਪਰਵਾਰ ਨੂੰ ਪੁਲਸ ਨੂੰ ਦੱਸਿਆ। ਉਸਦਾ ਪਰਵਾਰ ਪੁਣੇ ਦੇ ਪਿੰਪਰੀ ਚਿੰਚਵਾੜ ਇਲਾਕੇ ਵਿੱਚ ਕਬਾੜ ਦਾ ਕੰਮ ਕਰਦਾ ਹੈ। ਕਾਲ ਰਿਕਾਡਿੰਗ ਵਿੱਚ ਸ਼ੇਖ ਦੀ ਆਵਾਜ਼ ਪਛਾਨਣ ਤੋਂ ਬਾਅਦ ਪੁਲਸ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਸ਼ੇਖ ਨੇ ਪੁਲਸ ਨੂੰ ਦੱਸਿਆ ਕਿ ਉਸ ਨੇ 'ਖ਼ਤਰਨਾਕ ਖ਼ਿਲਾੜੀ-2' ਨਾਮ ਦੀ ਫਿਲਮ ਦੇਖਣ ਦੇ ਬਾਅਦ ਪੈਸੇ ਦੇ ਲਈ ਆਪਣੇ ਦੋਸਤ ਨੂੰ ਅਗਵਾ ਕਰਨ ਦੀ ਯੋਜਨਾ ਬਣਾਈ ਸੀ।

### ਮੰਟੋ ਨੇ ਨਹਿਰੂ ਨੂੰ ਕਿਹਾ ਸੀ

## 'ਤੁਸੀਂ ਵੀ ਕਸ਼ਮੀਰੀ, ਮੈਂ ਵੀ ਕਸ਼ਮੀਰੀ, ਪਰ ਤੁਸੀਂ ਮੇਰੀ ਕਦੇ ਸੁੱਧ ਨਹੀਂ ਲਈ'

ਨਵੀਂ ਦਿੱਲੀ, 13 ਜਨਵਰੀ (ਪੋਸਟ ਬਿਊਰੋ)- ਉਰਦੂ ਦੇ ਮਸ਼ਹੂਰ ਲੇਖਕ ਸਆਦਤ ਹਸਨ ਮੰਟੋ ਨੇ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ 'ਤੇ ਕਸ਼ਮੀਰ ਵਿੱਚ ਗਰੀਬੀ ਦੂਰ ਨਾ ਕਰਨ ਅਤੇ ਹੈਦਰਾਬਾਦ ਵਿੱਚ ਮੁਸਲਮਾਨਾਂ ਨੂੰ ਮਰਵਾਉਣ ਦਾ ਦੋਸ਼ ਲਾਇਆ ਸੀ, ਜਿਸ ਦੀ ਚਰਚਾ ਇੱਕ ਚਿੱਠੀ ਵਿੱਚ ਦਰਜ ਮਿਲਦੀ ਹੈ।



11 ਮਈ 1912 ਨੂੰ ਜਲੰਧਰ ਵਿੱਚ ਜਨਮੇ ਸਆਦਤ ਹਸਨ ਮੰਟੋ ਨੇ 1954 ਵਿੱਚ ਜਵਾਹਰ ਲਾਲ ਨਹਿਰੂ ਨੂੰ ਲਿਖੇ ਇੱਕ ਖੁੱਲ੍ਹੇ ਪੱਤਰ ਵਿੱਚ ਇਹ ਦੋਸ਼ ਲਾਇਆ ਸੀ। ਉਨ੍ਹਾਂ ਨੇ ਆਪਣੇ ਇੱਕੋ ਇੱਕ ਨਾਵਲ 'ਬਗੈਰ ਉਨਵਾਨ' ਵਿੱਚ ਵੀ ਇਸ ਪੱਤਰ ਨੂੰ ਭੂਮਿਕਾ ਦੇ ਰੂਪ ਵਿੱਚ ਲਿਖਿਆ ਸੀ। ਮੰਟੋ ਦੇ ਦੇਹਾਂਤ ਦੇ 65 ਸਾਲ ਬਾਅਦ ਹਿੰਦੀ ਵਿੱਚ ਪਹਿਲੀ ਵਾਰ ਇਹ ਪੱਤਰ ਛਪਿਆ ਹੈ। ਵਿਸ਼ਵ ਪੁਸਤਕ ਮੇਲੇ ਵਿੱਚ ਵਾਣੀ ਪ੍ਰਕਾਸ਼ਨ ਨੇ ਪਹਿਲੀ ਵਾਰ ਹਿੰਦੀ ਵਿੱਚ ਇਸ ਨਾਵਲ ਨੂੰ ਛਾਪਿਆ ਹੈ। ਮੂਲ ਰੂਪ ਤੋਂ ਕਸ਼ਮੀਰੀ ਸਆਦਤ ਹਸਨ ਮੰਟੋ ਨੇ ਨਹਿਰੂ ਨੂੰ ਲਿਖੇ ਪੱਤਰ ਵਿੱਚ ਉਨ੍ਹਾਂ 'ਤੇ ਚੁਟਕੀ ਲੈਂਦੇ ਹੋਏ ਲਿਖਿਆ ਸੀ, 'ਤੁਸੀਂ ਵੀ ਕਸ਼ਮੀਰੀ ਅਤੇ ਮੈਂ ਵੀ ਕਸ਼ਮੀਰੀ, ਪਰ ਤੁਸੀਂ ਮੇਰੀ ਕਦੇ ਸੁਧ ਨਹੀਂ ਲਈ ਅਤੇ ਮੈਨੂੰ ਭਾਰਤ ਵੰਡ ਹੋਣ ਦੇ ਬਾਅਦ ਭਾਰਤ ਨਹੀਂ ਬੁਲਾਇਆ।'

ਵਰਨਣ ਯੋਗ ਹੈ ਕਿ ਮੰਟੋ ਦੇਸ਼ ਦੀ ਵੰਡ ਦੇ ਬਾਅਦ ਪਾਕਿਸਤਾਨ ਵਿੱਚ ਵਸ ਗਏ ਸਨ। ਇਸ ਤੋਂ ਪਹਿਲਾਂ ਉਹ ਮੁੰਬਈ ਵਿੱਚ ਰਹਿੰਦੇ ਹੋਏ ਫਿਲਮਾਂ ਲਈ ਲਿਖਦੇ ਰਹੇ ਤੇ ਉਨ੍ਹਾਂ ਦੀਆਂ ਕਹਾਣੀਆਂ ਵਿੱਚ ਅਸ਼ਲੀਲਤਾ ਦੇ ਦੋਸ਼ ਲੱਗੇ ਸਨ ਅਤੇ ਉਨ੍ਹਾਂ 'ਤੇ ਮੁਕੱਦਮੇ ਵੀ ਹੋਏ ਸਨ। ਸਾਲ 2018 ਵਿੱਚ ਮੰਟੋ ਉੱਤੇ ਨੰਦਿਤਾ ਦਾਸ ਨੇ ਫਿਲਮ ਬਣਾਈ ਤਾਂ ਉਹ ਇੱਕ ਵਾਰ ਫਿਰ ਚਰਚਾ ਵਿੱਚ ਆਏ ਸਨ। ਮੰਟੋ ਨੇ ਨਹਿਰੂ ਨੂੰ ਲਿਖੇ ਪੱਤਰ ਵਿੱਚ ਇਹ ਦੋਸ਼ ਲਾਇਆ ਸੀ, 'ਤੁਸੀਂ ਜੂਨਾਗੜ੍ਹ 'ਤੇ ਨਾਜਾਇਜ਼ ਕਬਜ਼ਾ ਕੀਤਾ ਤੇ ਹੈਦਰਾਬਾਦ ਵਿੱਚ ਹਜ਼ਾਰਾਂ ਮੁਸਲਮਾਨਾਂ ਦਾ ਖ਼ੂਨ ਵਹਾਇਆ ਸੀ।' ਉਸ ਪੱਤਰ ਵਿੱਚ ਮੰਟੋ ਨੇ ਭਾਰਤ ਵਿੱਚ ਉਰਦੂ ਜ਼ੁਬਾਨ ਨੂੰ ਮਿਟਾਏ ਜਾਣ ਦਾ ਵੀ ਦੋਸ਼ ਲਾਇਆ। ਇਹੀ ਨਹੀਂ ਉਨ੍ਹਾਂ ਨੇ ਇਸ ਗੱਲ ਦੀ ਵੀ ਸ਼ਿਕਾਇਤ ਕੀਤੀ ਕਿ ਭਾਰਤ ਵਿੱਚ ਪ੍ਰਕਾਸ਼ਕ ਉਨ੍ਹਾਂ ਦੀਆਂ ਕਿਤਾਬਾਂ ਨੂੰ ਨਾ ਕੇਵਲ ਜਾਅਲੀ ਢੰਗ ਨਾਲ ਬਲਕਿ ਅਸ਼ਲੀਲ ਦੱਸ ਕੇ ਛਾਪ ਕੇ ਵੇਚ ਰਹੇ ਹਨ ਤੇ ਨਹਿਰੂ ਪ੍ਰਧਾਨ ਮੰਤਰੀ ਹੋ ਕੇ ਕੋਈ ਕਾਰਵਾਈ ਨਹੀਂ ਕਰ ਰਹੇ। 'ਕਾਲੀ ਸਲਵਾਰ', 'ਖੋਲ੍ਹ ਦੋ', 'ਟੋਬਾ ਟੇਕ ਸਿੰਘ', 'ਠੰਢਾ ਗੋਸ਼ਤ' ਅਤੇ 'ਬੂ' ਵਰਗੀਆਂ ਚਰਚਿਤ ਕਹਾਣੀਆਂ ਲਿਖਣ ਵਾਲੇ ਮੰਟੋ ਦਾ ਸਿਰਫ 43 ਸਾਲ ਦੀ ਉਮਰ ਵਿੱਚ 18 ਜਨਵਰੀ 1955 ਨੂੰ ਲਾਹੌਰ ਵਿੱਚ ਦਿਹਾਂਤ ਹੋ ਗਿਆ ਸੀ।

## ਰੀਅਲ ਅਸਟੇਟ ਨੂੰ ਮੰਦੀ ਤੋਂ ਉਭਾਰਨ ਦੀ ਤਿਆਰੀ

ਨਵੀਂ ਦਿੱਲੀ, 13 ਜਨਵਰੀ (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੀਤੇ 20-25 ਦਿਨਾਂ ਵਿੱਚ ਆਮ ਬਜਟ ਬਾਰੇ ਉਦਯੋਗ ਜਗਤ ਅਤੇ ਆਰਥਿਕ ਮਾਹਰਾਂ ਨਾਲ ਬੈਠਕਾਂ ਕੀਤੀਆਂ ਹਨ। ਉਨ੍ਹਾਂ ਵਿੱਚ ਸਭ ਤੋਂ ਜ਼ਿਆਦਾ ਸੁਝਾਅ ਰੀਅਲ ਅਸਟੇਟ ਸੈਕਟਰ ਬਾਰੇ ਦਿੱਤੇ ਗਏ ਹਨ। ਪਿਛਲੇ ਸ਼ੁੱਕਰਵਾਰ ਨੀਤੀ ਆਯੋਗ ਦੇ ਨਾਲ ਪ੍ਰਧਾਨ ਮੰਤਰੀ ਮੋਦੀ ਨੇ ਜਦ ਕੈਬਨਿਟ ਦੇ ਕਈ ਮੈਂਬਰਾਂ ਨਾਲ ਅਰਥ ਵਿਵਸਥਾ ਬਾਰੇ ਬੈਠਕ ਕੀਤੀ ਤਾਂ ਉਸ ਵਿੱਚ ਵੀ ਰੀਅਲ ਅਸਟੇਟ ਸੈਕਟਰ 'ਤੇ ਹੀ ਸਭ ਤੋਂ ਵੱਧ ਧਿਆਨ ਦੇਣ ਨੂੰ ਕਿਹਾ ਗਿਆ। ਕੁਝ ਮਾਹਰਾਂ ਨੇ ਇਥੋਂ ਤੱਕ ਕਿਹਾ ਕਿ ਸਾਲ 2024-25 ਤੱਕ ਦੇਸ਼ ਦੀ ਅਰਥ ਵਿਵਸਥਾ ਨੂੰ ਪੰਜ ਲੱਖ ਕਰੋੜ ਡਾਲਰ ਦੀ ਬਣਾਉਣ ਦਾ ਟੀਚਾ ਰੀਅਲ ਅਸਟੇਟ ਦੀ ਸਥਿਤੀ ਠੀਕ ਕੀਤੇ ਬਗੈਰ ਪੂਰਾ ਨਹੀਂ ਹੋਵੇਗਾ ਅਤੇ ਇਹ ਸਥਿਤੀ ਆਉਂਦੇ ਵਿੱਤੀ ਸਾਲ ਵਿੱਚ ਹੀ ਠੀਕ ਕਰਨੀ ਹੋਵੇਗੀ।

## ਨਿਰਭੈਆ ਦੇ ਗੁਨਾਹਗਾਰਾਂ ਨੂੰ ਫਾਂਸੀ ਟੰਗਣ ਦੀ ਰਿਹਰਸਲ ਹੋਈ

ਨਵੀਂ ਦਿੱਲੀ, 13 ਜਨਵਰੀ (ਪੋਸਟ ਬਿਊਰੋ)- ਬੇਸ਼ੱਕ ਦੋ ਦੋਸ਼ੀਆਂ ਦੀ ਕਿਊਰੇਟਿਵ ਪਟੀਸ਼ਨ 'ਤੇ ਅਜੇ ਸੁਪਰੀਮ ਕੋਰਟ ਵਿੱਚ ਸੁਣਵਾਈ ਹੋਣੀ ਹੈ, ਪਰ ਤਿਹਾੜ ਜੇਲ੍ਹ ਵਿੱਚ ਬੰਦ ਨਿਰਭੈਆ ਦੇ ਚਾਰਾਂ ਗੁਨਾਹਗਾਰਾਂ ਨੂੰ ਫਾਂਸੀ ਦੇਣ ਦੀ ਤਿਆਰੀ ਲਗਭਗ ਪੂਰੀ ਕਰ ਲਈ ਗਈ ਹੈ। ਕੱਲ੍ਹ ਚਾਰਾਂ ਨੂੰ ਇਕੱਠੇ ਫਾਂਸੀ ਦੀ ਦੇਣ ਦੀ ਫੁੱਲ ਰਿਹਰਸਲ ਹੋਈ ਹੈ। ਇਸ ਰਿਹਰਸਲ ਦੌਰਾਨ ਡਿਊਟੀ ਮੈਜਿਸਟਰੇਟ ਨੂੰ ਛੱਡ ਕੇ ਉਹ ਸਾਰੇ ਕਰਮਚਾਰੀ ਅਤੇ ਅਧਿਕਾਰੀ ਮੌਜੂਦ ਰਹੇ, ਜਿਨ੍ਹਾਂ ਨੂੰ 22 ਜਨਵਰੀ ਦੀ ਸਵੇਰੇ ਫਾਂਸੀ ਘਰ ਵਿੱਚ ਮੌਜੂਦਾ ਰਹਿਣਾ ਪੈਣਾ ਹੈ। ਜਾਣਕਾਰ ਸੂਤਰਾਂ ਦਾ ਕਹਿਣਾ ਹੈ ਕਿ ਚਾਰ ਪੁਤਲਿਆਂ ਨੂੰ ਬਾਜ਼ਾਰ ਤੋਂ ਖਰੀਦਿਆ ਗਿਆ ਸੀ ਅਤੇ ਇੱਕ ਪੁਤਲੇ ਦਾ ਵਜ਼ਨ ਨੱਬੇ ਤੋਂ 100 ਕਿਲੋ ਸੀ। ਨਵੇਂ ਫਾਂਸੀ ਘਰ ਵਿੱਚ ਤਿੰਨਾਂ ਨੂੰ ਅਤੇ ਪੁਰਾਣੇ ਫਾਂਸੀ ਘਰ ਵਿੱਚ ਇੱਕ ਹੋਰ ਪੁਤਲੇ ਨੂੰ ਫਾਂਸੀ ਲਟਕਾਇਆ ਗਿਆ। ਏਦਾਂ ਦੀ ਪੂਰੀ ਪ੍ਰਕਿਰਿਆ ਵਿੱਚ ਦੋ ਘੰਟੇ ਤੋਂ ਵੱਧ ਸਮਾਂ ਲੱਗਾ। ਕੱਲ੍ਹ ਸਵੇਰੇ ਤਿਹਾੜ ਜੇਲ੍ਹ ਦੇ ਡਾਇਰੈਕਟਰ ਸੰਦੀਪ ਗੋਇਲ ਸਮੇਤ ਸਾਰੇ ਜ਼ਰੂਰੀ ਅਧਿਕਾਰੀ ਜੇਲ੍ਹ ਨੰਬਰ ਤਿੰਨ ਪਹੁੰਚ ਗਏ ਸਨ। ਫਾਂਸੀ ਦੇ ਦੌਰਾਨ ਕੋਈ ਤਕਨੀਕੀ ਕਮੀ ਮਹਿਸੂਸ ਨਹੀਂ ਕੀਤੀ ਗਈ। ਸਿਰਫ ਫਾਂਸੀ 'ਤੇ ਲਟਕਾਉਣ ਦੇ ਬਾਅਦ ਜਾਂਚ ਦੇ ਲਈ ਡਾਕਟਰ ਨੂੰ ਲਾਸ਼ ਦੀ ਉਚਾਈ ਤੱਕ ਪਹੁੰਚਣ ਦੇ ਲਈ ਇੱਕ ਪੌੜੀ ਦੀ ਕਮੀ ਸੀ। ਇਸ ਦਾ ਪ੍ਰਬੰਧ ਕਰਨ ਨੂੰ ਕਿਹਾ ਗਿਆ ਹੈ।

## ਭਾਰਤ ਸਰਕਾਰ 200 ਹੋਰ ਲੜਾਕੂ ਜਹਾਜ਼ ਖਰੀਦੇਗੀ

ਕੋਲਕਾਤਾ, 13 ਜਨਵਰੀ (ਪੋਸਟ ਬਿਊਰੋ)- ਆਪਣੀ ਹਵਾਈ ਫੌਜ ਦੀ ਰੱਖਿਆ ਸਮਰੱਥਾ ਨੂੰ ਵਧਾਉਣ ਦੇ ਲਈ ਭਾਰਤ ਸਰਕਾਰ ਜਲਦੀ ਹੀ 200 ਨਵੇਂ ਲੜਾਕੂ ਜਹਾਜ਼ ਖਰੀਦਣ ਵਾਲੀ ਹੈ। ਸਰਕਾਰ ਨੇ ਜਹਾਜ਼ ਖਰੀਦਣ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ, ਜਿਸ ਨੂੰ ਤੇਜ਼ੀ ਨਾਲ ਅੱਗੇ ਵਧਾਇਆ ਜਾ ਸਕਦਾ ਹੈ।

ਕੋਲਕਾਤਾ ਵਿੱਚ ਕੋਸਟ ਗਾਰਡ ਦੇ ਨਿਗਰਾਨੀ ਬੋਟ ਆਈ ਸੀ ਜੀ ਏ ਅੰਮ੍ਰਿਤ ਕੌਰ ਅਤੇ ਆਈ ਸੀ ਜੀ ਏ ਐਨੀ ਬੇਸੈਂਟ ਦੇ ਲਾਂਚਿੰਗ ਪ੍ਰੋਗਰਾਮ ਵਿੱਚ ਕੱਲ੍ਹ ਏਥੇ ਆਏ ਹੋਏ ਰੱਖਿਆ ਸੈਕਟਰੀ ਅਜੇ ਕੁਮਾਰ ਨੇ ਨੇ ਦੱਸਿਆ ਕਿ ਹਿੰਦੁਸਤਾਨ ਐਰੋਨਾਟਿਕਸ ਲਿਮਟਿਡ (ਐੱਚ ਏ ਐੱਲ) ਵੱਲੋਂ ਬਣਾਏ 83 ਹਲਕੇ ਲੜਾਕੂ ਜਹਾਜ਼ ਤੇਜਸ




ਮਾਰਕ-1 ਲਈ ਸਮਝੌਤਾ ਆਖਰੀ ਦੌਰ ਵਿੱਚ ਹੈ ਅਤੇ 110 ਹੋਰ ਜਹਾਜ਼ਾਂ ਲਈ ਐਕਸਪ੍ਰੈਸਨ ਆਫ ਇਨਟ੍ਰਸਟ (ਈ ਈ ਓ) ਜਾਰੀ ਕੀਤੀ ਗਈ ਹੈ, ਜਿਸ ਦੇ ਆਧਾਰ 'ਤੇ ਜਲਦੀ ਹੀ ਪ੍ਰਸਤਾਵ ਦੇ ਲਈ ਅਰਜ਼ੀਆਂ ਸਵੀਕਾਰ ਕੀਤੀਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਹਲਕੇ ਲੜਾਕੂ ਜਹਾਜ਼ ਲਈ ਇਸ ਸਾਲ ਕੰਟ੍ਰੈਕਟ 'ਤੇ ਦਸਖਤ ਹੋਣਾ ਹੈ, ਅਸੀਂ ਜਿੰਨੀ ਜਲਦੀ ਹੋ ਸਕੇ, ਇਸ ਨੂੰ ਪੂਰਾ ਕਰਨਾ ਚਾਹੁੰਦੇ ਹਾਂ। ਉਨ੍ਹਾਂ ਦੱਸਿਆ ਕਿ ਤੇਜਸ ਮਾਰਕ-1 ਜਹਾਜ਼ ਦੇ ਡਿਜ਼ਾਈਨ ਤੈਅ ਹੋ ਚੁੱਕੇ ਹਨ। ਛੇਤੀ ਹੀ ਸਰਕਾਰੀ ਜਹਾਜ਼ ਨਿਰਮਾਤਾ ਕੰਪਨੀ ਹਿੰਦੁਸਤਾਨ ਐਰੋਨਾਟਿਕਸ ਲਿਮਟਿਡ (ਐੱਚ ਏ ਐੱਲ) ਦੀ ਉਤਪਾਦਨ ਸਮਰੱਥਾ ਅੱਠ ਜਹਾਜ਼ ਪ੍ਰਤੀ ਸਾਲ ਤੋਂ ਵਧਾ ਕੇ 16 ਜਹਾਜ਼ ਪ੍ਰਤੀ ਸਾਲ ਕੀਤੀ ਜਾਏਗੀ। ਜ਼ਰੂਰੀ ਹੋਇਆ ਤਾਂ ਇਸ ਨੂੰ ਹੋਰ ਵਧਾਇਆ ਜਾ ਸਕਦਾ ਹੈ।

ਰੱਖਿਆ ਸੈਕਟਰੀ ਅਜੇ ਕੁਮਾਰ ਨੇ ਕਿਹਾ ਕਿ ਭਾਰਤੀ ਕੋਸਟ ਕਾਰਡਾਂ ਦੀ ਜ਼ਿੰਮੇਵਾਰੀ ਹੋਰ ਵਧਣ ਵਾਲੀ ਹੈ। ਪਾਣੀ ਦੇ ਪਹਿਰੇਦਾਰਾਂ ਨੂੰ ਮਜ਼ਬੂਤ ਕਰਨ ਦੇ ਨਾਲ ਅਸੀਂ ਜਹਾਜ਼ ਖੇਤਰ ਵਿੱਚ ਲਗਾਤਾਰ ਆਤਮ ਨਿਰਭਰ ਹੋ ਰਹੇ ਹਾਂ।

# ਕਸ਼ਮੀਰ 'ਚ ਪਾਬੰਦੀਆਂ ਤੇ ਨਜ਼ਰਬੰਦੀ ਤੋਂ ਅਮਰੀਕਾ ਚਿੰਤਤ

ਵਾਸ਼ਿੰਗਟਨ, 13 ਜਨਵਰੀ (ਪੋਸਟ ਬਿਊਰੋ)- ਅਮਰੀਕਾ ਦੇ ਵਿਦੇਸ਼ ਮੰਤਰਾਲੇ ਨੇ 15 ਦੇਸ਼ਾਂ ਦੇ ਰਾਜਦੂਤਾਂ ਵੱਲੋਂ ਕੀਤੀ ਗਈ ਜੰਮੂ ਕਸ਼ਮੀਰ ਦੀ ਯਾਤਰਾ ਨੂੰ ਮਹੱਤਵ ਪੂਰਨ ਕਦਮ ਮੰਨਿਆ ਹੈ, ਪਰ ਨਾਲ ਕਸ਼ਮੀਰ ਦੇ ਸਿਆਸੀ ਆਗੂਆਂ ਨੂੰ ਨਜ਼ਰਬੰਦ ਰੱਖੇ ਜਾਣ ਅਤੇ ਉਥੇ ਇੰਟਰਨੈਟ 'ਤੇ ਲੱਗੀ ਪਾਬੰਦੀ ਬਾਰੇ ਚਿੰਤਾ ਜ਼ਾਹਿਰ ਕੀਤੀ ਹੈ।



ਪਿਛਲੇ ਸਾਲ ਪੰਜ ਅਗਸਤ ਨੂੰ ਜੰਮੂ ਕਸ਼ਮੀਰ ਵਿੱਚੋਂ ਵਿਸ਼ੇਸ਼ ਦਰਜੇ ਵਾਲੀਂ ਧਾਰਾ 370 ਹਟਾਏ ਜਾਣ ਤੋਂ ਬਾਅਦ ਕੇਂਦਰ ਸਰਕਾਰ ਨੇ ਇਥੇ ਕਈ ਤਰ੍ਹਾਂ ਦੀਆਂ ਪਾਬੰਦੀਆਂ ਲਾ ਰੱਖੀਆਂ ਹਨ। ਓਦੋਂ ਲਾਈਆਂ ਗਈਆਂ ਪਾਬੰਦੀਆਂ ਤੋਂ ਬਾਅਦ ਪਹਿਲੀ ਵਾਰ 15 ਦੇਸ਼ਾਂ ਦੇ ਰਾਜਦੂਤਾਂ ਨੇ ਪਿਛਲੇ ਹਫ਼ਤੇ ਕਸ਼ਮੀਰ ਘਾਟੀ ਦੀ ਯਾਤਰਾ ਕੀਤੀ ਸੀ, ਜਿਨ੍ਹਾਂ 'ਚ ਅਮਰੀਕਾ ਦੇ ਭਾਰਤ ਲਈ ਰਾਜਦੂਤ ਕੈਨੇਥ ਜਸਟਰ ਵੀ ਸ਼ਾਮਲ ਸਨ। ਉਨ੍ਹਾਂ ਨੇ ਇਥੇ ਕਈ ਸਿਆਸੀ ਪਾਰਟੀਆਂ ਦੇ ਮੈਂਬਰਾਂ ਅਤੇ ਫੌਜ ਦੇ ਸਿਖਰਲੇ ਅਧਿਕਾਰੀਆਂ ਨਾਲ ਮੁਲਾਕਾਤ ਕੀਤੀ। ਸਰਕਾਰ 'ਤੇ ਦੋਸ਼ ਲੱਗਦਾ ਹੈ ਕਿ ਇਹੋ ਯੋਜਨਾਬੱਧ ਯਾਤਰਾ ਸੀ ਪਰ ਨਰਿੰਦਰ ਮੋਦੀ ਸਰਕਾਰ ਇਸ ਤੋਂ ਇਨਕਾਰ ਕਰਦੀ ਹੈ।

ਅਮਰੀਕਾ ਸਰਕਾਰ ਦੀ ਦੱਖਣੀ ਤੇ ਮੱਧ ਏਸ਼ੀਆ ਦੀ ਕਾਰਜਕਾਰੀ ਸਹਾਇਕ ਸਕੱਤਰ ਐਲਿਸ ਜੀ ਵੈਲਜ਼ ਨੇ ਆਸ ਜ਼ਾਹਿਰ ਕੀਤੀ ਹੈ ਕਿ ਇਸ ਖੇਤਰ 'ਚ ਹਾਲਾਤ ਜਲਦੀ ਆਮ ਵਰਗੇ ਹੋ ਜਾਣਗੇ। ਵੈਲਜ਼ ਇਸ ਹਫ਼ਤੇ ਦੱਖਣੀ ਏਸ਼ੀਆ ਦੀ ਯਾਤਰਾ ਉਤੇ ਆਉਣ ਵਾਲੀ ਹੈ। ਉਨ੍ਹਾਂ ਟਵੀਟ ਕੀਤਾ, 'ਉਹ ਭਾਰਤ 'ਚ ਅਮਰੀਕੀ ਰਾਜਦੂਤ ਤੇ ਹੋਰਨਾਂ ਵਿਦੇਸ਼ੀ ਰਾਜਦੂਤਾਂ ਦੀ ਜੰਮੂ ਕਸ਼ਮੀਰ ਯਾਤਰਾ 'ਤੇ ਨਜ਼ਰ ਰੱਖ ਰਹੀ ਹੈ। ਇਹ ਮਹੱਤਵ ਪੂਰਨ ਕਦਮ ਹੈ। ਅਸੀਂ ਜੰਮੂ ਕਸ਼ਮੀਰ ਦੇ ਨੇਤਾਵਾਂ ਤੇ ਉਥੋਂ ਦੇ ਆਮ ਲੋਕਾਂ ਨੂੰ ਹਿਰਾਸਤ 'ਚ ਰੱਖਣ ਅਤੇ ਇੰਟਰਨੈਟ 'ਤੇ ਪਾਬੰਦੀ ਤੋਂ ਫਿਕਰਮੰਦ ਹਾਂ। ਸਾਨੂੰ ਆਸ ਹੈ ਕਿ ਹਾਲਾਤ ਜਲਦੀ ਠੀਕ ਹੋ ਜਾਣਗੇ।' ਵੈਲਜ਼ 15-18 ਜਨਵਰੀ ਤੱਕ ਨਵੀਂ ਦਿੱਲੀ ਦੀ ਯਾਤਰਾ ਕਰੇਗੀ ਤੇ ਇਸ ਦੌਰਾਨ ਰਾਏਸੀਨਾ ਵਾਰਤਾ 'ਚ ਹਿੱਸਾ ਲੈਣਗੇ। ਉਹ ਇਸ ਦੌਰਾਨ ਭਾਰਤ ਸਰਕਾਰ ਦੇ ਉਚ ਅਧਿਕਾਰੀਆਂ ਨਾਲ ਗੱਲਬਾਤ ਵੀ ਕਰਨਗੇ। ਇਸ ਤੋਂ ਬਾਅਦ ਉਹ ਪਾਕਿਸਤਾਨ ਜਾਣਗੇ ਅਤੇ ਉਥੋਂ ਦੇ ਉਚ ਅਧਿਕਾਰੀਆਂ ਤੇ ਸਿਵਲ ਸੁਸਾਇਟੀ ਦੇ ਮੈਂਬਰਾਂ ਨਾਲ ਗੱਲਬਾਤ ਕਰ ਕੇ ਖੇਤਰੀ ਦੇ ਦੁਵੱਲੇ ਮੁੱਦਿਆਂ 'ਤੇ ਚਰਚਾ ਕਰਨਗੇ।

# ਸਾਬਕਾ ਪੋਪ ਬੈਨੇਡਿਕਟ ਵਿਆਹੇ ਮਰਦਾਂ ਨੂੰ ਪਾਦਰੀ ਬਣਾਉਣ ਦੇ ਪੱਖ ਵਿੱਚ ਨਹੀਂ



ਰੋਮ, 13 ਜਨਵਰੀ (ਪੋਸਟ ਬਿਊਰੋ)- ਸਾਬਕਾ ਪੋਪ ਬੈਨੇਡਿਕਟ 16ਵੇਂ ਨੇ ਕੈਥੋਲਿਕ ਚਰਚ ਵਿਚ ਵਿਆਹੇ ਮਰਦਾਂ ਨੂੰ ਪਾਦਰੀ ਬਣਾਉਣ ਬਾਰੇ ਚੁੱਪ ਤੋੜੀ ਹੈ। ਉਨ੍ਹਾਂ ਨੇ ਆਪਣੀ ਨਵੀਂ ਕਿਤਾਬ ਵਿਚ ਅਣਵਿਆਹੇ ਮਰਦਾਂ ਨੂੰ ਪਾਦਰੀ ਬਣਾਉਣ ਦੀ ਪ੍ਰੰਪਰਾ ਦਾ ਬਚਾਅ ਕਰਦੇ ਹੋਏ ਆਪਣੇ ਤੋਂ ਬਾਅਦ ਦੇ ਪੋਪ ਫਰਾਂਸਿਸ ਤੋਂ ਵਿਆਹੇ ਮਰਦਾਂ ਲਈ ਪਾਦਰੀ ਬਣਾਉਣ ਦਾ ਰਸਤਾ ਨਾ ਖੋਲ੍ਹਣ ਦੀ ਅਪੀਲ ਕੀਤੀ ਹੈ। ਪੋਪ ਫਰਾਂਸਿਸ ਇਸ ਵੇਲੇ ਅਮੇਜ਼ਨ ਵਰਗੇ ਦੂਰ ਦੇ ਉਨ੍ਹਾਂ ਖੇਤਰਾਂ ਵਿਚ ਵਿਆਹੇ ਮਰਦਾਂ ਨੂੰ ਪਾਦਰੀ ਬਣਾਏ ਜਾਣ ਦੀ ਖੁੱਲ੍ਹ ਦੇਣ ਬਾਰੇ ਸੋਚ ਰਹੇ ਹਨ, ਜਿਥੇ ਪਾਦਰੀਆਂ ਦੀ ਕਮੀ ਹੈ।

92 ਸਾਲਾ ਸਾਬਕਾ ਪੋਪ ਬੈਨੇਡਿਕਟ ਨੇ ਕਾਰਡੀਨਲ ਰਾਬਰਟ ਸਾਰਾ ਨਾਲ ਮਿਲ ਕੇ 'ਫਰਾਮ ਦ ਡੈਪਥ ਆਫ ਆਵਰ ਹਾਰਟਸ' ਸਿਰਲੇਖ ਨਾਲ ਕਿਤਾਬ ਲਿਖੀ ਹੈ। ਫਰਾਂਸੀਸੀ ਅਖ਼ਬਾਰ 'ਲੀ ਫਿਗਾਰੋ' ਵਿੱਚ ਐਤਵਾਰ ਇਸ ਕਿਤਾਬ ਦੇ ਕੁਝ ਹਿੱਸੇ ਛਾਪੇ ਗਏ। ਬੈਨੇਡਿਕਟ ਨੇ ਕਿਤਾਬ ਵਿਚ ਲਿਖਿਆ ਹੈ, 'ਮੈਂ ਚੁੱਪ ਨਹੀਂ ਰਹਿ ਸਕਦਾ।' ਕਿਤਾਬ ਦੇ ਦੋਵਾਂ ਲੇਖਕਾਂ ਨੇ ਸਾਰੇ ਚਰਚਾਂ ਨੂੰ ਅਪੀਲ ਕੀਤੀ ਹੈ ਕਿ ਉਹ ਇਨ੍ਹਾਂ ਬੁਰੀਆਂ ਦਲੀਲਾਂ, ਝੂਠ ਤੇ ਖ਼ਾਮੀਆਂ ਦੇ ਅੱਗੇ ਨਾ ਝੁੱਕਣ ਜੋ ਅਣਵਿਆਹੇ ਪਾਦਰੀ ਦੇ ਮਹੱਤਵ ਨੂੰ ਘੱਟ ਕਰਨਾ ਚਾਹੁੰਦੇ ਹਨ। ਉਨ੍ਹਾਂ ਨੇ ਚੌਕਸ ਕੀਤਾ ਹੈ ਕਿ ਆਪਣੇ ਬ੍ਰਹਮਚਾਰੀ ਜੀਵਨ ਨਾਲ ਜੁੜੇ ਸਵਾਲਾਂ ਬਾਰੇ ਪਾਦਰੀ ਉਲਝਣ ਵਿਚ ਪੈ ਸਕਦੇ ਹਨ।

ਸਾਲ 2013 ਵਿੱਚ ਪੋਪ ਦਾ ਅਹੁਦਾ ਛੱਡਣ ਵਾਲੇ ਬੈਨੇਡਿਕਟ ਕੈਥੋਲਿਕ ਚਰਚ ਨਾਲ ਜੁੜੇ ਅਹਿਮ ਮਸਲਿਆਂ ਉੱਤੇ ਲਗਾਤਾਰ ਆਪਣੀ ਰਾਏ ਦੇਂਦੇ ਰਹਿੰਦੇ ਹਨ। ਉਹ 600 ਸਾਲਾਂ ਦੇ ਇਤਿਹਾਸ ਵਿਚ ਕੈਥੋਲਿਕ ਭਾਈਚਾਰੇ ਦੇ ਵੱਡੇ ਅਹੁਦੇ ਤੋਂ ਅਸਤੀਫ਼ਾ ਦੇਣ ਵਾਲੇ ਪਹਿਲੇ ਪੋਪ ਸਨ।

# ਸਿੱਖ ਭਾਈਚਾਰਾ ਕੈਨਬਰਾ ਵੱਲੋਂ ਅੱਗ ਪ੍ਰਭਾਵਤ ਲੋਕਾਂ ਲਈ ਵਿਸ਼ੇਸ਼ ਯੋਗਦਾਨ




ਸਿਡਨੀ, 13 ਜਨਵਰੀ (ਪੋਸਟ ਬਿਊਰੋ)- ਆਸਟ੍ਰੇਲੀਆ ਵਿੱਚ ਜੰਗਲਾਂ ਦੀ ਅੱਗ ਨੇ ਜਿੱਥੇ ਤਬਾਹੀ ਲਿਆਂਦੀ ਹੈ, ਉਥੇ ਦੂਸਰੇ ਪਾਸੇ ਦਾਨ-ਪੁੰਨ ਕਰਨ ਵਾਲਿਆਂ ਵੱਲੋਂ ਦਿਨ ਖੋਲ੍ਹ ਕੇ ਕਾਰਜ ਕੀਤੇ ਜਾ ਰਹੇ ਹਨ।



ਪੰਜਾਬੀਆਂ ਨੇ ਵੱਖ-ਵੱਖ ਪ੍ਰਭਾਵਿਤ ਇਲਾਕਿਆਂ ਵਿੱਚ ਖੁਦ ਜਾ ਕੇ ਜਿੱਥੇ ਭੋਜਨ ਤੇ ਜ਼ਰੂਰੀ ਵਸਤਾਂ ਦਿੱਤੀਆਂ, ਉਥੇ ਹਫ਼ਤਿਆਂ ਤੋਂ ਆਪ ਸੇਵਾ ਵੀ ਕਰ ਰਹੇ ਹਨ। ਆਸਟ੍ਰੇਲੀਆ ਦੀ ਰਾਜਧਾਨੀ ਕੈਨਬਰਾ ਤੋਂ ਸਿੱਖ ਕਮਿਊਨਿਟੀ ਕੈਨਬਰਾ ਵੱਲੋਂ ਸਾਊਥ ਕੋਸਟ ਵਿੱਚ ਲੱਗੀ ਅੱਗ ਤੋਂ ਪ੍ਰਭਾਵਿਤ ਲੋਕਾਂ ਲਈ ਵਿਸ਼ੇਸ਼ ਤੌਰ ਉੱਤੇ ਗਏ ਹੋਏ ਪਰਮਦੀਪ ਨਰੈਣ ਨੇ ਦੱਸਿਆ ਕਿ ਸਾਊਥ ਕੋਸਟ ਦੇ ਕੋਬਾਰੋ, ਨਾਰੂਆ ਅਤੇ ਹੋਰ ਇਲਾਕਿਆਂ ਵਿੱਚ ਅੱਗ ਨੇ ਸਭ ਕੁਝ ਤਬਾਹ ਕਰ ਦਿੱਤਾ ਹੈ। ਸਭ ਤੋਂ ਵੱਧ ਇਥੇ ਬਚੇ ਜਾਨਵਰਾਂ ਤੇ ਪਸ਼ੂਆਂ ਦੇ ਚਾਰੇ ਦੀ ਮੁਸ਼ਕਲ ਆ ਰਹੀ ਹੈ। ਲੋਕਈ ਕੋਬਾਰੋ ਦੀ ਸ਼ੋਅ ਗਰਾਊਂਡ ਵਿੱਚ ਰਹਿ ਰਹੇ ਹਨ ਅਤੇ ਉਨ੍ਹਾਂ ਨੂੰ ਭੋਜਨ ਦੇ ਨਾਲ-ਨਾਲ ਟਾਰਚ, ਡੀਜ਼ਲ, ਜਨਰੇਟ, ਗੈਸੀ ਚੁੱਲ੍ਹੇ ਤੇ ਹੋਰ ਨਿੱਜੀ ਵਰਤੋਂ ਵਾਲੀਆਂ ਵਸਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਲੋਕਾਂ ਦੇ ਮੁੜ ਵਸੇਬੇ ਲਈ ਅਮਰ ਸਿੰਘ ਅਤੇ ਕੇਅਰ ਵਨ ਕੇਅਰ ਆਲ ਤੋਂ ਪਰਮਜੀਤ ਸਿੰਘ ਬੈਨੀਪਾਲ ਨੇ ਦੱਸਿਆ ਕਿ ਭੰਗਰਾਂ ਦੇ ਵਾੜੇ ਦੀ ਫੈਂਸ ਲਾਉਣ ਲਈ ਲੋੜੀਂਦੇ ਸੰਦ ਅਤੇ ਹੋਰ ਵਸਤਾਂ ਮੁਹੱਈਆ ਕਰਾਈਆਂ ਜਾ ਰਹੀਆਂ ਹਨ। ਪੰਜਾਬੀਆਂ ਵੱਲੋਂ ਰਾਹਤ ਕਾਰਜਾਂ ਵਿੱਚ ਵਿਸ਼ੇਸ਼ ਯੋਗਦਾਨ ਪਾਇਆ ਜਾ ਰਿਹਾ ਹੈ।

# ਨਾਸਾ ਵੱਲੋਂ ਈਰਾਨੀ ਮੂਲ ਦੀ ਜੈਸਮੀਨ ਪੁਲਾੜ ਵਿੱਚ ਜਾਵੇਗੀ




ਹਿਊਸਟਨ, 13 ਜਨਵਰੀ (ਪੋਸਟ ਬਿਊਰੋ)- ਪੁਲਾੜ ਵਿੱਚ ਨਾਸਾ ਦੀ ਅਗਲੀ ਮੁਹਿੰਮ ਲਈ ਚੁਣੀ ਜਾਣ ਵਾਲੀ ਜੈਸਮੀਨ ਮੋਗਬੇਲੀ ਈਰਾਨੀ ਮੂਲ ਦੀ ਪਹਿਲੀ ਅਮਰੀਕੀ ਨਾਗਰਿਕ ਹੈ।

ਅਮਰੀਕੀ ਮਰੀਨ ਕੋਰ ਦੀ ਮੇਜਰ ਜੈਸਮੀਨ ਹੈਲੀਕਾਪਟਰ ਗੰਨਸ਼ਿਪ ਪਾਇਲਟ ਵਜੋਂ ਅਫ਼ਗਾਨਿਸਤਾਨ ਵਿੱਚ 150 ਤੋਂ ਜ਼ਿਆਦਾ ਮੁਹਿੰਮਾ ਵਿੱਚ ਹਿੱਸਾ ਲੈ ਚੁੱਕੀ ਹੈ। ਐਮ ਆਈ ਟੀ ਯੂਨੀਵਰਸਿਟੀ ਤੋਂ ਬੀ ਏ ਜੈਸਮੀਨ ਬਾਸਕਿਟਬਾਲ ਦੀ ਵੀ ਚੰਗੀ ਖਿਡਾਰਨ ਹੈ। ਜੈਸਮੀਨ ਦੀ ਚੋਣ ਅਜਿਹੇ ਸਮੇਂ ਹੋਈ ਹੈ ਜਦੋਂ ਅਮਰੀਕਾ ਦੇ ਹਮਲੇ ਵਿੱਚ ਈਰਾਨੀ ਕਮਾਂਡਰ ਕਾਸਿਮ ਸੁਲੇਮਾਨੀ ਦੀ ਮੌਤ ਪਿੱਛੋਂ ਦੋਵਾਂ ਦੇਸ਼ਾਂ 'ਚ ਤਣਾਅ ਸਿਖਰ ਉੱਤੇ ਹੈ। ਜੈਸਮੀਨ (36) ਦੇ ਮਾਤਾ-ਪਿਤਾ ਈਰਾਨੀ ਸਨ। 1979 'ਚ ਇਸਲਾਮਿਕ ਕ੍ਰਾਂਤੀ ਪਿੱਛੋਂ ਉਹ ਈਰਾਨ ਛੱਡ ਕੇ ਜਨਮਨੀ ਚਲੇ ਗਏ ਸਨ ਜਿੱਥੇ ਜੈਸਮੀਨ ਅਤੇ ਉਨ੍ਹਾਂ ਦੇ ਭਰਾ ਦਾ ਜਨਮ ਹੋਇਆ। ਨਿਊਯਾਰਕ ਦੇ ਬਾਲਡਵਿਨ ਵਿੱਚ ਰਹੀ ਜੈਸਮੀਨ ਉਸ ਨੂੰ ਹੀ ਆਪਣਾ ਘਰ ਮੰਨਦੀ ਹੈ। ਮੈਸਾਚਿਊਸੈਟਸ ਇੰਸਟੀਚਿਊਟ ਆਫ ਟੈਕਨਾਲੋਜੀ ਤੋਂ ਏਅਰੋਨਾਟਿਕਲ ਇੰਜੀਨੀਅਰਿੰਗ ਵਿੱਚ ਬੀ ਏ ਜੈਸਮੀਨ ਨੇ ਜਦੋਂ ਫ਼ੌਜੀ ਪਾਇਲਟ ਬਣਨ ਦੀ ਇੱਛਾ ਪ੍ਰਗਟਾਈ ਤਾਂ ਉਸ ਦੇ ਮਾਤਾ-ਪਿਤਾ ਹੈਰਾਨ ਰਹਿ ਗਏ, ਪ੍ਰੰਤੂ ਜਦੋਂ ਉਹ ਫ਼ੌਜ ਵਿੱਚ ਸ਼ਾਮਲ ਹੋ ਗਈ ਤਾਂ ਮਾਤਾ-ਪਿਤਾ ਨੇ ਉਸ ਦਾ ਪੂਰਾ ਸਾਥ ਦਿੱਤਾ। ਉਹ 2005 ਵਿੱਚ ਅਮਰੀਕੀ ਫ਼ੌਜ ਵਿੱਚ ਸ਼ਾਮਲ ਹੋਈ ਸੀ। ਆਪਣੀਆਂ ਸਾਰੀਆਂ ਸਫਲਤਾਵਾਂ ਲਈ ਮਾਤਾ-ਪਿਤਾ ਅਤੇ ਆਪਣੇ ਪਾਰਟਨਰ ਸੈਮ ਨੂੰ ਸਿਹਰਾ ਦੇਣ ਵਾਲੀ ਜੈਸਮੀਨ ਨੇ ਕਿਹਾ ਕਿ ਮੈਨੂੰ ਆਸ ਹੈ ਕਿ ਮੇਰੀ ਇਸ ਸਫਲਤਾ ਨਾਲ ਸਾਧਾਰਨ ਪਿੱਠਭੂਮੀ ਤੋਂ ਆਉਂਦੇ ਲੋਕ ਪ੍ਰਭਾਵਿਤ ਹੋਣਗੇ। ਜੈਸਮੀਨ ਤਿੰਨ ਮਹੀਨੇ ਪਹਿਲੇ ਹੀ ਆਪਣੇ ਪਾਰਟਨਰ ਸੈਮ ਨਾਲ ਵਿਆਹ ਬੰਧਨ ਵਿੱਚ ਬੱਝੀ ਹੈ।

# ਇੱਕੋ ਸਾਲ ਵਿੱਚ ਮਹਿਲਾ ਨੇ ਦੋ ਵਾਰ ਦੋ-ਦੋ ਬੱਚੇ ਜਨਮੇ

ਵਾਸ਼ਿੰਗਟਨ, 13 ਜਨਵਰੀ (ਪੋਸਟ ਬਿਊਰੋ)- ਇੱਕ ਮਹਿਲਾ ਨੇ ਇੱਕੋ ਸਾਲ ਵਿੱਚ ਦੋ ਵਾਰ ਦੋ-ਦੋ ਬੱਚਿਆਂ ਨੂੰ ਜਨਮ ਦੇ ਦਿੱਤਾ ਹੈ। ਫਲੋਰੀਡਾ ਵਿੱਚ ਰਹਿਣ ਵਾਲੀ ਇਸ ਮਾਂ ਨੇ ਪਹਿਲੀ ਵਾਰ ਮਾਰਚ 2019 ਵਿੱਚ ਦੋ ਬੱਚਿਆਂ ਨੂੰ ਜਨਮ ਦਿੱਤਾ ਸੀ ਅਤੇ ਇਸ ਦੇ ਬਾਅਦ ਦਸੰਬਰ ਵਿੱਚ ਵੀ ਉਨ੍ਹਾਂ ਦੇ ਦੋ ਬੱਚੇ ਹੋਏ ਸਨ। ਅਲੈਗਜੈਂਡਰੀਆ ਵੋਲਸਟਿਨ ਨਾਂਅ ਦੀ ਮਹਿਲਾ ਨੇ ਕਿਹਾ ਕਿ ਉਨ੍ਹਾਂ ਨੂੰ ਅਜਿਹਾ ਮਹਿਸੂਸ ਹੋ ਰਿਹਾ ਹੈ ਜਿਵੇਂ ਉਨ੍ਹਾਂ ਨੂੰ ਦੋ ਵਾਰ ਇਨਾਮ ਮਿਲ ਗਿਆ ਹੋਵੇ। ਮਾਰਚ ਵਿੱਚ ਜੁੜਵਾਂ ਬੱਚਿਆਂ ਨੂੰ ਜਨਮ ਦੇਣ ਦੇ ਬਾਅਦ ਵੋਲਸਟਿਨ ਮਈ ਵਿੱਚ ਪ੍ਰੈਗਨੈਂਟ ਹੋ ਗਈ ਤਾਂ ਡਾਕਟਰ ਨੇ ਓਦੋਂ ਹੀ ਕਹਿ ਦਿੱਤਾ ਸੀ ਕਿ ਦੋਬਾਰਾ ਜੁੜਵਾਂ ਬੱਚੇ ਹੋਣ ਦੀ ਸੰਭਾਵਨਾ ਹੈ। ਵੋਲਸਟਿਨ ਨੇ ਕਿਹਾ ਕਿ ਉਨ੍ਹਾਂ ਦੀ ਦਾਦੀ ਨੇ ਵੀ ਦੋ ਵਾਰ ਜੁੜਵਾਂ ਬੱਚਿਆਂ ਨੂੰ ਜਨਮ ਦਿੱਤਾ ਸੀ, ਪ੍ਰੰਤੂ ਉਨ੍ਹਾਂ ਬੱਚਆਂ ਦੀ ਮੌਤ ਹੋ ਗਈ ਸੀ। ਇਸ ਲਈ ਵੋਲਸਟਿਨ ਨੇ ਕਿਹਾ ਕਿ ਉਨ੍ਹਾਂ ਨੂੰ ਅਜਿਹਾ ਲੱਗਦਾ ਹੈ ਕਿ ਦਾਦੀ ਨੇ ਉਨ੍ਹਾਂ ਨੂੰ ਆਪਣੇ ਦੋ ਬੱਚੇ ਗਿਫਟ ਕੀਤੇ ਹਨ।

# ਸ਼ੇਰ-ਏ-ਪੰਜਾਬ ਦੇ ਪਿਤਾ ਮਹਾਂ ਸਿੰਘ ਦੀ ਸਮਾਧ ਦਾ ਕਬਜ਼ਾ ਮੁਕਤ ਕਰਾਇਆ ਗਿਆ



ਲਾਹੌਰ, 13 ਜਨਵਰੀ (ਪੋਸਟ ਬਿਊਰੋ)- ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਪਿਤਾ ਸਰਦਾਰ ਮਹਾਂ ਸਿੰਘ ਸ਼ੁਕਰਚੱਕੀਆ ਦੀ ਸਮਾਧ ਨੂੰ ਪਾਕਿਸਤਾਨ ਦੇ ਜ਼ਿਲ੍ਹਾ ਗੁਜਰਾਂਵਾਲਾ ਦੇ ਪ੍ਰਸ਼ਾਸਨ ਨੇ ਨਾਜਾਇਜ਼ ਕਬਜ਼ੇ ਤੋਂ ਛੁਡਾ ਲਿਆ ਅਤੇ ਇਸ ਦੀ ਨਵ-ਉਸਾਰੀ ਪੁਰਾਤਤਵ ਵਿਭਾਗ ਦੇ ਮਾਹਿਰਾਂ ਤੋਂ ਬਹੁਤ ਜਲਦੀ ਸ਼ੁਰੂ ਕਰਵਾਈ ਜਾਵੇਗੀ। ਇਸ ਸੰਬੰਧ ਵਿੱਚ ਬਾਬਰ ਜਲੰਧਰੀ ਨੇ ਦੱਸਿਆ ਕਿ ਗੁਜਰਾਂਵਾਲਾ ਦੀ ਜੀ ਟੀ ਰੋਡ ਉਤੇ ਮੌਜੂਦ ਸ਼ੇਰਾਂ ਵਾਲੇ ਬਾਗ਼ ਵਿਖੇ ਸਰਦਾਰ ਮਹਾਂ ਸਿੰਘ ਦੀ ਸਮਾਧ ਦੇ ਆਸ-ਪਾਸ ਦੇ ਕਮਰਿਆਂ 'ਚ ਮੌਜੂਦਾ ਸਮੇਂ ਲੜਕੀਆਂ ਦਾ ਇੱਕ ਸਕੂਲ ਚੱਲਦਾ ਹੈ, ਜਦ ਕਿ ਸਮਾਧ ਦੇ ਗੁੰਬਦ ਸਮੇਤ ਹੇਠਲੇ ਕਮਰਿਆਂ ਅਤੇ ਹੋਰਨਾਂ ਸਮਾਰਕਾਂ 'ਤੇ ਨਾਜਾਇਜ਼ ਕਬਜ਼ੇ ਸਨ। ਇਹ ਮਾਮਲਾ ਪੰਜਾਬੀ ਮੈਗਜ਼ੀਨ 'ਪੰਜਾਬੀ ਲਹਿਰ' ਦੇ ਨਾਸਿਰ ਢਿੱਲੋਂ ਅਤੇ ਭੁਪਿੰਦਰ ਸਿੰਘ ਲਵਲੀ ਵੱਲੋਂ ਸਾਹਮਣੇ ਲਿਆਉਣ ਮਗਰੋਂ ਗੁਜਰਾਂਵਾਲਾ ਦੇ ਡਿਪਟੀ ਕਮਿਸ਼ਨਰ ਲੈਫਟੀਨੈਂਟ (ਸੇਵਾ-ਮੁਕਤ) ਸੁਹੇਲ ਅਸ਼ਰਫ਼ ਨੇ ਕਾਰਵਾਈ ਕਰਕੇ ਇਹ ਸਭ ਕਬਜ਼ੇ ਹਟਵਾ ਦਿੱਤੇ ਹਨ। ਭੁਪਿੰਦਰ ਸਿੰਘ ਲਵਲੀ ਅਨੁਸਾਰ ਨੌਸ਼ਹਿਰਾ ਵਿਰਕਾਂ ਵਿਚ ਛੇਵੀਂ ਪਾਤਸ਼ਾਹੀ ਵਾਲੇ ਗੁਰਦੁਆਰਾ ਖ਼ਾਰਾ ਸਾਹਿਬ ਨੂੰ ਪਿਛਲੇ ਦਿਨੀਂ ਕਬਜ਼ਾ ਮੁਕਤ ਕਰਾਉਣ ਉਪਰੰਤ ਇਸ ਸਮਾਧ ਵਿਖੇ ਪਹੁੰਚੇ ਡਿਪਟੀ ਕਮਿਸ਼ਨਰ ਅਸ਼ਰਫ਼ ਨੇ ਦੱਸਿਆ ਕਿ ਸਰਦਾਰ ਮਹਾਂ ਸਿੰਘ ਦੀ ਸਮਾਧ ਦੀ ਇਤਿਹਾਸਕ ਇਮਾਰਤ ਨਾਲ ਬਿਨਾਂ ਛੇੜਛਾੜ ਕੀਤੇ ਇਸ ਦੀ ਖਸਤਾ ਹਾਲ ਇਮਾਰਤ ਦੀ ਨਵ-ਉਸਾਰੀ ਪੁਰਾਤਤਵ ਵਿਭਾਗ ਦੇ ਮਾਹਰਾਂ ਤੋਂ ਕਰਵਾਈ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਬਾਰੇ ਇੰਸਟੀਚਿਊਟ ਆਫ਼ ਕਲਚਰ ਐਂਡ ਆਰਟ, ਪੁਰਾਤਵ ਵਿਭਾਗ ਅਤੇ ਪਾਰਕ ਐਂਡ ਹਾਰਟੀਕਲਚਰ ਅਥਾਰਟੀ ਨਾਲ ਲਾਹੌਰ ਵਿਖੇ ਬੈਠਕ ਵੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਸਮਾਧ ਦੀ ਨਵ-ਉਸਾਰੀ ਮੁਕੰਮਲ ਹੋਣ ਉਪਰੰਤਰ ਇਹ ਸਿੱਖ ਸੰਗਤ ਲਈ ਖੋਲ੍ਹ ਦਿੱਤੀ ਜਾਵੇਗੀ।

# ਸੇਰੇਨਾ ਨੇ ਤਿੰਨ ਸਾਲ ਬਾਅਦ ਖ਼ਿਤਾਬ ਜਿੱਤਿਆ



ਆਕਲੈਂਡ, 13 ਜਨਵਰੀ (ਪੋਸਟ ਬਿਊਰੋ)- ਅਮਰੀਕਾ ਦੀ ਦਿੱਗਜ ਮਹਿਲਾ ਟੈਨਿਸ ਖਿਡਾਰਨ ਸੈਰੇਨਾ ਵਿਲੀਅਮਜ਼ ਨੇ ਕੱਲ੍ਹ ਨੂੰ ਡਬਲਿਊ ਟੀ ਏ ਆਕਲੈਂਡ ਕਲਾਸਿਕ ਫਾਈਨਲ 'ਚ ਹਮ-ਵਤਨ ਖਿਡਾਰਨ ਜੈਸਿਕਾ ਪੇਗੁਲਾ ਨੂੰ ਹਰਾ ਕੇ ਖ਼ਿਤਾਬ ਆਪਣੇ ਨਾਂਅ ਕੀਤਾ। ਸੈਰੇਨਾ ਨੇ ਟੂਰਨਾਮੈਂਟ ਵਿੱਚ ਮਿਲੀ ਖ਼ਿਤਾਬੀ ਜਿੱਤ ਦੀ ਇਨਾਮੀ ਰਾਸ਼ੀ ਆਸਟ੍ਰੇਲੀਆ ਦੇ ਜੰਗਲਾਂ 'ਚ ਲੱਗੀ ਅੱਗ ਦੇ ਪੀੜਤਾਂ ਨੂੰ ਦਾਨ ਕਰ ਦਿੱਤੀ ਹੈ।

ਵਰਨਣ ਯੋਗ ਹੈ ਕਿ ਸੇਰੇਨਾ ਨੇ ਇਸ ਤਰ੍ਹਾਂ ਤਿੰਨ ਸਾਲ ਦੇ ਖ਼ਿਤਾਬੀ ਸੋਕੇ ਨੂੰ ਸਮਾਪਤ ਕੀਤਾ ਅਤੇ ਇਸ ਮਹੀਨੇ ਹੋਣ ਵਾਲੇ ਸਾਲ ਦੇ ਪਹਿਲੇ ਗ੍ਰੈਂਡਸਲੈਮ ਆਸਟ੍ਰੇਲੀਅਨ ਓਪਨ ਲਈ ਉਮੀਦਾਂ ਵਧਾ ਦਿੱਤੀਆਂ, ਜਿਸ 'ਚ ਉਹ ਮਾਰਗਰੇਟ ਕੋਰਟ ਦੇ 24 ਗ੍ਰੈਂਡਸਲੈਮ ਖ਼ਿਤਾਬ ਦੀ ਬਰਾਬਰੀ ਕਰਨ ਦੀ ਕੋਸ਼ਿਸ਼ ਕਰੇਗੀ। ਸੈਰੇਨਾ ਨੇ ਪੇਗੁਲਾ ਨੂੰ ਲਗਾਤਾਰ ਸੈਟ 'ਚ 6-3, 6-4 ਨਾਲ ਮਾਤ ਦੇ ਕੇ 2017 ਵਿੱਚ ਮੈਲਬੌਰਨ 'ਚ ਆਸਟ੍ਰੇਲੀਅਨ ਓਪਨ 'ਚ ਹਾਸਲ ਕੀਤੇ ਖ਼ਿਤਾਬ ਤੋਂ ਬਾਅਦ ਇਹ ਉਨ੍ਹਾਂ ਦਾ ਪਹਿਲਾ ਖ਼ਿਤਾਬ ਹੈ। ਇਸ ਵਿੱਚ ਉਨ੍ਹਾਂ ਨੇ 43000 ਅਮਰੀਕੀ ਡਾਲਰ ਦਾ ਚੈਕ ਮਿਲਿਆ, ਜੋ ਉਨ੍ਹਾਂ ਨੇ ਆਸਟ੍ਰੇਲੀਆ ਦੇ ਲਈ ਰਾਹਤ ਕੋਸ਼ 'ਚ ਦਾਨ ਦੇ ਦਿੱਤਾ। ਸੇਰੇਨਾ ਨੇ ਕੈਰੋਲਿਨਾ ਵੋਜਿਨਿਆਕੀ ਨਾਲ ਜੋੜੀ ਦੇ ਫਾਈਨਲ 'ਚ ਜਗ੍ਹਾ ਬਣਾਈ ਸੀ ਪਰ ਉਨ੍ਹਾਂ ਨੂੰ ਆਸੀਆ ਮੁਹੰਮਦ ਅਤੇ ਟੇਲਰ ਟਾਊਨਸੈਂਡ ਖ਼ਿਲਾਫ਼ 4-6, 4-6 ਨਾਲ ਹਾਰ ਦਾ ਸਾਹਮਣਾ ਕਰਨਾ ਪਿਆ। ਉਹ ਅੱਗੋਂ ਵੱਡੀ ਆਸ ਲਾਈ ਬੈਠੀ ਹੈ।

# ਅਮਰੀਕਾ ਉੱਤੇ ਬੰਬ ਸੁੱਟਣ ਦੀ ਸਲਾਹ ਉੱਤੇ ਭਾਰਤਵੰਸ਼ੀ ਪ੍ਰੋਫੈਸਰ ਦੀ ਨੌਕਰੀ ਗਈ

ਨਿਊਯਾਰਕ, 13 ਜਨਵਰੀ (ਪੋਸਟ ਬਿਊਰੋ)- ਫੇਸਬੁੱਕ ਪੋਸਟ ਉੱਤੇ ਈਰਾਨ ਨੂੰ ਚੋਣਵੇਂ ਅਮਰੀਕੀ ਅੱਡਿਆਂ ਉੱਤੇ ਬੰਬ ਸੁੱਟਣ ਦੀ ਸਲਾਹ ਦੇਣ ਵਾਲੇ ਭਾਰਤ ਵੰਸ਼ੀ ਪ੍ਰੋਫੈਸਰ ਅਸ਼ੀਨ ਫਨਸੇ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ ਹੈ। ਬਾਬਸਨ ਕਾਲਜ ਬੋਸਟਨ ਦੇ ਮੁਤਾਬਕ ਨਿੱਜੀ ਫੇਸਬੁੱਕ ਪੇਜ ਉੱਤੇ ਕੀਤੀ ਅਸ਼ੀਨ ਦੀ ਪੋਸਟ ਕਾਲਜ ਦੇ ਮੁੱਲਾਂ ਅਤੇ ਸੰਸਕ੍ਰਿਤੀ ਦੇ ਮੁਤਾਬਕ ਨਹੀਂ। ਪ੍ਰੋਫੈਸਰ ਨੇ ਪਿਛਲੇ ਹਫ਼ਤੇ ਇਸ ਦੀ ਮਾਫ਼ੀ ਮੰਗਦੇ ਹੋਏ ਇਸ ਨੂੰ ਮਜ਼ਾਕ ਕਿਹਾ ਸੀ।



ਅਸਲ ਵਿੱਚ ਪ੍ਰੋਫੈਸਰ ਅਸ਼ੀਨ ਫਨਸੇ ਦੀ ਇਸ ਪੋਸਟ ਨੂੰ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਕੀਤੇ ਉਸ ਟਵੀਟ ਦੇ ਜਵਾਬ ਵਜੋਂ ਦੇਖਿਆ ਗਿਆ, ਜਿਸ ਵਿਚ ਉਨ੍ਹਾਂ ਨੇ ਈਰਾਨ ਨੂੰ ਚਿਤਾਵਨੀ ਦੇਂਦੇ ਹੋਏ ਕਿਹਾ ਸੀ ਕਿ ਉਹ ਹਮਲਾ ਕਰੇਗਾ ਤਾਂ ਅਮਰੀਕਾ ਉਸ ਦੇ 52 ਅਹਿਮ ਟਿਕਾਣਿਆਂ ਅਤੇ ਸੱਭਿਆਚਾਰਕ ਅਦਾਰਿਆਂ ਨੂੰ ਨਿਸ਼ਾਨਾ ਬਣਾਏਗਾ। ਅਮਰੀਕਾ ਦੇ ਅਧਿਕਾਰੀਆਂ ਨੇ ਟਰੰਪ ਦੇ ਬਿਆਨ ਦੇ ਉਲਟ ਕਿਹਾ ਸੀ ਕਿ ਸੱਭਿਆਚਾਰਕ ਥਾਵਾਂ ਨੂੰ ਨਿਸ਼ਾਨਾ ਬਣਾਇਆ ਜਾਣਾ ਅੰਤਰਰਾਸ਼ਟਰੀ ਕਾਨੂੰਨ ਹੇਠ ਜੰਗੀ ਅਪਰਾਧ ਹੈ ਅਤੇ ਅਮਰੀਕਾ ਕਦੇ ਵੀ ਅਜਿਹਾ ਨਹੀਂ ਕਰੇਗਾ।

ਪ੍ਰੋਫੈਸਰ ਅਸ਼ੀਨ ਫਨਸੇ ਨੇ ਪੰਜ ਜਨਵਰੀ ਨੂੰ ਲਿਖੀ ਆਪਣੀ ਪੋਸਟ ਵਿਚ ਕਿਹਾ ਕਿ ਈਰਾਨ ਦੇ ਸਰਬ ਉੱਚ ਆਗੂ ਨੂੰ 52 ਅਮਰੀਕੀ ਸੱਭਿਆਚਾਰਕ ਵਿਰਾਸਤਾਂ ਦੀ ਸੂਚੀ ਜਾਰੀ ਕਰਨੀ ਚਾਹੀਦੀ ਹੈ, ਜਿਥੇ ਉਹ ਬੰਬ ਸੁੱਟਣਾ ਚਾਹੁੰਦੇ ਹਨ। ਉਨ੍ਹਾਂ ਨੇ ਆਪਣੇ ਵੱਲੋਂ ਮਿਨੀਸੋਟਾ ਦੇ ਮਾਲ ਆਫ ਅਮਰੀਕਾ ਅਤੇ ਅਮਰੀਕੀ ਸੈਲੇਬ੍ਰਿਟੀ ਕਿਮ ਕਰਦਾਸ਼ੀਆਂ ਦੇ ਘਰ ਉੱਤੇ ਵੀ ਬੰਬ ਸੁੱਟਣ ਦੀ ਸਲਾਹ ਦੇ ਦਿੱਤੀ ਸੀ। ਪ੍ਰੋਫੈਸਰ ਅਸ਼ੀਨ ਪ੍ਰਮੁੱਖ ਬਾਬਸਨ ਕਾਲਜ ਦੇ ਡਾਇਰੈਕਟਰ ਸਨ। ਇਹ ਕਾਲਜ ਬੋਸਟਨ ਤੋਂ 20 ਕਿਲੋਮੀਟਰ ਦੂਰ ਵੈਲੇਸਲੇ ਵਿਚ ਹੈ। ਪ੍ਰੋਫੈਸਰ ਅਸ਼ੀਨ ਨੇ ਆਪਣੀ ਸਫਾਈ ਵਿਚ ਕਿਹਾ ਕਿ ਫੇਸਬੁੱਕ ਉੱਤੇ ਮੈਂ ਆਪਣੇ ਦੋਸਤਾਂ ਨਾਲ ਮਜ਼ਾਕ ਕੀਤਾ ਸੀ, ਪ੍ਰੰਤੂ ਲੋਕਾਂ ਨੇ ਗ਼ਲਤ ਅਰਥ ਕੱਢ ਲਿਆ। ਮੈਨੂੰ ਆਸ ਸੀ ਕਿ ਕਾਲਜ ਮੇਰੇ ਬੋਲਣ ਦੀ ਆਜ਼ਾਦੀ ਦਾ ਸਨਮਾਨ ਅਤੇ ਬਚਾਅ ਕਰੇਗਾ ਪ੍ਰੰਤੂ ਅਜਿਹਾ ਨਹੀਂ ਹੋਇਆ।

# ਬੇਵਫ਼ਾ ਪਤੀ 1132 ਰੁਪਏ ਦਾ ਸੌਂਕਣ ਨੂੰ ਵੇਚਿਆ

ਨੈਰੋਬੀ, 13 ਜਨਵਰੀ (ਪੋਸਟ ਬਿਊਰੋ)- ਪਤੀ ਦੀ ਬੇਵਫ਼ਾਈ ਉੱਤੇ ਅਕਸਰ ਔਰਤਾਂ ਉਸ ਨਾਲ ਝਗੜਾ ਕਰਦੀਆਂ ਜਾਂ ਤਲਾਕ ਲੈਂਦੀਆਂ ਹਨ। ਕੀਨੀਆ ਵਿਚ ਇਕ ਹੈਰਾਨੀ ਵਾਲਾ ਕੇਸ ਸਾਹਮਣੇ ਆਇਆ ਹੈ। ਇਥੇ ਇਕ ਔਰਤ ਨੇ ਆਪਣੇ ਪਤੀ ਨੂੰ ਦੂਜੀ ਔਰਤ ਨਾਲ ਦੇਖਿਆ ਤਾਂ ਉਸ ਨੇ ਮਸਾਂ 17 ਡਾਲਰ ਵਿਚ ਉਸੇ ਨੂੰ ਵੇਚ ਦਿੱਤਾ।

ਏਡਨਾ ਮੁਕਾਵਾਨਾ ਨੇ ਆਪਣੇ ਬਿਸਤਰੇ ਉੱਤੇ ਪਤੀ ਨੂੰ ਦੂਜੀ ਔਰਤ ਨਾਲ ਹਮ-ਬਿਸਤਰ ਹੁੰਦੇ ਰੰਗੇਂ ਹੱਥੀਂ ਪਕੜ ਲਿਆ ਤਾਂ ਉਸ ਨੂੰ ਘਰੋਂ ਕੱਢ ਦਿੱਤਾ। ਇਸ ਨਾਲ ਪਤੀ ਨੂੰ ਸਾਫ਼ ਕਹਿ ਦਿੱਤਾ ਕਿ ਉਹ ਵਾਪਸ ਨਾ ਆਵੇ। ਇਸ ਤੋਂ ਪਹਿਲਾਂ ਔਰਤ ਨੇ ਆਪਣੀ ਸੌਂਕਣ ਨੂੰ ਕਿਹਾ ਕਿ ਉਹ 17 ਡਾਲਰ ਲੈ ਕੇ ਉਸ ਦੇ ਪਤੀ ਨੂੰ ਹਮੇਸ਼ਾ ਲਈ ਛੱਡ ਦੇਵੇ। ਜਦੋਂ ਦੂਜੀ ਔਰਤ ਨੇ ਇਹੀ 17 ਡਾਲਰ ਵਾਲੀ ਆਫ਼ਰ ਉਸ ਨੂੰ ਦਿੱਤੀ ਤਾਂ ਉਸ ਨੇ ਇਸ ਨੂੰ ਸਵੀਕਾਰ ਕਰ ਲਿਆ ਅਤੇ ਆਪਣਾ ਪਤੀ ਸੌਂਕਣ ਦੇ ਹਵਾਲੇ ਕਰ ਕੇ 17 ਡਾਲਰ ਲੈ ਲਏ। ਪਤੀ ਨੂੰ 1132 ਰੁਪਏ ਦਾ ਵੇਚ ਕੇ ਏਡਨਾ ਨੇ ਬੱਚਿਆਂ ਲਈ ਕੱਪੜੇ ਖ਼ਰੀਦ ਲਏ। ਉਸ ਤੋਂ ਜਦੋਂ ਪੁੱਛਿਆ ਗਿਆ ਕਿ ਉਹ ਕਦੇ ਆਪਣੇ ਪਤੀ ਨਾਲ ਰਹੇਗੀ ਤਾਂ ਉਸ ਨੇ ਕਿਹਾ ਕਿ ਸਵਾਲ ਹੀ ਪੈਦਾ ਨਹੀਂ ਹੁੰਦਾ। ਉਹ ਸਾਲ 2019 ਵਿਚ ਇਸ ਘਟੀਆ ਹਰਕਤ ਨਾਲ ਆਪਣੇ ਨਵੇਂ ਸਾਲ ਦੀ ਸ਼ੁਰੂਆਤ ਨਹੀਂ ਕਰਨਾ ਚਾਹੁੰਦੀ। ਏਡਨਾ ਨੇ ਕਿਹਾ ਕਿ ਉਸ ਦਾ ਪਤੀ ਸ਼ਰਾਬੀ ਹੈ। ਜਦੋਂ ਉਹ ਉਸ ਔਰਤ ਨਾਲ ਲਗਾਤਾਰ 7 ਦਿਨਾਂ ਤੋਂ ਰਹਿ ਰਿਹਾ ਸੀ ਤੇ ਘਰ ਨਹੀਂ ਸੀ ਪਰਤਿਆ, ਰੰਗੇਂ ਹੱਥੀਂ ਫੜੇ ਜਾਣ ਤੋਂ ਬਾਅਦ ਉਹ ਉਸ ਨਾਲ ਕਦੇ ਵੀ ਨਹੀਂ ਰਹਿਣਾ ਚਾਹੁੰਦੀ।

# ਸਵਿਸ ਵਿਗਿਆਨੀਆਂ ਨੇ ਪਲਾਸਟਿਕ ਤੋਂ 18 ਕੈਰਟ ਦਾ ਸੋਨਾ ਬਣਾ ਧਰਿਆ

ਜਿਊਰਿਚ, 13 ਜਨਵਰੀ (ਪੋਸਟ ਬਿਊਰੋ)- ਦੁਨੀਆ ਵਿਚ ਪਹਿਲੀ ਵਾਰ ਵਿਗਿਆਨੀਆਂ ਨੇ ਪਲਾਸਟਿਕ ਤੋਂ ਸੋਨਾ ਬਣਾ ਲੈਣ ਦੀ ਸਫਲਤਾ ਹਾਸਲ ਕੀਤੀ ਹੈ। ਇਸ ਤੋਂ ਪਹਿਲਾਂ ਪਲਾਸਟਿਕ ਨਾਲ ਬਾਲਣ ਤੇ ਸੜਕਾਂ ਬਣਾਉਣ ਦੇ ਪ੍ਰਯੋਗ ਹੋ ਚੁੱਕੇ ਹਨ। ਪਲਾਸਟਿਕ ਦੇ ਮੈਟ੍ਰਿਕਸ ਨੂੰ ਕੰਪਾਊਨਡ ਵਿਚ ਵਰਤੋਂ ਕਰ ਕੇ ਬਣਾਇਆ 18 ਕੈਰਟ ਦਾ ਸੋਨਾ ਵਜ਼ਨ ਵਿਚ ਹਲਕਾ ਹੈ ਤੇ ਇਸ ਦੀ ਚਮਕ ਅਸਲੀ ਸੋਨੇ ਵਰਗੀ ਹੈ। ਇਸ ਨੂੰ ਆਸਾਨੀ ਨਾਲ ਪਾਲਿਸ਼ ਕੀਤਾ ਜਾ ਸਕਦਾ ਹੈ।

ਵਿਗਿਆਨੀਆਂ ਦਾ ਕਹਿਣਾ ਹੈ ਕਿ ਹਲਕਾ ਹੋਣ ਕਾਰਨ ਇਹ ਸੋਨੇ ਦੀਆਂ ਘੜੀਆਂ ਅਤੇ ਗਹਿਣਿਆਂ ਦੇ ਰੂਪ ਵਿਚ ਕਾਫੀ ਲੋਕਪ੍ਰਿਆ ਹੋਵੇਗਾ। ਇਹ ਖੋਜ ਸਾਇੰਸ ਜਨਰਲ ਨੇ ਛਾਪੀ ਹੈ। ਸਵਿਸ ਯੂਨੀਵਰਸਿਟੀ ਈ ਟੀ ਐੱਚ ਜਿਊਰਿਚ ਦੇ ਵਿਗਿਆਨੀ ਰਾਫੇਲ ਮੇਜੇਨਗਾ ਨੇ ਦੱਸਿਆ ਕਿ ਸੋਨੇ ਦਾ ਜਿਹੜਾ ਨਵਾਂ ਰੂਪ ਵਿਕਸਿਤ ਕੀਤਾ ਹੈ ਉਸ ਦਾ ਵਜ਼ਨ ਰਵਾਇਤੀ 18 ਕੈਰਟ ਸੋਨੇ ਤੋਂ ਕਰੀਬ 10 ਗੁਣਾ ਘੱਟ ਹੈ। ਰਵਾਇਤੀ ਕੰਪਾਊਂਡ ਵਿਚ ਆਮ ਤੌਰ ਉੱਤੇ ਤਿੰਨ-ਚੌਥਾਈ ਸੋਨਾ ਅਤੇ ਇਕ ਚੌਥਾਈ ਤਾਂਬਾ ਹੁੰਦਾ ਹੈ, ਜਿਸ ਦੀ ਘਣਤਾ ਲੱਗਭਗ 15 ਗ੍ਰਾਮ ਪ੍ਰਤੀ ਕਿਊਬਿਕ ਸੈਂਟੀਮੀਟਰ ਹੁੰਦੀ ਹੈ। ਪਲਾਸਟਿਕ ਨਾਲ ਬਣਾਏ ਇਸ ਸੋਨੇ ਦੀ ਘਣਤਾ ਸਿਰਫ 1.7 ਗ੍ਰਾਮ ਪ੍ਰਤੀ ਕਿਊਬਿਕ ਸੈਂਟੀਮੀਟਰ ਹੈ ਤੇ ਫਿਰ ਵੀ ਇਹ 18 ਕੈਰਟ ਦਾ ਸੋਨਾ ਹੈ। ਇਸ ਨੂੰ ਬਣਾਉਣ ਲਈ ਪ੍ਰੋਟੀਨ ਫਾਈਬਰ ਅਤੇ ਇਕ ਪੌਲੀਮਰ ਲੇਟੇਸ ਦੀ ਵਰਤੋਂ ਕੀਤੀ ਗਈ। ਇਸ ਵਿਚ ਪਹਿਲਾਂ ਸੋਨੇ ਦੇ ਨੈਨੋਕ੍ਰਿਸਟਲ ਦੀ ਪਤਲੀ ਡਿਸਕ ਨੂੰ ਰੱਖਿਆ ਗਿਆ। ਪਹਿਲਾਂ ਪਾਣੀ ਤੇ ਬਾਅਦ ਵਿਚ ਅਲਕੋਹਲ ਨਾਲ ਇਸ ਦਾ ਘੋਲ ਤਿਆਰ ਕੀਤਾ ਗਿਆ। ਇਸ ਘੋਲ ਨੂੰ ਕਾਰਬਨ ਡਾਈਆਕਸਾਈਡ ਗੈਸ ਦੇ ਉੱਚ ਦਬਾਅ ਤੋਂ ਪ੍ਰਵਾਹਤ ਕਰ ਕੇ ਇਸ ਨੂੰ ਠੋਸ ਆਕਾਰ ਵਿਚ ਬਦਲਿਆ ਗਿਆ। ਖੋਜ ਕਰਤਾਵਾਂ ਨੇ ਇਸ ਨੂੰ ਬਣਾਉਣ ਦੀ ਪ੍ਰਕਿਰਿਆ ਅਤੇ ਸਮੱਗਰੀ ਦੋਵਾਂ ਦੇ ਪੇਟੈਂਟ ਲਈ ਅਪਲਾਈ ਕੀਤਾ ਹੈ।

ਅਮਰੀਕਾ ਦੀ ਸਟੈਨਫੋਰਡ ਯੂਨੀਵਰਸਿਟੀ ਦੀ ਇੱਕ ਰਿਸਰਚ ਦੇ ਮੁਤਾਬਕ ਧਰਤੀ ਉੱਤੇ ਕਰੀਬ 9.1 ਅਰਬ ਟਨ ਪਲਾਸਟਿਕ ਹੈ। ਇਸ ਸਮੇਂ ਦੁਨੀਆ ਦੀ ਆਬਾਦੀ ਕਰੀਬ 7.6 ਅਰਬ ਹੈ, ਭਾਵ ਹਰੇਕ ਵਿਅਕਤੀ ਦੇ ਹਿੱਸੇ ਵਿਚ ਲੱਗਭਗ 1.2 ਟਨ ਦਾ ਪਲਾਸਟਿਕ ਹੈ। ਮਾਈਕ੍ਰੋਪਲਾਸਟਿਕ ਦੇ ਹਾਨੀਕਾਰਕ ਕੈਮੀਕਲ ਸਰੀਰ ਨੂੰ ਸਭ ਤੋਂ ਵੱਧ ਨੁਕਸਾਨ ਪੁਚਾ ਰਹੇ ਹਨ। ਹਰ ਇਨਸਾਨ ਰੋਜ਼ ਅਣਜਾਣੇ ਵਿਚ ਮਾਈਕ੍ਰੋਪਲਾਸਟਿਕ ਦੇ 200 ਟੁੱਕੜੇ ਖਾਂਦਾ ਹੈ। ਇਸ ਨਾਲ ਅੰਤੜੀਆਂ ਵਿਚ ਇਨਫੈਕਸ਼ਨ ਫੈਲ ਰਿਹਾ ਹੈ ਅਤੇ ਕਈ ਤਰ੍ਹਾਂ ਦੀ ਚਿੰਤਾ ਕੀਤੀ ਜਾ ਰਹੀ ਹੈ।

# ਨਿਮੋਨੀਆ ਨਾਲ ਸਾਰੇ ਵਿਸ਼ਵ ਵਿੱਚ ਹਰ ਸਾਲ 20 ਲੱਖ ਤੋਂ ਵੱਧ ਬੱਚਿਆਂ ਦੀ ਮੌਤ



ਕੋਲਕਾਤਾ, 13 ਜਨਵਰੀ (ਪੋਸਟ ਬਿਊਰੋ)- ਦੁਨੀਆ ਭਰ ਵਿੱਚ ਨਿਮੋਨੀਆ ਨਾਲ ਜ਼ਿਆਦਾਤਰ ਬੱਚਿਆਂ ਦੀ ਮੌਤ ਹੁੰਦੀ ਹੈ ਤੇ ਹਰ ਸਾਲ ਇਸ ਦੀ ਲਪੇਟ ਵਿੱਚ ਆਉਣ ਨਾਲ 20 ਲੱਖ ਤੋਂ ਵਧ ਬੱਚੇ ਮਾਰੇ ਜਾਂਦੇ ਹਨ।

ਵਿਸ਼ਵ ਸਿਹਤ ਸੰਗਠਨ (ਡਬਲਿਊ ਐੱਚ ਓ) ਅਨੁਸਾਰ ਵਿਸ਼ਵ ਵਿੱਚ ਹਰ ਸਾਲ 20 ਲੱਖ ਤੋਂ ਵਧ ਬੱਚਿਆਂ ਦੀ ਮੌਤ ਨਿਮੋਨੀਆ ਨਾਲ ਹੁੰਦੀ ਹੈ। ਨਿਮੋਨੀਆ ਨਾਲ ਮਰਦੇ ਹਰ 5 ਵਿੱਚੋਂ ਇਕ ਬੱਚੇ ਦੀ ਉਮਰ 5 ਸਾਲ ਤੋਂ ਘੱਟ ਹੁੰਦੀ ਹੈ। ਰਿਪੋਰਟ ਅਨੁਸਾਰ ਕਰੀਬ 60 ਕਰੋੜ ਡਾਲਰ ਦੀ ਲਾਗਤ ਨਾਲ ਨਿਮੋਨੀਆ ਪੀੜਤ ਬੱਚਿਆਂ ਨੂੰ ਐਂਟੀਬਾਓਟਿਕ ਦਵਾਈ ਦਿੱਤੀ ਜਾਵੇ ਤਾਂ ਇਸ ਨਾਲ ਹਰ ਸਾਲ ਲਗਭਗ 6 ਲੱਖ ਬੱਚਿਆਂ ਦੀ ਜਾਨ ਬਚ ਸਕਦੀ ਹੈ। ਡਬਲਿਊ ਐੱਚ ਓ ਅਨੁਸਾਰ ਇਸ ਤੋਂ ਇਲਾਵਾ ਜੇ ਸੰਸਾਰ ਪੱਧਰ ਉੱਤੇ ਨਿਮੋਨੀਆ ਦੀ ਰੋਕਥਾਮ ਤੇ ਇਸ ਬੀਮਾਰੀ ਦੇ ਇਲਾਜ ਦੀ ਪਹਿਲ ਕੀਤੀ ਜਾਵੇ ਤਾਂ ਕਰੀਬ 13 ਲੱਖ ਬੱਚਿਆਂ ਦੀ ਜਾਨ ਬਚ ਸਕਦੀ ਹੈ।

ਨਿਮੋਨੀਆ ਇਕ ਇਨਫਲੇਮੇਟਰੀ ਬੀਮਾਰੀ ਹੈ। ਇਸ ਦੇ ਕੀਟਾਣੂ ਪਹਿਲਾਂ ਫੇਫੜਿਆਂ ਦੇ ਹਵਾ ਵਾਲੇ ਰਸਤੇ ਉੱਤੇ ਹਮਲਾ ਕਰਦੇ ਹਨ ਅਤੇ ਫਿਰ ਜਦੋਂ ਇਨ੍ਹਾਂ ਦੀ ਗਿਣਤੀ ਕਾਫ਼ੀ ਵਧ ਜਾਂਦੀ ਹੈ ਤਾਂ ਇਹ ਨੱਕ ਤੇ ਗਲੇ ਤੋਂ ਲੰਘਦੀ ਹਵਾ ਨੂੰ ਪ੍ਰਭਾਵਤ ਕਰਨ ਲੱਗਦੇ ਹਨ, ਜਿਸ ਨਾਲ ਸਾਹ ਲੈਣ ਵਿੱਚ ਬਹੁਤ ਤਕਲੀਫ਼ ਹੋਣ ਲੱਗਦੀ ਹੈ। ਇਨਫੈਕਸ਼ਨ ਵਧਣ ਉੱਤੇ ਲਗਾਤਾਰ ਖਾਂਸੀ ਆਉਣ ਲੱਗਦੀ ਹੈ ਅਤੇ ਬਹੁਤਾ ਖੰਘਣ ਨਾਲ ਛਾਤੀ ਵਿੱਚ ਦਰਦ ਹੋਣ ਲੱਗਦਾ ਹੈ।

# ਐਨ ਐਸ ਜੀ ਨੂੰ ਵੀ ਆਈ ਪੀ ਸੁਰੱਖਿਆ ਤੋਂ ਹਟਾਏ ਜਾਣ ਦਾ ਫੈਸਲਾ

* ਵੱਡੇ ਬਾਦਲ ਅਤੇ ਹੋਰ ਕਈਆਂ ਦੀ ਰਾਖੀ ਸੀ ਆਰ ਪੀ ਐੱਫ ਕਰੇਗੀ

ਨਵੀਂ ਦਿੱਲੀ, 13 ਜਨਵਰੀ (ਪੋਸਟ ਬਿਊਰੋ)- ਗਾਂਧੀ ਪਰਵਾਰ ਦੀ ਐੱਸ ਪੀ ਜੀ ਸੁਰੱਖਿਆ ਹਟਾਉਣ ਅਤੇ ਵੀ ਆਈ ਪੀ ਸੁਰੱਖਿਆ ਵਿੱਚ ਵੱਡੀ ਕਟੌਤੀ ਕੀਤੇ ਜਾਣ ਮਗਰੋਂ ਕੇਂਦਰ ਸਰਕਾਰ ਨੇ ਐੱਨ ਐੱਸ ਜੀ ਕਮਾਂਡੋਜ਼ ਨੂੰ ਇਸ ਕੰਮ ਤੋਂ ਪੂਰੀ ਤਰ੍ਹਾਂ ਮੁਕਤ ਕਰਨ ਦਾ ਫੈਸਲਾ ਕੀਤਾ ਹੈ। ਲਗਭਗ ਦੋ ਦਹਾਕਿਆਂ ਪਿੱਛੋਂ ਇਹ ਹੋਵੇਗਾ ਕਿ ਅੱਤਵਾਦ ਵਿਰੋਧੀ ਸਿਖਲਾਈ ਵਾਲੀ ਫੋਰਸ ਦੇ ਬਲੈਕ ਕੈਟ ਕਮਾਂਡੋ ਨੂੰ ਵੀ ਆਈ ਪੀ ਸੁਰੱਖਿਆ ਡਿਊਟੀ ਤੋਂ ਹਟਾਇਆ ਜਾਵੇਗਾ।

ਕੌਮੀ ਸੁਰੱਖਿਆ ਗਾਰਡ (ਐੱਨ ਐੱਸ ਜੀ) ਦਾ ਜਦ 1984 ਵਿੱਚ ਗਠਨ ਹੋਇਆ ਸੀ ਤਾਂ ਇਸ ਦੇ ਮੂਲ ਕੰਮਾਂ ਵਿੱਚ ਵੀ ਆਈ ਪੀ ਸੁਰੱਖਿਆ ਸ਼ਾਮਲ ਨਹੀਂ ਸੀ। ਇਹ ਫੋਰਸ 'ਜ਼ੈਡ ਪਲੱਸ' ਸ਼੍ਰੇਣੀ ਦੀ ਸੁਰੱਖਿਆ ਵਾਲੀਆਂ 12 ਵਧੇਰੇ ਰਿਸਕ ਵਾਲੀਆਂ ਅਹਿਮ ਸ਼ਖਸੀਅਤਾਂ ਨੂੰ ਸੁਰੱਖਿਆ ਦਿੰਦੀ ਹੈ। ਇਸ ਸੁਰੱਖਿਆ ਦੇ ਘੇਰੇ ਵਿੱਚ ਅਤ ਆਧੁਨਿਕ ਹਥਿਆਰਾਂ ਨਾਲ ਲੈੱਸ ਲਗਭਗ ਦੋ ਦਰਜਨ ਕਮਾਂਡੋ ਹਰ ਵੀ ਆਈ ਪੀ ਨਾਲ ਹੁੰਦੇ ਹਨ। ਅਧਿਕਾਰੀਆਂ ਨੇ ਦੱਸਿਆ ਕਿ ਐੱਨ ਐੱਸ ਜੀ ਦੀ ਸੁਰੱਖਿਆ ਡਿਊਟੀ ਨੂੰ ਛੇਤੀ ਹੀ ਅਰਧ ਸੈਨਿਕ ਬਲਾਂ ਹਵਾਲੇ ਕਰ ਦਿੱਤਾ ਜਾਵੇਗਾ।

ਰੱਖਿਆ ਮੰਤਰੀ ਰਾਜਨਾਥ ਸਿੰਘ ਅਤੇ ਯੂ ਪੀ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੂੰ ਵੀ ਐੱਨ ਐੱਸ ਜੀ ਦੀ ਸੁਰੱਖਿਆ ਮਿਲੀ ਹੋਈ ਹੈ। ਸਾਬਕਾ ਮੁੱਖ ਮੰਤਰੀ ਮਾਇਆਵਤੀ, ਮੁਲਾਇਮ ਸਿੰਘ ਯਾਦਵ, ਪ੍ਰਕਾਸ਼ ਸਿੰਘ ਬਾਦਲ, ਫਾਰੂਕ ਅਬਦੁੱਲਾ, ਆਸਾਮ ਦੇ ਮੁੱਖ ਮੰਤਰੀ ਸਰਬਾਨੰਦ ਸੋਨੋਵਾਲ, ਭਾਜਪਾ ਆਗੂ ਐੱਲ ਕੇ ਅਡਵਾਨੀ ਨੂੰ ਇਹ ਸਸੁਰੱਖਿਆ ਮਿਲੀ ਹੋਈ ਹੈ। ਗ੍ਰਹਿ ਮੰਤਰਾਲੇ ਦਾ ਕਹਿਣਾ ਹੈ ਕਿ ਐੱਨ ਐੱਸ ਜੀ ਨੂੰ ਆਪਣਾ ਧਿਆਨ ਮੂਲ ਡਿਊਟੀ ਅੱਤਵਾਦ ਨੂੰ ਰੋਕਣ, ਜਹਾਜ਼ ਅਗਵਾ ਵਿਰੁੱਧ ਮੁਹਿੰਮ ਉਤੇ ਕੇਂਦਰਿਤ ਕਰਨ ਦੀ ਲੋੜ ਹੈ ਅਤੇ ਵੀ ਆਈ ਪੀ ਸੁਰੱਖਿਆ ਦੇ ਕੰਮ ਦੀ ਜ਼ਿੰਮਵਾਰੀ ਉਸ ਲਈ ਬੋਝ ਹੈ। ਇੰਝ ਲਗਭਗ 450 ਕਮਾਂਡੋ ਵੀ ਆਈ ਪੀ ਸੁਰੱਖਿਆ ਦੀ ਡਿਊਟੀ ਤੋਂ ਮੁਕਤ ਹੋ ਜਾਣਗੇ।

# ਭਾਰਤ ਵਿੱਚ 10 ਸਾਲ ਵਿੱਚ 4.7 ਲੱਖ ਕਰੋੜ ਦੇ ਖੇਤੀ ਦੇ ਕਰਜ਼ੇ ਮਾਫ਼ ਕੀਤੇ ਗਏ



ਮੁੰਬਈ, 13 ਜਨਵਰੀ (ਪੋਸਟ ਬਿਊਰੋ)- ਪਿਛਲੇ ਇੱਕ ਦਹਾਕੇ ਵਿੱਚ ਵੱਖ-ਵੱਖ ਰਾਜਾਂ ਨੇ ਕੁੱਲ 4.7 ਲੱਖ ਕਰੋੜ ਰੁਪਏ ਦੇ ਖੇਤੀ ਕਰਜ਼ ਮਾਫ਼ ਕੀਤੇ ਹਨ। ਇਹ ਉਦਯੋਗ ਜਗਤ ਨਾਲ ਸਬੰਧਤ ਫਸੇ ਕਰਜ਼ (ਐਨ ਪੀ ਏ) ਦਾ 82 ਫ਼ੀਸਦੀ ਹੈ। ਇੱਕ ਰਿਪੋਰਟ ਵਿੱਚ ਇਸ ਦੀ ਜਾਣਕਾਰੀ ਦਿੱਤੀ ਗਈ ਹੈ।

ਐਸ ਬੀ ਆਈ (ਸਟੇਟ ਬੈਂਕ ਆਫ ਇੰਡੀਆ) ਰਿਸਰਚ ਦੀ ਇੱਕ ਰਿਪੋਰਟ ਅਨੁਸਾਰ ਖੇਤੀ ਕਰਜ਼ ਦਾ ਐਨ ਪੀ ਏ 2018-19 ਵਿੱਚ ਵਧ ਕੇ 1.1 ਲੱਖ ਕਰੋੜ ਰੁਪਏ ਉੱਤੇ ਪਹੁੰਚ ਗਿਆ। ਇਹ ਕੁੱਲ 8.39 ਲੱਖ ਕਰੋੜ ਰੁਪਏ ਦੇ ਐਨ ਪੀ ਏ ਦਾ 12.4 ਫ਼ੀਸਦੀ ਹੈ। ਵਿੱਤੀ ਵਰ੍ਹੇ 2015-16 ਵਿੱਚ ਕੁੱਲ ਐਨ ਪੀ ਏ 5.66 ਲੱਖ ਕਰੋੜ ਰੁਪਏ ਸੀ ਅਤੇ ਇਸ ਵਿੱਚ ਖੇਤੀ ਕਰਜ਼ ਦੀ ਹਿੱਸੇਦਾਰੀ 8.6 ਫ਼ੀਸਦੀ 48,800 ਕਰੋੜ ਰੁਪਏ ਸੀ ਅਤੇ 2018-19 ਵਿੱਚ ਕੁੱਲ ਐਨ ਪੀ ਏ ਵਿੱਚ ਖੇਤੀ ਖੇਤਰ ਦਾ ਹਿੱਸਾ ਮਹਿਜ਼ 1.1 ਲੱਖ ਕਰੋੜ ਰੁਪਏ ਯਾਨੀ 124 ਫ਼ੀਸਦੀ ਹੈ ਪਰ ਜੇ ਪਿਛਲੇ ਦਹਾਕੇ ਵਿੱਚ 3.14 ਲੱਖ ਕਰੋੜ ਰੁਪਏ ਦੇ ਮਾਫ਼ ਕੀਤੇ ਗਏ ਕਿਸਾਨਾਂ ਦੇ ਕਰਜ਼ ਨੂੰ ਜੋੜੀਏ ਤਾਂ ਖਜ਼ਾਨੇ 'ਤੇ ਇਨ੍ਹਾਂ ਦਾ ਬੋਝ 4.2 ਲੱਖ ਕਰੋੜ ਰੁਪਏ ਹੋ ਜਾਂਦਾ ਹੈ। ਮਹਾਰਾਸ਼ਟਰ ਵਿੱਚ 45-51 ਹਜ਼ਾਰ ਕਰੋੜ ਰੁਪਏ ਦੀ ਤਾਜ਼ਾ ਕਰਜ਼ ਮਾਫ਼ੀ ਨੂੰ ਜੋੜ ਦਿੱਤਾ ਜਾਵੇ ਤਾਂ ਇਹ ਵੱਧ ਕੇ 4.7 ਲੱਖ ਕਰੋੜ ਰੁਪਏ ਹੋ ਜਾਂਦਾ ਹੈ, ਜਿਹੜਾ ਉਦਯੋਗ ਜਗਤ ਦੇ ਐਨ ਪੀ ਏ ਦਾ 82 ਫ਼ੀਸਦੀ ਹੈ।

ਸਾਲ 2014-15 ਤੋਂ ਪਿੱਛੋਂ 10 ਵੱਡੇ ਰਾਜਾਂ ਨੇ ਕਿਸਾਨਾਂ ਦੇ ਤਿੰਨ ਲੱਖ 240 ਕਰੋੜ ਰੁਪਏ ਦੇ ਕਰਜ਼ ਮਾਫ਼ ਕੀਤੇ ਹਨ। ਜੇ ਮਨਮੋਹਨ ਸਿੰਘ ਸਰਕਾਰ ਵੱਲੋਂ 2007-08 ਵਿੱਚ ਕੀਤੀ ਗਈ ਕਰਜ਼ ਮਾਫ਼ੀ ਨੂੰ ਜੋੜ ਦੇਈਏ ਤਾਂ ਇਹ ਵੱਧ ਕੇ ਲਗੱਭਗ ਚਾਰ ਲੱਖ ਕਰੋੜ ਰੁਪਏ ਹੋ ਜਾਂਦਾ ਹੈ। ਇਸ ਵਿੱਚ ਦੋ ਲੱਖ ਕਰੋੜ ਰੁਪਏ ਤੋਂ ਜ਼ਿਆਦਾ ਦੇ ਖੇਤੀ ਕਰਜ਼ 2017 ਤੋਂ ਬਾਅਦ ਮਾਫ਼ ਕੀਤੇ ਗਏ। ਆਂਧਰਾ ਪ੍ਰਦੇਸ਼ ਨੇ 2014-15 ਵਿੱਚ 24 ਹਜ਼ਾਰ ਕਰੋੜ ਦਾ ਕਰਜ਼ ਮਾਫ਼ ਕੀਤਾ ਅਤੇ ਇਸ ਦੌਰਾਨ ਤੇਲੰਗਾਨਾ ਨੇ ਵੀ 17 ਹਜ਼ਾਰ ਕਰੋੜ ਰੁਪਏ ਦੇ ਖੇਤੀ ਕਰਜ਼ਾ ਮਾਫ਼ ਕਰਨ ਦਾ ਐਲਾਨ ਕੀਤਾ। ਤਾਮਿਲ ਨਾਡੂ ਨੇ 2016-17 ਵਿੱਚ 5280 ਕਰੋੜ ਰੁਪਏ ਦੇ ਕਰਜ਼ ਮਾਫ਼ ਕੀਤੇ। ਸਾਲ 2017-18 ਵਿੱਚ ਮਹਾਰਾਸ਼ਟਰ ਨੇ 34,020 ਕੋਰੜ, ਯੂਪੀ ਨੇ 36,360 ਕਰੋੜ, ਪੰਜਾਬ ਨੇ 10 ਹਜ਼ਾਰ ਕਰੋੜ, ਕਰਨਾਟਕ ਨੇ 18 ਹਜ਼ਾਰ ਕਰੋੜ ਰੁਪਏ ਦੇ ਕਰਜ਼ ਮਾਫ਼ ਕੀਤੇ। ਕਰਨਾਟਕ ਨੇ ਇਸ ਤੋਂ ਬਾਅਦ 2018-19 ਵਿੱਚ 44 ਹਜ਼ਾਰ ਕਰੋੜ ਦੀ ਕਰਜ਼ ਮਾਫ਼ੀ ਕੀਤੀ ਹੈ।

# ਬੱਚਿਆਂ ਖ਼ਿਲਾਫ਼ ਅਪਰਾਧਾਂ 'ਚ ਉਤਰ ਪ੍ਰਦੇਸ਼ ਦਾ ਨੰਬਰ ਪਹਿਲਾ



ਨਵੀਂ ਦਿੱਲੀ, 13 ਜਨਵਰੀ (ਪੋਸਟ ਬਿਊਰੋ)- ਕੌਮੀ ਅਪਰਾਧ ਰਿਕਾਰਡ ਬਿਊਰੋ ਦੇ ਅੰਕੜਿਆਂ ਮੁਤਾਬਕ 2018 ਵਿੱਚ ਭਾਰਤ ਵਿੱਚ ਹਰ ਦਿਨ 109 ਬੱਚਿਆਂ ਦਾ ਜਿਨਸੀ ਸ਼ੋਸ਼ਣ ਕੀਤਾ ਗਿਆ ਹੈ। ਪਿਛਲੇ ਵਰ੍ਹੇ ਤੋਂ ਇਹ 22 ਫ਼ੀਸਦੀ ਵੱਧ ਹੈ। ਪਿਛਲੇ ਦਿਨੀਂ ਰਿਲੀਜ਼ ਅੰਕੜਿਆਂ ਮੁਤਾਬਕ 2017 ਵਿੱਚ 32,608 ਕੇਸ ਰਿਪੋਰਟ ਹੋਏ ਸਨ, ਜਦ ਕਿ ਪੋਕਸੋ ਐਕਟ ਤਹਿਤ 2018 ਵਿੱਚ 39,608 ਕੇਸ ਰਿਪੋਰਟ ਹੋਏ ਹਨ। ਸਾਲ 2018 ਵਿੱਚ ਬੱਚਿਆਂ ਨਾਲ ਜਬਰ-ਜਨਾਹ ਦੇ 21,605 ਕੇਸ ਸਾਹਮਣੇ ਆਏ ਹਨ। ਇਨ੍ਹਾਂ ਵਿੱਚ 21401 ਲੜਕੀਆਂ ਨਾਲ ਅਤੇ 204 ਲੜਕਿਆਂ ਨਾਲ ਸਬੰਧਤ ਹਨ। ਜਬਰ-ਜਨਾਹ ਦੇ ਸਭ ਤੋਂ ਵੱਧ ਮਾਮਲੇ ਮਹਾਰਾਸ਼ਟਰ ਦੇ ਹਨ। ਇਸ ਤੋਂ ਬਾਅਦ ਉਤਰ ਪ੍ਰਦੇਸ਼ ਤੇ ਤਾਮਿਲ ਨਾਡੂ ਹੈ। ਉਤਰ ਪ੍ਰਦੇਸ਼ ਵਿੱਚ ਬੱਚਿਆਂ ਖ਼ਿਲਾਫ਼ ਵੱਖ-ਵੱਖ ਅਪਰਾਧਾਂ ਦੇ ਸਭ ਤੋਂ ਵੱਧ- 19,936 ਮਾਮਲੇ ਸਾਹਮਣੇ ਆਏ ਹਨ, ਕੁੱਲ ਅਪਰਾਧਾਂ ਦਾ ਇਹ 14 ਫ਼ੀਸਦੀ ਹੈ।

ਕੁੱਲ ਮਿਲਾ ਕੇ ਬੱਚਿਆਂ ਖ਼ਿਲਾਫ਼ ਅਪਰਾਧ 2008-2018 ਦੇ ਦਹਾਕੇ ਦੌਰਾਨ ਛੇ ਗੁਣਾ ਵੱਧ ਗਏ ਹਨ। ਸੰਗਠਨ 'ਚਾਈਲਡ ਰਾਈਟਲ ਐਂਡ ਯੂ' ਦੀ ਪਾਲਿਸੀ ਖੋਜ ਅਤੇ ਐਡਵੋਕੇਸੀ ਬਾਰੇ ਡਾਇਰੈਕਟਰ ਪ੍ਰੀਤੀ ਮਹਾਰਾ ਨੇ ਕਿਹਾ ਕਿ ਇਹ ਬਹੁਤ ਖ਼ਤਰਨਾਕ ਰੁਝਾਨ ਹੈ। ਇੱਕ ਗੱਲ ਚੰਗੀ ਹੈ ਕਿ ਵੱਡੀ ਗਿਣਤੀ ਅਪਰਾਧ ਰਿਪੋਰਟ ਕੀਤੇ ਜਾ ਰਹੇ ਹਨ, ਇਸ ਵਿੱਚੋਂ ਲੋਕਾਂ ਦਾ ਸਿਸਟਮ 'ਚ ਭਰੋਸਾ ਝਲਕਦਾ ਹੈ। 67,134 ਬੱਚੇ (19784 ਲੜਕੇ ਅਤੇ 47191 ਲੜਕੀਆਂ) 2018 ਵਿੱਚ ਲਾਪਤਾ ਹੋਏ ਹਨ। 71,176 ਬੱਚੇ ਲੱਭੇ ਵੀ ਗਏ ਹਨ। ਬੱਚਿਆਂ ਨੂੰ ਪੋਰਨੋਗ੍ਰਾਫ਼ੀ ਲਈ ਵਰਤਣ ਦੇ ਵੀ 781 ਕੇਸ ਦਰਜ ਹੋਏ ਹਨ। ਅੰਕੜੇ ਦਿਖਾਉਂਦੇ ਹਨ ਕਿ 51 ਫ਼ੀਸਦ ਕੇਸ ਯੂਪੀ, ਮੱਧ ਪ੍ਰਦੇਸ਼, ਮਹਾਰਾਸ਼ਟਰ, ਦਿੱਲੀ ਤੇ ਬਿਹਾਰ ਦੇ ਹਨ।

# ਬਿਹਾਰ ਵਿੱਚ ਨਵਾਂ ਨਾਗਰਿਕਤਾ ਕਾਨੂੰਨ ਲਾਗੂ ਨਹੀਂ ਹੋਵੇਗਾ: ਪ੍ਰਸ਼ਾਂਤ ਕਿਸ਼ੋਰ



ਪਟਨਾ, 13 ਜਨਵਰੀ (ਪੋਸਟ ਬਿਊਰੋ)- ਜਨਤਾ ਦਲ ਯੂ ਦੇ ਆਗੂ ਪ੍ਰਸਾਂਤ ਕਿਸ਼ੋਰ ਨੇ ਕਿਹਾ ਹੈ ਕਿ ਬਿਹਾਰ ਵਿੱਚ ਨਵਾਂ ਨਾਗਰਿਕਤਾ ਕਾਨੂੰਨ ਅਤੇ ਕੌਮੀ ਜਨਸੰਖਿਆ ਰਜਿਸਟਰ ਲਾਗੂ ਨਹੀਂ ਕੀਤੇ ਜਾਣਗੇ। ਉਨ੍ਹਾਂ ਨਾਗਰਿਕਤਾ ਸੋਧ ਕਾਨੂੰਨ ਅਤੇ ਐੱਨ ਆਰ ਸੀ ਬਾਰੇ ਕਾਂਗਰਸ ਦੇ ਵਿਰੋਧ ਪ੍ਰਦਰਸ਼ਨਾਂ ਲਈ ਕਾਂਗਰਸ ਆਗੂਆਂ ਦੀ ਤਾਰੀਫ ਕੀਤੀ ਹੈ, ਜਿਸ ਦੇ ਕਾਰਨ ਜਨਤਾ ਦਲ ਯੂ ਦੀ ਭਾਈਵਾਲ ਭਾਜਪਾ ਉਸ ਤੋਂ ਕਾਫੀ ਨਾਰਾਜ਼ ਹੋ ਗਈ ਹੈ।

ਮੁੱਖ ਮੰਤਰੀ ਨਿਤੀਸ਼ ਕੁਮਾਰ ਦੇ ਕਰੀਬੀ ਮੰਨੇ ਜਾਂਦੇ ਪ੍ਰਸ਼ਾਂਤ ਕਿਸ਼ੋਰ ਨੇ ਕੱਲ੍ਹ ਟਵਿੱਟਰ 'ਤੇ ਨਾਗਰਿਕਤਾ ਕਾਨੂੰਨ ਅਤੇ ਐੱਨ ਆਰ ਸੀ ਦੇ ਬਾਈਕਾਟ ਦੇ ਫੈਸਲੇ ਦਾ ਸਵਾਗਤ ਕੀਤਾ, ਜਿਸ ਲਈ ਉਨ੍ਹਾਂ ਰਾਹੁਲ ਅਤੇ ਪ੍ਰਿਅੰਕਾ ਦਾ ਵਿਸ਼ੇਸ਼ ਧੰਨਵਾਦ ਕੀਤਾ। ਪ੍ਰਸ਼ਾਂਤ ਨੇ ਇਹ ਵੀ ਭਰੋਸਾ ਦਿੱਤਾ ਕਿ ਬਿਹਾਰ ਵਿੱਚ ਐੱਨ ਪੀ ਆਰ ਲਾਗੂ ਨਹੀਂ ਕੀਤਾ ਜਾਵੇਗਾ। ਪ੍ਰਸ਼ਾਂਤ ਦੀ ਇਸ ਟਿੱਪਣੀ ਤੋਂ ਭਾਜਪਾ ਭੜਕ ਗਈ ਅਤੇ ਭਾਜਪਾ ਦੀ ਬੁਲਾਰਾ ਮੀਨਾਕਸ਼ੀ ਲੇਖੀ ਨੇ ਕਿਹਾ, ਪ੍ਰਸ਼ਾਂਤ ਕਿਸ਼ੋਰ ਕਈ ਰਾਜਸੀ ਪਾਰਟੀਆਂ ਲਈ ਸਰਵੇ ਦਾ ਕੰਮ ਕਰਦੇ ਹਨ। ਉਨ੍ਹਾਂ ਨੂੰ ਕਿੱਤਾ ਵੱਧ ਪਿਆਰਾ ਹੈ, ਪਾਰਟੀ ਦੀ ਵਿਚਾਰਧਾਰਾ ਨਹੀਂ। ਇਸ ਲਈ ਪ੍ਰਸ਼ਾਂਤ ਨੂੰ ਖਾਸ ਤਵੱਜੋਂ ਨਹੀਂ ਦਿੱਤੀ ਜਾਣੀ ਚਾਹੀਦੀ।

ਵਰਨਣ ਯੋਗ ਹੈ ਕਿ ਜਨਤਾ ਦਲ ਯੂ ਨੇ ਪਾਰਲੀਮੈਂਟ ਵਿੱਚ ਨਵੇਂ ਨਾਗਰਿਕਤਾ ਕਾਨੂੰਨ ਦਾ ਸਮਰਥਨ ਕੀਤਾ ਸੀ। ਪਾਰਟੀ ਪ੍ਰਧਾਨ ਅਤੇ ਮੁੱਖ ਮੰਤਰੀ ਨਿਤੀਸ਼ ਕੁਮਾਰ ਸਪੱਸ਼ਟ ਕਰ ਚੁੱਕੇ ਹਨ ਕਿ ਉਨ੍ਹਾਂ ਦੀ ਪਾਰਟੀ ਸੀ ਏ ਏ ਵਿਰੁੱਧ ਨਹੀਂ, ਸਿਰਫ ਐੱਨ ਸੀ ਆਰ ਦੇ ਵਿਰੁੱਧ ਹੈ। ਇਸ ਦੇ ਬਾਵਜੂਦ ਜਨਤਾ ਦਲ ਯੂ ਦੇ ਮੀਤ ਪ੍ਰਧਾਨ ਪ੍ਰਸ਼ਾਂਤ ਦਾ ਇਹ ਬਿਆਨ ਮਹੱਤਵ ਰੱਖਦਾ ਹੈ। ਭਾਜਪਾ ਪ੍ਰਧਾਨ ਅਮਿਤ ਸ਼ਾਹ ਨਾਗਰਿਕਤਾ ਕਾਨੂੰਨ ਬਾਰੇ ਪ੍ਰਚਾਰ ਕਰਨ ਲਈ 16 ਜਨਵਰੀ ਨੂੰ ਖੁਦ ਬਿਹਾਰ ਜਾ ਰਹੇ ਹਨ। ਇਨ੍ਹੀਂ ਦਿਨੀਂ ਭਾਜਪਾ ਦੇ ਸੀਨੀਅਰ ਆਗੂ ਬਿਹਾਰ ਵਿੱਚ ਇਸ ਬਾਰੇ ਰੈਲੀਆਂ ਕਰ ਰਹੇ ਹਨ।




## ਲੜਕੀ ਦੀ ਲੋੜ

ਜੱਟ ਸਿਖ, 40 ਸਾਲ ਉਮਰ, 1/5 ਸਾਲਾ ਦਾ ਲੜਕਾ, ਬੀ ਫਾਰਮੇਸੀ, ਅਪਨਾ ਬਿਜ਼ਨਸ ਤੇ ਜ਼ਮੀਨ ਜ਼ਾਇਦਾਦ, ਪੰਜਾਬ ਫੀਰੋਜ਼ਪੁਰ ਤੋ, ਵੀਜ਼ਟਰ ਵਿਜੇ ਤੇ ਆਏ ਲਈ ਪੀ-ਆਰ ਜਾਂ ਵੱਰਕ ਪਰਮਿਟ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿੱਚ ਵੈਲ-ਸੈਟਲਡ ਹੈ। ਸੰਪਰਕ ਕਰੋ: 647-625-5706

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Student ਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBA ਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਗਰੇਵਾਲ, ਉੱਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੂਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

ਜੱਟ ਸਿੱਖ ਲੜਕਾ, ਉਮਰ 31 ਸਾਲ, ਕੱਦ 5'-11'', ਨਸ਼ਾ ਰਹਿਤ, ਪੰਜਾਬ ਵਿੱਚ 15 ਕਿਲ੍ਹੇ ਜ਼ਮੀਨ ਦਾ ਮਾਲਕ, ਚੰਗੀ ਜੋਬ, ਲੜਕੇ ਦਾ ਭਰਾ ਕੈਨੇਡਾ ਵਿੱਚ Settled ਹੈ। ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ, Divorcee ਵਾਸਤੇ ਤਲਾਕਸੁਦਾ ਲੜਕੀ ਦੀ ਲੋੜ ਹੈ। ਬੱਚੇ ਵਾਲੇ ਵੀ ਸੰਪਰਕ ਕਰ ਸਕਦੇ ਹਨ, Student ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਕਾਲ ਕਰੋ: 416-937-1934

Well settled Mair Rajput family in GTA looking for beautiful, tall, educated, preferably post graduate girl from a educated family for well-established handsome, vegetarian Canadian boy, 28 Yrs. / 5'-11", BBA & PG Dip. Mktg. running own business in GTA. Father & Mother doctors, having their own clinic & house in Brampton. Email Bio-data with Photograph at: vermaintoronto@gmail.com

Match for Handsome, Teetotaller, Punjabi Hindu Khatri/Sood boy 44/5'11''(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089




## ਲੜਕੇ ਦੀ ਲੋੜ

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4'', ਵਿਜ਼ਟਰ ਵੀਜੇ ਤੇ ਆਈ, B.A & Cosmetics Diploma ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਵਿਆਹ ਵਧੀਆ। ਸੰਪਰਕ ਕਰੋ : 647-267-0656 । 416-509-7252 । +91 92741-00004

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3'', ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖ਼ੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਨਾਈ ਸਿੱਖ ਲੜਕੀਆਂ ਉਮਰ 27 ਸਾਲ, 5'-7'', ਸੁੰਦਰ ਪਰਿਵਾਰਕ, ਕੈਨੇਡਾ ਵਰਕ ਪਰਮਿਟ ਅਤੇ ਦੂਜੀ ਲੜਕੀ ਉਮਰ 29 ਸਾਲ,5'-2.5'', ਕੈਨੇਡਾ ਲਈ ਕੈਨੇਡੀਅਨ, ਖਾਨਦਾਨੀ ਪਰਿਵਾਰਾਂ ਲਈ ਸੁੱਧ ਵੈਸ਼ਨੂੰ ਲੜਕਿਆਂ ਦੀ ਲੋੜ ਹੈ। ਭਰਾ ਵਿਆਹਿਆ ਕੈਨੇਡੀਅਨ +1-204-914-8700 ਜਾਂ +91-94176-78050 ਜਾਂ sukhdevmc@gmail.com

## ਲੜਕੇ ਦੀ ਲੋੜ

ਜੱਟ ਸਿੱਖ ਗਿਲ ਲੜਕੀ, ਉਮਰ 23 ਸਾਲ, ਕੱਦ 5'-3'', ਨੈਨੀ ਬੇਸ ਤੇ ਆਏ ਲੜਕੀ ਲਈ ਕੈਨੇਡੀਅਨ P.R ਜਾਂ ਸਿਟੀਜ਼ਨ ਲੜਕੇ (25 ਤੋਂ 30 ਸਾਲਾ ਉਮਰ) ਦੀ ਲੋੜ ਹੈ। ਸੰਪਰਕ ਕਰੋ: 437-221-4002

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'1'', ਸਟਡੀ ਵੀਜੇ ਤੇ ਆਈ, M.A (English) & Education Technology Diploma ਲੜਕੀ ਲਈ, ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ। ਸੰਪਰਕ ਕਰੋ : 647-994-1985 । 416-494-9943

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321 ।

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੰਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710









## ਰੈਣਕ ਬਾਜ਼ਾਰ ਵਿੱਚ ਐੱਨ ਆਰ ਆਈ ਮਹਿਲਾ ਸਮੇਤ ਦੋ ਦੇ ਪਰਸ ਵਿੱਚੋਂ ਲੱਖਾਂ ਰੁਪਏ ਚੋਰੀ

ਜਲੰਧਰ, 13 ਜਨਵਰੀ (ਪੋਸਟ ਬਿਊਰੋ)- ਇਸ ਮਹਾਨਗਰ ਦੇ ਕਾਰੋਬਾਰੀ ਕੇਂਦਰ ਰੈਣਕ ਬਾਜ਼ਾਰ ਵਿੱਚ ਕੱਲ੍ਹ ਦੁਪਹਿਰ ਦੋ ਔਰਤਾਂ ਦੇ ਪਰਸ ਵਿੱਚੋਂ ਲੱਖਾਂ ਰੁਪਏ ਚੋਰੀ ਹੋ ਗਏ। ਸ਼ੱਕ ਹੈ ਕਿ ਚੋਰੀ ਔਰਤਾਂ ਦੇ ਗਿਰੋਹ ਨੇ ਕੀਤੀ ਹੈ।

ਕੱਲ੍ਹ ਦੁਪਹਿਰ ਇੱਕ ਐੱਨ ਆਰ ਆਈ ਮਹਿਲਾ ਆਪਣੇ ਪਰਵਾਰ ਸਮੇਤ ਖਰੀਦਦਾਰੀ ਲਈ ਆਈ ਸੀ। ਉਸ ਦੇ ਪਰਸ ਵਿੱਚ ਛੇ-ਸੱਤ ਹਜ਼ਾਰ ਡਾਲਰ ਅਤੇ ਕਰੀਬ ਇੱਕ ਲੱਖ ਰੁਪਏ ਭਾਰਤੀ ਕਰੰਸੀ ਸੀ। ਇਸ ਦੌਰਾਨ ਇੱਕ ਦੁਕਾਨ 'ਤੇ ਉਸ ਨੇ ਪਰਸ ਵਿੱਚ ਹੱਥ ਪਾਇਆ ਤਾਂ ਉਸ ਵਿੱਚੋਂ ਛੋਟਾ ਪਰਸ ਗਾਇਬ ਸੀ। ਮਹਿਲਾ ਨੇ ਦੱਸਿਆ ਕਿ ਇਸ ਦੁਕਾਨ ਉਤੇ ਆਉਣ ਤੋਂ ਪਹਿਲਾਂ ਉਹ ਇੱਕ ਹੋਰ ਦੁਕਾਨ 'ਤੇ ਖੜ੍ਹੀ ਸੀ ਤਾਂ ਉਥੇ ਤਿੰਨ-ਚਾਰ ਔਰਤਾਂ ਆ ਗਈਆਂ, ਜੋ ਵਾਰ-ਵਾਰ ਉਸ ਦੇ ਕੋਲ ਆ ਰਹੀਆਂ ਸਨ। ਉਸ ਨੂੰ ਸ਼ੱਕ ਹੈ ਕਿ ਉਨ੍ਹਾਂ ਨੇ ਹੀ ਇਸ ਚੋਰੀ ਕੀਤੀ ਹੈ।

ਇਸੇ ਦੌਰਾਨ ਇੱਕ ਹੋਰ ਮਹਿਲਾ ਨੇ ਵੀ ਬਾਜ਼ਾਰ ਵਿੱਚ ਰੌਲਾ ਪਾ ਦਿੱਤਾ ਹੈ ਕਿ ਉਸ ਦੇ ਪਰਸ ਵਿੱਚੋਂ ਪੰਜਾਹ ਹਜ਼ਾਰ ਰੁਪਏ ਚੋਰੀ ਹੋ ਗਏ ਹਨ। ਉਸ ਦਾ ਵੀ ਕਹਿਣਾ ਸੀ ਕਿ ਉਸ ਦੇ ਕੋਲੋਂ ਤਿੰਨ-ਚਾਰ ਔਰਤਾਂ ਮੂੰਹ ਲਪੇਟੀ ਆਈਆਂ ਸਨ, ਜੋ ਵਾਰ-ਵਾਰ ਉਸ ਵਿੱਚ ਟਕਰਾ ਰਹੀਆਂ ਸਨ। ਬਾਜ਼ਾਰ ਵਿੱਚ ਦੁਕਾਨਦਾਰਾਂ ਦਾ ਕਹਿਣਾ ਸੀ ਕਿ ਕਈ ਵਾਰ ਰਾਤ ਨੂੰ ਦੁਕਾਨਾਂ ਦੇ ਬਾਹਰ ਲੱਗੇ ਸੀ ਸੀ ਟੀ ਵੀ ਕੈਮਰਿਆਂ ਦੀਆਂ ਤਾਰਾਂ ਕੱਟੀਆਂ ਜਾਂਦੀਆਂ ਹਨ। ਇਨ੍ਹਾਂ ਸਾਰਿਆਂ ਨੂੰ ਸ਼ੱਕ ਹੈ ਕਿ ਇਹ ਉਸੇ ਚੋਰ ਗਿਰੋਹ ਦਾ ਕੰਮ ਹੈ, ਜੋ ਕਾਫੀ ਸਮੇਂ ਤੋਂ ਔਰਤਾਂ ਨਾਲ ਮਿਲ ਕੇ ਚੋਰੀ ਦੀਆਂ ਵਾਰਦਾਤਾਂ ਕਰ ਰਿਹਾ ਹੈ। ਥਾਣਾ ਨੰਬਰ ਚਾਰ ਦੇ ਇੰਚਾਰਜ ਰਛਪਾਲ ਸਿੰਘ ਨੇ ਕਿਹਾ ਕਿ ਇੱਕ ਮਹਿਲਾ ਨੇ ਪਰਸ ਵਿੱਚੋਂ ਪੰਜਾਹ ਹਜ਼ਾਰ ਰੁਪਏ ਨਿਕਲਣ ਦੀ ਗੱਲ ਕਹੀ ਸੀ, ਪ੍ਰੰਤੂ ਉਸ ਨੇ ਵੀ ਲਿਖਤੀ ਸ਼ਿਕਾਇਤ ਨਹੀਂ ਦਿੱਤੀ।

## ਟੌਹਰ ਲਈ ਰੱਖੇ ਅਸਲੇ ਦੇ ਲਾਇਸੈਂਸ ਰੱਦ ਹੋਣਗੇ

ਲੁਧਿਆਣਾ, 13 ਜਨਵਰੀ (ਪੋਸਟ ਬਿਊਰੋ)- ਸਿਫ਼ਾਰਸ਼ਾਂ ਅਤੇ ਪੈਸੇ ਦੇ ਜ਼ੋਰ 'ਤੇ ਟੌਹਰ ਲਈ ਅਸਲਾ ਰੱਖਣ ਵਾਲੇ ਲੋਕਾਂ ਦੇ ਖ਼ਿਲਾਫ਼ ਲੁਧਿਆਣਾ ਪੁਲਸ ਨੇ ਸਖ਼ਤੀ ਸ਼ੁਰੂ ਕਰ ਦਿੱਤੀ ਹੈ। ਪੁਲਸ ਨੇ ਬਿਨਾਂ ਲੋੜ ਤੋਂ ਅਸਲਾ ਰੱਖਦੇ ਲੋਕਾਂ ਦੀ ਭਾਲ ਲਈ ਇੱਕ ਵਾਰ ਫਿਰ ਜਾਂਚ ਦਾ ਕੰਮ ਸ਼ੁਰੂ ਕਰ ਦਿੱਤਾ ਹੈ ਜਿਸ ਹੇਠ ਘਰ-ਘਰ ਜਾ ਕੇ ਉਨ੍ਹਾਂ ਦੇ ਲਾਇਸੈਂਸਾਂ ਬਾਰੇ ਜਾਂਚ ਕਰ ਰਹੀ ਹੈ। ਇਨ੍ਹਾਂ ਦਾ ਸਾਰਾ ਵੇਰਵਾ ਤਿੰਨ ਮਹੀਨੇ 'ਚ ਪੁਲਸ ਕਮਿਸ਼ਨਰ ਨੂੰ ਭੇਜਿਆ ਜਾਵੇਗਾ। ਸਨਅਤੀ ਸ਼ਹਿਰ ਵਿੱਚ ਪਿਛਲੇ ਸਮੇਂ ਦੌਰਾਨ ਕਈ ਵਾਰ ਗੋਲੀਆਂ ਚੱਲਣ ਦੀਆਂ ਘਟਨਾਵਾਂ ਵਾਪਰੀਆਂ ਹਨ ਜਿਸ ਤੋਂ ਬਾਅਦ ਏਥੇ ਪੁਲਸ ਨੇ ਅਸਲਾ ਰੱਖਣ ਵਾਲੇ ਲੋਕਾਂ ਦੀ ਮੁੜ ਜਾਂਚ ਦੀ ਮੁਹਿੰਮ ਸ਼ੁਰੂ ਕੀਤੀ ਹੈ। ਇਸ ਨਾਲ ਪੁਲਸ ਪਤਾ ਲਾਏਗੀ ਕਿ ਜਿਸ ਨੂੰ ਪੁਲਸ ਨੇ ਅਸਲਾ ਲਾਇਸੈਂਸ ਜਾਰੀ ਕੀਤਾ ਹੈ, ਕੀ ਉਸ ਨੂੰ ਅਸਲ ਵਿੱਚ ਅਸਲਾ ਰੱਖਣ ਦੀ ਲੋੜ ਹੈ। ਇਸ ਤੋਂ ਇਲਾਵਾ ਅਸਲਾ ਲਾਇਸੈਂਸ ਰੀਨਿਊ ਕਰਨ ਵੇਲੇ ਸਿਵਲ ਹਸਪਤਾਲ ਤੋਂ ਡੋਪ ਟੈਸਟ, ਉਸ 'ਤੇ ਅਪਰਾਧਿਕ ਕੇਸਾਂ ਦੀ ਜਾਂਚ ਕੀਤੀ ਜਾਏਗੀ। ਪੁਲਸ ਵੱਲੋਂ ਸਾਲ 2010 ਤੋਂ ਬਾਅਦ ਬਣੇ ਅਸਲਾ ਲਾਇਸੈਂਸਾਂ ਦੀ ਜਾਂਚ ਕੀਤੀ ਜਾ ਰਹੀ ਹੈ।


### 2 bedroom basement available

Available from 1st week of February Well clean and fully furnished 2 bedroom basement is available for rent in Malton area near Singh sabha gurdwara. Internet and laundry available.

Call 905-848-5464


# ਧੀਆਂ ਦਾ 26ਵਾਂ ਲੋਹੜੀ ਮੇਲਾ ਲੜਕੇ ਅਤੇ ਲੜਕੀ 'ਚ ਕੋਈ ਅੰਤਰ ਨਹੀਂ ਦਾ ਸੰਦੇਸ਼ ਦਿੰਦਾ ਸਮਾਪਤ

### ਕੈਨੇਡਾ ਤੋ ਮਨਧੀਰ ਕੌਰ ਮੰਨੂ ਅਲਬੇਲ ਸਿੰਘ ਯਾਦਗਾਰੀ ਅਵਾਰਡ ਨਾਲ ਸਨਮਾਨਿਤ

### 31 ਨਵ-ਜੰਮੀਆਂ ਬੱਚੀਆਂ ਨੂੰ ਤੋਹਫੇ ਭੇਂਟ ਕੀਤੇ







ਲੁਧਿਆਣਾ, 13 ਜਨਵਰੀ (ਗਿਆਨ ਸਿੰਘ): ਮਾਲਵਾ ਸੱਭਿਆਚਾਰਕ ਮੰਚ ਵੱਲੋਂ ਆਯੋਜਿਤ ਧੀਆਂ ਦੇ 26ਵੇਂ ਲੋਹੜੀ ਮੇਲੇ ਦਾ ਉਦਘਾਟਨ ਜਿਲ੍ਹਾ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਪ੍ਰਦੀਪ ਕੁਮਾਰ ਅੱਗਰਵਾਲ ਨੇ ਕਰਦਿਆਂ ਹੋਇਆਂ ਕਿਹਾ ਕਿ ਇਸ ਤਰ੍ਹਾਂ ਦੇ ਮੇਲਿਆਂ ਨਾਲ ਯਕੀਨੀ ਤੌਰ ਤੇ ਸਮਾਜ ਵਿੱਚ ਇਕ ਚੰਗਾ ਸੰਦੇਸ਼ ਜਾਂਦਾ ਹੈ । ਉਹਨਾਂ ਕਿਹਾ ਕਿ ਸਮੇਂ ਦੀ ਤਬਦੀਲੀ ਦੇ ਨਾਲ ਮਹਿਲਾਵਾਂ ਨੇ ਵੀ ਹਰ ਖੇਤਰ ਵਿੱਚ ਇਕ ਅਹਿਮ ਸਥਾਨ ਹਾਸਲ ਕੀਤਾ ਹੈ । ਮੁੱਖ ਮਹਿਮਾਨ ਦੇ ਰੂਪ ਵਿੱਚ ਮੈਂਬਰ ਪਾਰਲੀਮੈਂਟ ਰਵਨੀਤ ਸਿੰਘ ਬਿੱਟੂ ਨੇ ਮੇਲੇ ਵਿੱਚ ਹਾਜ਼ਰੀ ਭਰੀ । ਡਿਪਟੀ ਕਮਿਸ਼ਨਰ ਲੁਧਿਆਣਾ ਪ੍ਰਦੀਪ ਕੁਮਾਰ ਅੱਗਰਵਾਲ, ਮੰਚ ਦੇ ਸਰਪ੍ਰਸਤ ਮਲਕੀਤ ਸਿੰਘ ਦਾਖਾ, ਚੇਅਰਮੈਨ ਕ੍ਰਿਸ਼ਨ ਕੁਮਾਰ ਬਾਵਾ, ਪ੍ਰਧਾਨ ਰਾਜੀਵ ਕੁਮਾਰ ਲਵਲੀ, ਵਿਧਾਇਕ ਮਾਨਸਾ ਨਾਜ਼ਰ ਸਿੰਘ ਮਾਨਸ਼ਾਹੀਆਂ, ਮੇਅਰ ਬਲਕਾਰ ਸਿੰਘ ਸੰਧੂ, ਕੌਂਸਲਰ ਮਮਤਾ ਆਸ਼ੂ, ਮੰਚ ਦੀ ਮਹਿਲਾ ਵਿੰਗ ਦੀ ਪ੍ਰਧਾਨ ਕੌਂਸਲਰ ਬਰਜਿੰਦਰ ਕੌਰ,ਪ੍ਰੋ: ਗੁਰਭਜਨ ਸਿੰਘ ਗਿੱਲ, ਕੌਂਸਲਰ ਗੁਰਦੀਪ ਸਿੰਘ ਨੀਟੂ, ਕਾਂਗਰਸੀ ਨੇਤਾ ਕੁਲਵੰਤ ਸਿੱਧੂ, ਬਲਜਿੰਦਰ ਸਿੰਘ ਕਲਸੀ, ਜਰਨੈਲ ਸਿੰਘ ਤੂਰ, ਬਲਵੰਤ ਸਿੰਘ ਧਨੋਆ, ਅਮਰਿੰਦਰ ਸਿੰਘ ਜੱਸੋਵਾਲ ਅਤੇ ਪ੍ਰਚਾਰ ਸਕੱਤਰ ਰੇਸ਼ਮ ਸਿੰਘ ਸੱਗੂ ਨੇ ਅੱਜ ਇੱਥੇ ਪੰਜਾਬੀ ਭਵਨ ਵਿਖੇ ਧੀਆਂ ਦੇ ਲੋਹੜੀ ਮੇਲੇ ਦੇ ਮੌਕੇ ਤੇ ਵੱਖ-ਵੱਖ ਖੇਤਰਾਂ ਦੀਆਂ 5 ਪ੍ਰਮੁੱਖ ਸਖਸ਼ੀਅਤਾਂ ਅੰਤਰ-ਰਾਸ਼ਟਰੀ ਰੈਸਲਰ ਦਲੀਪ ਸਿੰਘ ਖਲੀ ਨੂੰ ਮੁਹੰਮਦ ਅਲੀ ਯਾਦਗਾਰੀ ਅਵਾਰਡ, ਗੀਤਕਾਰ ਅਤੇ ਲੇਖਕ ਸ਼ਮਸ਼ੇਰ ਸਿੰਘ ਸੰਧੂ ਨੂੰ ਗੁਰਦੇਵ ਸਿੰਘ ਮਾਨ ਯਾਦਗਾਰੀ ਅਵਾਰਡ, ਕਰਮਜੀਤ ਅਨਮੋਲ ਨੂੰ ਉਸਤਾਦ ਜਸਵੰਤ ਭੰਵਰਾ ਯਾਦਗਾਰੀ ਅਵਾਰਡ, ਪ੍ਰੈਸ ਕੈਨੇਡਾ ਮਨਧੀਰ ਕੌਰ ਮੰਨੂ ਨੂੰ ਅਲਬੇਲ ਸਿੰਘ ਯਾਦਗਾਰੀ ਅਵਾਰਡ, ਪੰਕਜ ਸ਼ਰਮਾ ਨੂੰ ਓਮ ਪ੍ਰਕਾਸ਼ ਮੁੰਜਾਲ ਯਾਦਗਾਰੀ ਅਵਾਰਡ ਅਤੇ ਗੋਲਡ ਮੈਡਲ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ । ਇਸੇ ਸਮਾਰੋਹ ਦੌਰਾਨ ਮੈਂਬਰ ਪਾਰਲੀਮੈਂਟ ਰਵਨੀਤ ਸਿੰਘ ਬਿੱਟੂ ਅਤੇ ਮੇਲਾ ਪ੍ਰਬੰਧਕਾਂ ਨੇ 31 ਨਵ-ਜੰਮੀਆਂ ਬੱਚੀਆਂ ਨੂੰ ਸ਼ਗੂਨ, ਕਪੜੇ ਅਤੇ ਖਿਡੌਣੇ ਭੇਂਟ ਕਰਕੇ ਉਹਨਾਂ ਦੇ ਉਜਵੱਲ ਭਵਿੱਖ ਲਈ ਵੀ ਕਾਮਨਾ ਕੀਤੀ । ਗਾਇਕੀ ਦੇ ਖੁੱਲ੍ਹੇ ਅਖਾੜੇ ਦੀ ਸ਼ੁਰੂਆਤ ਗਾਇਕ ਪਾਲੀ ਦੇਤਵਾਲੀਆ ਨੇ ਧੀਆਂ ਦੇ ਗੀਤ ਨਾਲ ਕੀਤੀ । ਸੂਫੀ ਗਾਇਕ ਕੰਵਰ ਗਰੇਵਾਲ ਨੇ ਆਪਣੇ ਸੂਫਿਆਨਾ ਰੰਗ ਵਿੱਚ ਕੀਤੀ ਤਾਂ ਦਰਸ਼ਕ ਮੰਤਰ ਮੁਗਧ ਹੋ ਗਏ । ਗਾਇਕ ਕਰਮਜੀਤ ਅਨਮੋਲ ਨੇ ਬੁਲੰਦ ਆਵਾਜ ਵਿੱਚ ਜਦੋਂ ਆਪਣੀ ਗਾਇਕੀ ਦੀ ਖੂਬਸੂਰਤ ਪੇਸ਼ਕਾਰੀ ਕੀਤਾਂ ਤਾਂ ਦਰਸ਼ਕ ਤਾਲੀਆਂ ਵਜਾਉਂਦੇ ਹੋਏ ਭੰਗੜਾ ਪਾਉਣ ਲੱਗ ਪਏ । ਗਾਇਕਾ ਜੈਸਮੀਨ ਧੀਮਾਨ ਦੇ ਬਹੁਤ ਹੀ ਪਿਆਰੇ ਗੀਤ ਨੇ ਮੇਲੇ ਨੂੰ ਸ਼ਿਖਰਾਂ ਤੇ ਪਹੁੰਚਾ ਦਿੱਤਾ । ਗਾਇਕ ਦਲੇਰ ਮਹਿੰਦੀ ਨੇ ਆਪਣੇ ਹੀ ਅੰਦਾਜ ਵਿੱਚ ਗੀਤ ਦੀ ਪੇਸ਼ਕਾਰੀ ਕਰਕੇ ਸਾਰਿਆਂ ਦਾ ਮਨ ਮੋਹ ਲਿਆ । ਲਵ ਅਤੇ ਮਨਜੋਤ ਅਤੇ ਨੌਜਵਾਨ ਰਣਬੀਰ ਸਿੰਘ ਦੀ ਗਾਇਕੀ ਦੀ ਜੋੜੀ ਦੀ ਪੇਸ਼ਕਾਰੀ ਕਮਾਲ ਦੀ ਰਹੀ। ਡਾ. ਏ.ਵੀ.ਐਮ. ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੀ ਗਿੱਧੇ ਅਤੇ ਭੰਗੜੇ ਦੀ ਟੀਮਾਂ ਨੇ ਕਮਾਲ ਦੀ ਪੇਸ਼ਕਾਰੀ ਨਾਲ ਮੇਲਾ ਲੁੱਟ ਲਿਆ । ਗਾਇਕਾ ਨੀਤੂ ਵਿਰਕ ਅਤੇ ਕਾਮੇਡੀ ਕਲਾਕਾਰਾਂ ਨੇ ਆਪਣੀ ਪੇਸ਼ਕਾਰੀ ਨਾਲ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕੀਤਾ । ਇਸ ਮੇਲੇ ਵਿੱਚ ਪ੍ਰੋ: ਮੋਹਨ ਸਿੰਘ ਮੈਮੋਰੀਅਲ ਫਾਊਡੇਸ਼ਨ ਦੇ ਪ੍ਰਧਾਨ ਪਰਗਟ ਸਿੰਘ ਗਰੇਵਾਲ, ਮਨਜੀਤ ਸਿੰਘ ਹੰਬੜਾਂ, ਬਲਦੇਵ ਬਾਵਾ, ਅਰਜੁਨ ਬਾਵਾ, ਸਾਬਕਾ ਕੌਂਸਲਰ ਆਸ਼ਾ ਗਰਗ, ਵਕੀਲ ਆਰ.ਐਲ. ਸੂਮਨ, ਬਲਜਿੰਦਰ ਸਿੰਘ, ਮਨੋਹਰ ਸਿੰਘ ਗਿੱਲ, ਸਾਜਨ ਜਗਰਾਓਂ, ਤਰਸੇਮ ਜਸੂਜਾ, ਸ਼ਸ਼ੀ ਸੂਦ, ਸਰਵਣ ਕੌਰ ਸੱਗੂ, ਜਸਵੀਰ ਕੌਰ, ਪਰਮਜੀਤ ਕੌਰ, ਮਨਜੀਤ ਕੌਰ ਬਰਾੜ, ਨੀਰੂ ਸ਼ਰਮਾ, ਦਵਿੰਦਰ ਬਸੰਤ, ਮਨਜੀਤ ਕੌਰ ਪਮਾਲ, ਪੂਨਮ ਪੂਰੀ, ਸੰਗੀਤਾ ਭੰਡਾਰੀ, ਰੋਸ਼ਨ ਲਾਲ, ਉਮਰਾਵ ਸਿੰਘ, ਭੂਸ਼ਣ ਠੁਕਰਾਲ, ਅਸ਼ਵਨੀ ਅਰੋੜਾ, ਚਮਨ ਲਾਲ ਬੱਤਰਾ, ਅਮਰਜੀਤ ਸ਼ੇਰਪੁਰੀ ਸਮੇਤ ਵੱਡੀ ਗਿਣਤੀ ਵਿੱਚ ਕਲਾ ਪ੍ਰੇਮੀ ਸ਼ਾਮਲ ਹੋਏ। ਧੀਆਂ ਦਾ 26ਵਾਂ ਲੋਹੜੀ ਮੇਲਾ ਰਾਤ ਦੇ ਸਮੇਂ ਦਰਸ਼ਕਾਂ ਦੇ ਨਾਲ ਮਿਲ ਕੇ ਲੋਹੜੀ ਬਾਲਣ ਅਤੇ ਲੜਕ ਅਤੇ ਲੜਕੀ ਵਿੱਚ ਕੋਈ ਵੀ ਅੰਤਰ ਨਹੀਂ ਦਾ ਸੰਦੇਸ਼ ਦਿੰਦਾ ਹੋਇਆ ਸਮਾਪਤ ਹੋ ਗਿਆ । ਸਟੇਜ ਦਾ ਸੰਚਾਲਨ ਬਾਖੂਬੀ ਨਾਲ ਸਰਬਜੀਤ ਸਿੰਘ ਵਿਰਦੀ ਨੇ ਕੀਤਾ।


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Honesty, Reliability, Commitment
SELL FOR MORE BUY FOR LESS
- 1 yr Home Warranty
- We Help to get mortgage
Free valuation & Lowest Commission
- Special for First Time Home Buyer
OPEN HOUSE UNTIL SOLD
HIGHER STANDARDS FIVE STAR CERTIFIED TEAM
Silvercity
B. 905.913.8500
HIRA RANDHWA
Broker
416.319.0551
BHUPENDRA DHILLON
Sales Representative
647-896-1877
Hirarandhawa@yahoo.ca HiraRandhawa.com Dhillonbhupendra@hotmail.com

For SUPER-VISA INSURANCE, TRAVEL INSURANCE RESP
Call: 416-319-0551

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
- 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ
- Biweekly payment
- Homely Environment
- ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

amar
INTERMODAL • TRANSPORT • STORAGE
HIRING DRIVERS
for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0


Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
$1,000
Services:
- Complete Basement
- Tiles
- Bathrooms
- Plumbing
- Laminate
- Hardwood Floor
- Painting
A-1 RENOVATION GTA INC.
22 Listcreek Road, Brampton L6p 2n6

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ
- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection
Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8


FOR LEASE
Lease: $2,599
Bramalea / Sandalwood
ਅੱਪਰ ਲੇਵਲ ਲੀਜ਼ ਲਈ, ਵਧੀਆ ਕਿਚਨ ਨੂੰ ਕੁਆਰਟਜ਼ ਕਾਂਉਟਰ ਟਾਪ, ਵਾਕ ਆਉਟ ਡੈਕ, 3 ਬੈਡਰੂਮ, 1 1/2 ਵਾਸ਼ਰੂਮ, ਸਟੇਂਨਲੈਸ ਸਟੀਲ ਅਪਲਾਇੰਸਸ, 2 ਪਾਰਕਿੰਗ ਸਪਾਟਸ, ਖਾਲੀ ਬੈਸਮੈਂਟ ਜੋ ਕਿ ਰੈਂਟ ਤੇ ਦੀਤੀ ਜਾ ਸਕਦੀ ਹੈ। ਅੱਜ ਹੀ ਸੰਪਰਕ ਕਰੋ।


FOR SALE
$120,000
VAUGHAN
ਬਹੁਤ ਹੀ ਵਧੀਆ ਲੋਕੇਸ਼ਨ ਤੇ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚਲ ਰਿਹਾ ਬਿਊਟੀ ਸੇਲੂਨ। ਰੈਂਟ ਸਿਰਫ $3324/ਮਹੀਨਾ।


SOLD
Bovaird/Worthington
8 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ । ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ ।

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ? ਤਾਂ ਅੱਜ ਹੀ ਕਾਲ ਕਰੋ!
Looking for Experienced:
- Machine Operators
- AZ-DZ Drivers
- Forklift Driver
- Machine Mechanic
- Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਗਿਆਨ ਜੋਤੀ ਗਲੋਬਲ ਸਕੂਲ 'ਚ ਮਨਾਇਆ ਲੋਹੜੀ ਦਾ ਤਿਉਹਾਰ






ਮੋਹਾਲੀ, 13 ਜਨਵਰੀ (ਪੋਸਟ ਬਿਊਰੋ): ਗਿਆਨ ਜੋਤੀ ਗਲੋਬਲ ਸਕੂਲ, ਫੇਜ਼ ਦੋ ਵਿਖੇ ਲੋਹੜੀ ਦਾ ਇਹ ਤਿਉਹਾਰ ਹਰਸ਼ੋ-ਉਲਹਾਸ ਨਾਲ ਮਨਾਇਆ ਗਿਆ । ਇਸ ਮੌਕੇ ਤੇ ਲੱਕੜਾਂ ਜਲਾ ਕੇ ਲੋਹੜੀ ਦਾ ਭੁੱਗਾ ਵੀ ਬਾਲਿਆ ਗਿਆ। ਇਸ ਮੌਕੇ ਤੇ ਗਰੁੱਪ ਦੇ ਚੇਅਰਮੈਨ ਜੇ ਐੱਸ ਬੇਦੀ ਅਤੇ ਪ੍ਰਿਸੀਪਲ ਡਾਇਰੈਕਟਰ ਰਣਜੀਤ ਬੇਦੀ ਨੇ ਲੱਕੜਾਂ ਦਾ ਭੁੱਗਾ ਜਲਾਇਆ। ਵਿਦਿਆਰਥੀ ਅਤੇ ਸਮੂਹ ਸਟਾਫ਼ ਮੈਂਬਰਾਂ ਨੇ ਅੱਗ ਦੇ ਦੁਆਲੇ ਬੈਠ ਕੇ ਇਸ ਸਮਾਗਮ ਦਾ ਖ਼ੂਬ ਆਨੰਦ ਮਾਣਿਆਂ।

ਸਮਾਰੋਹ ਵਿਚ ਸੰਬੋਧਨ ਕਰਦੇ ਹੋਏ ਚੇਅਰਮੈਨ ਬੇਦੀ ਨੇ ਲੋਹੜੀ ਦੇ ਇਸ ਪਵਿੱਤਰ ਤਿਉਹਾਰ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆਂ ਕਿ ਲੋਹੜੀ ਦਾ ਤਿਉਹਾਰ ਆਉਣ ਤੇ ਠੰਢ ਘਟਣ ਦੇ ਦਿਨ ਸ਼ੁਰੂ ਹੋਣਾ ਮੰਨਿਆ ਜਾਂਦਾ ਹੈ । ਉਨ੍ਹਾਂ ਅੱਗੇ ਕਿਹਾ ਕਿ ਲੋਹੜੀ ਇਕ ਸਮਾਜਿਕ ਅਤੇ ਲੋਕ-ਤੱਥਾਂ ਨਾਲ ਜੁੜਿਆਂ ਹੋਇਆਂ ਤਿਉਹਾਰ ਹੈ ਜਿਸ ਵਿਚ ਸਮਾਜ ਦਾ ਹਰ ਵਰਗ ਹਿੱਸਾ ਲੈਂਦਾ ਹੈ ਅਤੇ ਇਹ ਤਿਉਹਾਰ ਹਰ ਧਰਮ,ਜਾਤ, ਕੌਮ ਵਿਚ ਏਕਤਾ ਦਾ ਪ੍ਰਤੀਕ ਹੈ । ਇਸ ਮੌਕੇ ਤੇ ਸਾਰੇ ਲੋਕ ਇਕ ਥਾਂ ਇਕੱਠੇ ਹੋਕੇ ਇਸ ਤਿਉਹਾਰ ਨੂੰ ਮਾਨਉਦੇਂ ਹਨ । ਇਸ ਦੇ ਨਾਲ ਹੀ ਪ੍ਰਿੰਸੀਪਲ ਡਾਇਰੈਕਟਰ ਰਣਜੀਤ ਬੇਦੀ ਨੇ ਸਮੂਹ ਵਿਦਿਆਰਥੀਆਂ ਅਤੇ ਸਟਾਫ਼ ਮੈਂਬਰਾਂ ਨੂੰ ਅਪੀਲ ਕੀਤੀ ਕਿ ਸਾਨੂੰ ਕੁੜੀਆਂ ਦੇ ਜਨਮ ਤੇ ਵੀ ਲੋਹੜੀ ਦਾ ਤਿਉਹਾਰ ਮਨਾਉਣਾ ਚਾਹੀਦਾ ਹੈ । ਹਾਲਾਂਕਿ ਪਹਿਲਾਂ ਮੁੰਡੇ ਦੇ ਜਨਮ ਤੇ ਹੀ ਲੋਹੜੀ ਮਨਾਈ ਜਾਂਦੀ ਸੀ ਪਰ ਅੱਜ ਸਮਾਂ ਬੇਸ਼ੱਕ ਬਦਲ ਗਿਆ ਹੈ ਅਤੇ ਕੁੜੀਆਂ ਦੇ ਜਨਮ ਤੇ ਵੀ ਲੋਹੜੀ ਮਨਾਈ ਜਾਣੀ ਸ਼ੁਰੂ ਹੋ ਗਈ ਹੈ ਪਰ ਮੰਜ਼ਿਲਾਂ ਹਾਲੇ ਦੂਰ ਹਨ । ਸਾਨੂੰ ਸਮਾਜ ਵਿਚੋਂ ਮੁੰਡੇ ਕੁੜੀ ਦੇ ਫ਼ਰਕ ਨੂੰ ਪੂਰੀ ਤਰਾਂ ਖ਼ਤਮ ਕਰਨਾ ਹੋਵੇਗਾ ।

ਇਸ ਮੌਕੇ ਤੇ ਵਿਦਿਆਰਥੀਆਂ ਨੇ ਜਿੱਥੇ ਕਈ ਸਹਿਤਕ ਪ੍ਰੋਗਰਾਮ ਪੇਸ਼ ਕੀਤੇ ਉੱਥੇ ਹੀ ਢੋਲ ਦੀ ਤਾਲ ਨੇ ਸਾਰੇਆਂ ਨੂੰ ਨੱਚਣ ਲਈ ਮਜਬੂਰ ਕਰ ਦਿਤਾ । ਇਸ ਮੌਕੇ ਤੇ ਵਿਦਿਆਰਥੀਆਂ ਨੇ ਪੰਜਾਬ ਦੇ ਹੀਰੋ ਦੁੱਲਾ ਭੱਟੀ ਦੀ ਯਾਦ ਵਿਚ ਸੁੰਦਰ ਮੁੰਦਰੀਏ" ਗੀਤ ਗਾ ਕੇ ਉਸ ਮਹਾਨ ਵਿਅਕਤੀ ਨੂੰ ਯਾਦ ਕੀਤਾ ਜਿਸ ਨੇ ਗ਼ਰੀਬਾਂ ਦੀ ਭਲਾਈ ਲਈ ਅਣਥੱਕ ਕੰਮ ਕੀਤੇ । ਵਿਦਿਆਰਥੀਆਂ ਵਿਚ ਮੂੰਗਫਲੀ,ਰਿਉੜੀਆਂ ਅਤੇ ਗੱਚਕ ਆਦਿ ਵੀ ਵੰਡੀ ਗਈ।

# ਇੰਡੋ ਗਲੋਬਲ 'ਚ ਮਨਾਈ ਲੋਹੜੀ, ਵਿਦਿਆਰਥੀਆਂ ਨੇ ਰੰਗਾਂ ਰੰਗ ਪ੍ਰੋਗਰਾਮ ਦੀ ਕੀਤੀ ਪੇਸ਼ਕਸ਼






ਮੋਹਾਲੀ, 13 ਜਨਵਰੀ (ਪੋਸਟ ਬਿਊਰੋ): ਇੰਡੋ ਗਲੋਬਲ ਗਰੁੱਪ ਆਫ਼ ਇੰਨਚਿਊਟਸ ਦੇ ਵਿਦਿਆਰਥੀਆਂ ਅਤੇ ਸਮੂਹ ਸਟਾਫ ਵਲੋਂ ਲੋਹੜੀ ਦਾ ਤਿਉਹਾਰ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਚੇਅਰਮੈਨ ਸੁਖਦੇਵ ਸਿੰਗਲਾ ਵਲੋਂ ਕੈਂਪਸ ਵਿਚ ਸਾਂਝੇ ਤੌਂਰ ਤੇ ਲੋਹੜੀ ਜਲਾ ਕੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ । ਇਸ ਮੌਕੇ ਤੇ ਵਿਦਿਆਰਥੀਆਂ ਅਤੇ ਸਮੂਹ ਸਟਾਫ ਨੇ ਲੋਹੜੀ ਵਿਚ ਤਿੱਲ, ਮੂੰਗਫਲੀ ਅਤੇ ਗੱਚਕ ਆਦਿ ਪਾਕੇ ਸ਼ਗਨ ਕਰਦੇ ਹੋਏ ਲੋਹੜੀ ਦੇ ਗੀਤ ਗਾਏ। ਇਸ ਦੇ ਨਾਲ ਹੀ ਵਿਦਿਆਰਥੀਆਂ ਵਲੋਂ ਇਕ ਰੰਗਾ-ਰੰਗ ਪ੍ਰੋਗਰਾਮ ਦਾ ਆਯੋਜਨ ਵੀ ਕੀਤਾ ਗਿਆ। ਜਿਸ ਵਿਚ ਸਾਰੇ ਵਿਦਿਆਰਥੀਆਂ ਨੇ ਹਿੱਸਾ ਲਿਆ। ਇਸ ਮੌਕੇ ਤੇ ਵਿਦਿਆਰਥੀਆਂ ਨੇ ਗਿੱਧਾ,ਭੱਗੜਾ ਅਤੇ ਸੱਕਿਟਾਂ ਆਦਿ ਪੇਸ਼ ਕੀਤੀਆਂ, ਜਿਸ ਦਾ ਸਾਰੇਆਂ ਨੇ ਖੂਬ ਆਨੰਦ ਮਾਣਿਆ।

ਇਸ ਪ੍ਰੋਗਰਾਮ ਦੇ ਅੰਤ ਵਿਚ ਚੇਅਰਮੈਨ ਸੁਖਦੇਵ ਸਿੰਗਲਾ ਅਤੇ ਸੀ ਈ ਓ ਮਾਨਵ ਸਿੰਗਲਾ ਨੇ ਸਾਰੇ ਵਿਦਿਆਰਥੀਆਂ ਨੂੰ ਇਸ ਪੱਵਿਤਰ ਤਿਉਹਾਰ ਦੀ ਵਧਾਈ ਦਿੰਦੇ ਹੋਏ ਲੋਹੜੀ ਦੇ ਇਸ ਤਿਉਹਾਰ ਦੇ ਇਤਿਹਾਸ ਸਬੰਧੀ ਜਾਣਕਾਰੀ ਦਿਤੀ ਅਤੇ ਦੱਸਿਆ ਕਿ ਲੋਹੜੀ ਦੇ ਤਿਉਹਾਰ ਤੋਂ ਬਾਦ ਠੰਢ ਘੱਟਣੀ ਸ਼ੁਰੂ ਹੋ ਜਾਂਦੀ ਹੈ। ਇਸ ਦੇ ਇਲਾਵਾ ਲੋਹੜੀ ਦਾ ਤਿਉਹਾਰ ਕਈ ਸਮਾਜਿਕ ਅਤੇ ਲੋਕ ਤੱਥਾਂ ਨਾਲ ਜੁੜਿਆ ਹੋਇਆ ਹੈ। ਅੰਤ ਵਿਚ ਇੰਡੋਂ ਗਲੋਬਲ ਦੀ ਚੇਅਰਪਰਸਨ ਨੀਲਮ ਸਿੰਗਲਾ ਨੇ ਸਾਰੇ ਵਿਦਿਆਰਥੀਆਂ ਅਤੇ ਸਟਾਫ ਮੈਂਬਰਾਂ ਨੂੰ ਲੋਹੜੀ ਦੀ ਸ਼ੁਭਕਾਮਨਾਵਾਂ ਅਤੇ ਵਧਾਈ ਦਿਤੀ ।

# ਸੀ ਜੀ ਸੀ ਝੰਜੇੜੀ ਕੈਂਪਸ 'ਚ ਮਾਂਵਾਂ ਠੰਢੀਆਂ ਛਾਵਾਂ ਥੀਮ ਹੇਠ ਮਨਾਇਆ ਗਿਆ ਲੋਹੜੀ ਦਾ ਤਿਉਹਾਰ








ਪ੍ਰੈਜ਼ੀਡੈਂਟ ਰਛਪਾਲ ਸਿੰਘ ਧਾਲੀਵਾਲ ਅਤੇ ਅਦਾਕਾਰਾ ਸਵਿਤਾ ਭੱਟੀ ਲੋਹੜੀ ਜਲਾ ਕੇ ਸਮਾਗਮ ਦੀ ਸ਼ੁਰੂਆਤ ਕਰਦੇ ਹੋਏ।




ਮੋਹਾਲੀ, 13 ਜਨਵਰੀ (ਪੋਸਟ ਬਿਊਰੋ): ਚੰਡੀਗੜ੍ਹ ਗਰੁੱਪ ਆਫ਼ ਕਾਲਜ਼ਿਜ ਦੇ ਝੰਜੇੜੀ ਕੈਂਪਸ ਵਿਖੇ ਲੋਹੜੀ ਦਾ ਤਿਉਹਾਰ ਸਮੁੱਚੀ ਦੁਨੀਆਂ ਨੂੰ ਮਾਵਾਂ ਠੰਢੀਆਂ ਛਾਵਾਂ ਦਾ ਸੁਨੇਹਾ ਦਿੰਦੇ ਹੋਏ ਧੂਮ-ਧਾਮ ਨਾਲ ਮਨਾਇਆ ਗਿਆ। ਨਵੀਂ ਜ਼ਿੰਦਗੀ ਦਾ ਪ੍ਰਤੀਕ ਤਿਉਹਾਰ ਲੋਹੜੀ ਦੀ ਪੂਰਵ ਸੰਧਿਆ ਮੌਕੇ ਪ੍ਰੈਜ਼ੀਡੈਂਟ ਰਛਪਾਲ ਸਿੰਘ ਧਾਲੀਵਾਲ ਅਤੇ ਮਸ਼ਹੂਰ ਅਦਾਕਾਰਾ ਸਵਿਤਾ ਭੱਟੀ ਨੇ ਲੋਹੜੀ ਜਲਾ ਕੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। ਜਦ ਕਿ ਖ਼ੂਬਸੂਰਤ ਸਮਾਰੋਹ ਵਿਚ ਸਟਾਫ਼ ਮੈਂਬਰ ਅਤੇ ਐਮ.ਬੀ.ਏ, ਬੀ.ਟੈੱਕ,ਬੀ.ਬੀ.ਏ,ਬੀ.ਸੀ.ਏ ਅਤੇ ਬੀ.ਐਂਡ ਦੇ ਵਿਦਿਆਰਥੀਆ ਨੇ ਵੀ ਹਿੱਸਾ ਲਿਆ। ਮੁੱਖ ਮਹਿਮਾਨ ਸਵਿਤਾ ਭੱਟੀ ਨੇ ਕੈਂਪਸ ਵਿਚ ਮਨਾਏ ਜਾ ਰਹੇ ਥੀਮ ਮਾਵਾਂ ਠੰਢੀਆਂ ਛਾਵਾਂ ਥੀਮ ਨੇ ਚਰਚਾ ਕਰਦੇ ਹੋਏ ਇਕ ਮਾਂ ਦੇ ਨਿਰਸਵਾਰਥ ਕਿਰਦਾਰ ਤੇ ਚਰਚਾ ਕੀਤੀ।

ਪ੍ਰੈਜ਼ੀਡੈਂਟ ਰਛਪਾਲ ਸਿੰਘ ਧਾਲੀਵਾਲ ਨੇ ਇਸ ਮੌਕੇ ਤੇ ਸਭ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਅਸੀ ਉਮੀਦ ਕਰਦੇ ਹਾ ਕਿ ਲੋਹੜੀ ਵਿਦਿਆਰਥੀਆ ਅਤੇ ਅਧਿਆਪਕਾਂ ਦੇ ਜੀਵਨ ਵਿਚ ਖ਼ੁਸ਼ੀਆਂ ਲੈ ਕੇ ਆਵੇ। ਉਨ੍ਹਾਂ ਲਿੰਗ ਅਨੁਪਾਤ ਦੀ ਗਿਰਾਵਟ ਤੇ ਗੰਭੀਰਤਾ ਜਤਾਉਂਦੇ ਹੋਏ ਕਿਹਾ ਕਿ ਲੜਕੀਆਂ ਦਾ ਪਰਿਵਾਰ ਵਿਚ ਸਮਾਨ ਰੂਪ ਵਿਚ ਸਵਾਗਤ ਕੀਤਾ ਜਾਣਾ ਚਾਹੀਦਾ ਹੈ ਅਤੇ ਲੋਹੜੀ ਦਾ ਜਸ਼ਨ ਨਵਜਾਤ ਲੜਕੇ ਅਤੇ ਲੜਕੀਆਂ ਦੋਹਾ ਲਈ ਮਨਾਉਣਾ ਚਾਹੀਦਾ ਹੈ।

ਇਸ ਮੌਕੇ ਤੇ ਕਾਲਜ ਕੈਂਪਸ ਦਾ ਮਾਹੌਲ ਕਾਫੀ ਉਤਸ਼ਾਹ ਪੂਰਨ ਨਜ਼ਰ ਆ ਰਿਹਾ ਸੀ। ਲੋਹੜੀ ਦੇ ਅਵਸਰ ਤੇ ਵਿਦਿਆਰਥੀਆਂ ਵੱਲੋਂ ਕਈ ਲੋਕ ਗੀਤ,ਬੋਲੀਆਂ ਅਤੇ ਡਾਸ ਪੇਸ਼ ਕੀਤੇ ਗਏ ਪਰ ਬੋਲੀਆਂ ਨੇ ਸਭ ਦਾ ਦਿਲ ਜਿਤ ਲਿਆ। ਵਿਦਿਆਰਥੀਆ ਨੇ ਪੰਜਾਬੀ ਪਹਿਰਾਵਾ ਪਾ ਕੇ 'ਸੁੰਦਰ ਮੁੰਦਰੀਏ', 'ਹੁੱਕਾ ਬਈ ਹੁੱਕਾ' ਆਦਿ ਪੇਸ਼ ਕੀਤੇ। ਵਿਦਿਆਰਥੀਆ ਨੇ ਇਸ ਉਤਸਵ ਦਾ ਅਗਨੀ ਦੀ ਗਰਮੀ ਵਿਚ ਮੂੰਗਫਲੀ ਅਤੇ ਗੁੜ ਨਾਲ ਅਨੰਦ ਲਿਆ। ਅਖੀਰ 'ਚ ਪ੍ਰੈਜ਼ੀਡੈਂਟ ਰਛਪਾਲ ਸਿੰਘ ਧਾਲੀਵਾਲ ਨੇ ਸਾਰਿਆਂ ਨੂੰ ਲੋਹੜੀ ਦੀਆਂ ਵਧਾਈਆਂ ਦਿੰਦੇ ਹੋਏ ਉਨ੍ਹਾਂ ਦੇ ਸਫਲ ਜੀਵਨ ਦੀ ਕਾਮਨਾ ਕੀਤੀ।

NEED A LAWYER ??
KAUR LAW OFFICE
Red Seal NOTARY



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

FRANCHISES REQUIRED for Greece, Italy, Austria, Germany, Spain
PERMANENT IMMIGRATION
Canada within 6-12 Months

We have confirmed job offers from Canadian Employers for:
- Cooks
- Truck Drivers
- Auto/Diesel Mechanics
- Dairy Farm Workers
- Welders
- IT Technician
- Nurses
- Machinist
- Carpenters
- Brick Layer
- Food & Beverage Supervisors
- Meat Cutters
- Air Condition Technicians
- Fish Plant Workers
- Construction Workers & lots of other Positions

Invest $200,000 (CAD) & Immigrate with family under Business Immigration



Subhash Punia
Immigration Counsel


Fast Track Immigration Under INVESTORS CLASS IMMIGRATION

Atlantic Immigration

By Appointment
MON-FRI
9:30AM - 5:30PM

2980 Drew rd. #230, Mississauga, ON L4T 0A7 | 905.362.0202 | 905.362.2158

# Dr. Randhawa Dentistry



*Your own dentist who really cares for you*

**We Provide the following Services:**


- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

**Dr. Samreet Kaur Randhawa**
General Family Dentist

New Patients welcome
Deal Directly with all Insurance Companies

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

**INVISALIGN & BRACES INCLUDING CLEAR BRACES**
*Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ*
*Show Your Smile More With Invisible Braces!*



**NEW LOCATION**
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

**FIRST LOCATION**
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

Mayfield Rd · Mcvean Dr · Gore Rd · DENTISTRY · Squire Ellis Dr · Countryside Dr



# ਘਰ ਵੇਚਣਾ ਜਾਂ ਖਰੀਦਣਾ ਚਾਹੁੰਦੇ ਹੋ?



Anabela Serra
Sales Representative

ਸੰਪਰਕ ਕਰੋ:
416-400-5825

ROYAL LEPAGE
SUPREME REALTY, BROKERAGE
INDEPENDENTLY OWNED AND OPERATED


You're Invited To..

## OPEN HOUSE

Saturday/Sunday 2pm to 4pm

"ਟੋਰਾਂਟੋ ਵਿੱਚ ਬਹੁਤ ਹੀ ਵਧੀਆ ਲੋਕੇਸ਼ਨ ਤੇ"

1 Lagos Road | Etobicoke, Ontario



This Astounding Fully Renovated 3 Bedroom Home Features Top Quality Materials With Tasteful Finishes, Great Workmanship And Attention To Detail. Gleaming Hardwood Flooring Throughout, And 3 Sparkling New Bathrooms. Brand New Stainless Steel Appliances In Chefs Delight Kitchen. Separate Entrance To Basement, Possibility Of A Bachelor Apartment. Steps Away From Elementary School, Parks, Kipling Plaza And Public Library.

For More listings Visit anabelaserra.com



# ASIAN FOOD CENTRE — Lohri SALE

www.AsianFoodCentre.com | 9TH JAN TO 19TH JAN 2020 | Fresh Fruits, Vegetables, Indian & Canadian Grocery

| Product | Price | Regular |
|---|---|---|
| GOLDEN TEMPLE (YELLOW BAG 20LB) / ASHIRVAD ATTA (10KG) | $9.99 EA | REG.$11.99 |
| PILLSBURRY MULTIGRAIN ATTA | $12.99 20LB | REG.$14.99 |
| SHER DESI STYLE ATTA | $9.99 EA | REG.$10.99 |
| HERO ATTA | $6.99 EA | REG.$7.99 |
| 817 RICE | $10.99 8.8 LB | REG.$ 12.99 |
| INDIA GATE ROZZANA RICE | $8.99 10LB | REG.$10.99 |
| AFC DIAMOND RICE | $7.99 10LB | REG.$8.99 |
| RED LABLE TEA | $6.99 900 G | REG.$7.99 |
| MITCHELL'S SARSON KA SAAG | $2.29 300G | REG.$2.99 |
| NESTLE FRUITA VITALS JUICE | $1.99 EA | REG.$2.49 |
| MITCHELL'S ASST SAUCE | $1.99 300G | REG.$2.49 |
| TRUST SUGAR | $7.99 5KG | REG.$8.99 |
| TRUST SUGAR | $19.99 13LB | REG.$24.99 |
| RED LABEL TEA | $6.99 216 BAG | REG.$ 8.99 |
| MOTHER'S PICKLE | $2.99 500G | REG.$ 3.99 |
| POPULAR PARATHA 25PCS | $5.99 EA | REG.$6.99 |
| DABUR REAL JUICE (EXCEPT:AAMPANA) | $1.49 200ML | REG.$2.49 |
| KASTURI TOOR DAAL(10LB) | $10.99 10LB | REG.$ 12.00 |
| MAGGI ASST SAUCE | $3.29 340ML | REG.$4.29 |
| ASEEL GHEE | $5.99 1KG | REG.$6.99 |
| RED LENTIL | $2.99 4LB | REG.$3.99 |
| MASSAR WHOLE | $2.99 4LB | REG.$3.99 |
| BLACK CHANA | $2.99 4LB | REG.$4.99 |
| TEA INDIA | $7.99 216 BAGS | REG.$ 8.99 |
| DEEP CUT/WHOLE OKRA | $1.49 EA | REG.$ 1.79 |
| SILKY BATHROOM TISSUE (8ROLLS) | BUY 1 GET 1 FREE $5.99 + TAX | |
| MTR DOSA, RAVA DOSA RAVA IDLI, RICE IDLI & UTTAPAM | $1.99 500G | REG.$2.49 |
| APNA TASTE RASMALAI | $6.99 EA | REG.$7.99 |
| APNA TASTE GULAB JAMUN | $4.99 EA | REG.$5.99 |
| MTR READY TO EAT | $1.49 EA | REG.$2.49 |
| MAZOLA CANOLA / CORN OIL | $7.99 2.84L | REG.$ 8.99 |
| VERKA BROWN SUGAR | $8.99 10LB | REG.$9.99 |
| YIPPEE NOODLES | 6 FOR $1 75G | REG.$2.00 |
| SAVERA PANEER | $4.19 EA | REG.$4.99 |
| FRONTIER COOKIES | $4.29 2LB | REG.$4.99 |
| BALAJI MUSTARD OIL | $3.79 800ML | REG.$5.99 |
| DEEP DAHI VADA | $2.49 EA | REG.$3.29 |
| FROOTI MANGO JUICE | $1.49 1L | REG.$1.99 |
| ALSHIFA HONEY | $5.99 500G | REG.$7.99 |
| SAVERA RASMALAI | $5.99 EA | REG.$6.99 |
| MTR VERMICELLI | $2.29 900G | REG.$2.99 |
| QUALITY KESAR MANGO PULP | $2.29 EA | REG.$2.99 |

REWARI, PEANUT GACHAK & LOHRI GIFT AVAIABLE

**ETOBICOKE** 10 Westmore Dr. 416-740-3262 (MEAT SHOP AVAILABLE)
**MISSISSAUGA** 1075 Ceremonial Dr. 905-502-1600 (MEAT SHOP AVAILABLE)
**BRAMPTON** 621 Wanless Dr. 905-495-3336 (MEAT SHOP AVAILABLE)
**BRAMPTON** 2120 N Park Dr. 905-793-1338 (MEAT SHOP AVAILABLE)
**BRAMPTON** 80 Pertosa Dr. 905-460-0009
**BRAMPTON** 40 Airport RD & Lacoste Blvd. 905-794-8109 (MEAT SHOP AVAILABLE)
**BRAMPTON** 10510 Torbram Rd. 905-790-0030
**BRAMPTON** 10 Pannahill Dr. 905-913-8017 (MEAT SHOP AVAILABLE)

TOLL FREE 1-800-708-9232

We reserve the right to limit the quantity. Prices subject to change without notice, while supplies last. Product images are for illustration purpose only. Design by InfoTech Media

